Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-5, ਅੰਕ-8, ਸਤੰਬਰ 2015
Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਕੈਨੇਡਾ ਦਾ ਚੋਣ ਦੰਗਲ



**ਡਾ ਬਲਜਿੰਦਰ ਸਿੰਘ ਸੇਖੋਂ**

**ਡਾ. ਬਲਜਿੰਦਰ ਸਿੰਘ ਸੇਖੋਂ ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਹਨ। ਇਸ ਤੋਂ ਇਲਾਵਾ ਕੈਨੇਡਾ ਵਿਚ ਰਹਿੰਦੇ ਹੋਏ ਇਥੋਂ ਦੀਆਂ ਮੌਜੂਦਾ ਘਟਨਾਵਾਂ ਨੂੰ ਇਤਿਹਾਸਕ ਪ੍ਰਸੰਗ ਵਿਚ ਪਰੋਣ ਦੇ ਮਾਹਿਰ ਹਨ। ਉਹ ਇਕ ਬੁੱਧੀਜੀਵੀ ਹੋਣ ਦੇ ਨਾਤੇ ਸਮਾਜਿਕ ਅਤੇ ਆਰਥਿਕ ਮਸਲਿਆਂ ਨੂੰ ਸਮਝਣ ਦੀ ਸਮਰੱਥਾ ਰੱਖਦੇ ਹਨ। ਉਹ ਅਗਾਂਹਵਧੂ ਵਿਚਾਰਧਾਰਾ ਦੇ ਧਾਰਨੀ ਹਨ। ਇਨ੍ਹਾਂ ਵਲੋਂ ਕੈਨੇਡਾ ਦਾ 'ਚੋਣ ਦੰਗਲ' ਵਿਸ਼ੇਸ਼ ਲੇਖ ਛਾਪ ਰਹੇ ਹਾਂ। - ਸੰਪਾਦਕ**



ਅਕਤੂਬਰ 19, 2015 ਨੂੰ ਕਨੇਡਾ ਦੀ ਪਾਰਲੀਮੈਂਟ ਦੇ ਹਾਊਸ ਆਫ ਕੌਮਨ (ਲੋਕ ਸਭਾ) ਦੇ ਮੈਂਬਰਾਂ, ਐਮ ਪੀਜ਼, ਦੀ ਚੋਣ ਲਈ ਵੋਟਾਂ ਪਾਈਆਂ ਜਾਣੀਆਂ ਹਨ। ਇਸ ਚੋਣ ਵਿਚ ਬੇਸ਼ਕ ਪੰਜ ਪਾਰਟੀਆਂ, ਕੰਜਰਵੇਟਿਵ, ਲਿਬਰਲ, ਐਨ ਡੀ ਪੀ, ਬਲਾਕ ਕਿਊਬਕਵਾ ਤੇ ਗਰੀਨ ਪਾਰਟੀ ਅਪਣੇ ਉਮੀਦਵਾਰ ਖੜ੍ਹੇ ਕਰਨਗੀਆਂ, ਪਰ ਇਨ੍ਹਾਂ ਵਿਚੋਂ ਅਸਲ ਵਿਚ ਪਹਿਲੀਆਂ ਤਿੰਨ ਪਾਰਟੀਆਂ ਦਾ ਅਗਲੀ ਸਰਕਾਰ ਬਣਾਉਣ ਲਈ ਮੁਕਾਬਲਾ ਹੈ। ਇਨ੍ਹਾਂ ਵਿਚੋਂ ਵੀ ਐਨ ਡੀ ਪੀ ਦੀ ਕੇਂਦਰ ਵਿਚ ਸਰਕਾਰ ਬਣਾਉਣ ਦੀ ਇਹ ਪਹਿਲੀ ਸੰਭਾਵਨਾ ਹੋਵੇਗੀ। ਫੌਰਮ ਰਿਸਰਚ ਵਲੋਂ 2 ਅਗਸਤ ਨੂੰ ਕਰਵਾਏ ਸਰਵੇ ਮੁਤਾਬਿਕ ਐਨ ਡੀ ਪੀ ਬਾਕੀ ਦੀਆਂ ਪਾਰਟੀਆਂ ਤੋਂ ਕਾਫੀ ਅੱਗੇ ਚੱਲ ਰਹੀ ਸੀ। ਇਸ ਨੂੰ 39%, ਕੰਸਰਵਟਿਵ ਨੂੰ 28%, ਲਿਬਰਲ ਨੂੰ 25%, ਬਲਾਕ ਕਿਊਬਕਵਾ ਨੂੰ 5% ਅਤੇ ਗਰੀਨ ਪਾਰਟੀ ਨੂੰ 3% ਵੋਟਰਾਂ ਦਾ ਸਮਰਥਨ ਪ੍ਰਾਪਤ ਸੀ। ਪ੍ਰੰਤੂ ਬੀਤੇ ਹਫਤੇ ਵਿਚ 7 ਅਗਸਤ ਦੇ ਨੈਨੋ ਰਿਸਰਚ ਦੇ ਸਰਵੇ ਵਿਚ ਇਨ੍ਹਾਂ ਪਾਰਟੀਆਂ ਨੂੰ ਕਰਮਵਾਰ 30%, 31%, 29%, 4% ਤੇ 5% ਲੋਕਾਂ ਨੇ ਵੋਟਾਂ ਪਾਉਣ ਦੀ ਗਲ ਕਹੀ ਹੈ। ਸੋ ਇੱਕੋ ਹਫਤੇ ਵਿਚ ਐਨ ਡੀ ਪੀ ਦਾ ਸਮਰਥਨ 9% 'ਤੇ ਬਲਾਕ ਕਿਊਬਕਵਾ ਦਾ 1% ਘਟਿਆ ਅਤੇ ਦੂਸਰਿਆਂ ਦਾ ਕੁਝ ਵਧਿਆ। ਕਨੇਡਾ ਦੀਆਂ ਚੋਣਾਂ ਦੇ ਇਤਿਹਾਸ ਨੂੰ ਵੇਖਦਿਆਂ, ਇਹ ਅੰਕੜੇ ਚੋਣ ਦੇ ਅਖੀਰਲੇ ਦਿਨ ਤੱਕ ਬਦਲਦੇ ਰਹਿਣਗੇ, ਚੋਣ ਬਾਅਦ ਸਰਕਾਰ ਓਹੀ ਬਣਾਵੇਗਾ, ਜਿਸ ਨੂੰ ਅਸਲ ਵਿਚ ਚੋਣਾਂ ਵਿਚ ਵੱਧ ਸੀਟਾਂ ਹਾਸਲ ਹੋਣਗੀਆਂ। ਕਨੇਡਾ ਵਿਚ ਲੀਡਰ ਇਕੱਠੇ ਇੱਕ ਥਾਂ ਬਹਿਸ ਕਰਨ ਲਈ ਸੱਦੇ ਜਾਂਦੇ ਹਨ, ਆਮ ਤੌਰ 'ਤੇ ਟੈਲੀਵਿਜ਼ਨ ਪ੍ਰੋਗਰਾਮਾਂ ਵਿਚ, ਪਰ ਇਸ ਵਾਰ ਇਹ ਪਹਿਲ ਕਿਸੇ ਟੀ ਵੀ ਚੈਨਲ ਦੀ ਥਾਂ ਰੌਜ਼ਰਜ਼ ਮੀਡੀਆ ਦੇ ਮੈਕਲੀਨ ਮੈਗਜ਼ੀਨ ਵਲੋਂ 6 ਅਗਸਤ ਨੂੰ ਕਰਵਾਈ ਗਈ, ਜਿਸ ਨੂੰ ਇਸ ਵਾਰ 2011 ਦੇ ਮੁਕਾਬਲੇ ਸਿਰਫ 40% ਲੋਕਾਂ ਵਲੋਂ ਵੇਖਿਆ ਗਿਆ। ਇਨ੍ਹਾਂ ਚੋਣਾਂ ਵਿਚ ਚਾਰੇ ਪਾਰਟੀਆਂ ਦੇ ਲੀਡਰਾਂ ਦੀ ਇਕੱਠੀ, ਸ਼ਾਇਦ ਇਹ ਆਖਰੀ ਬਹਿਸ ਹੋਵੇਗੀ। ਇਸ ਵਿਚ ਕਿਸੇ ਇੱਕ ਪਾਰਟੀ ਦੇ ਲੀਡਰ ਦੀ ਜਿੱਤ ਨਜ਼ਰ ਨਹੀਂ ਆਈ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵਲੋਂ ਅਪਣਾਈਆਂ ਨੀਤੀਆਂ ਕਾਰਨ ਦੱਸੀ ਜਾਂਦੀ ਚੰਗੀ ਆਰਥਿਕਤਾ ਤੇ ਦੂਸਰੇ ਲੀਡਰਾਂ ਨੇ ਬਹਿਸ ਕਰਕੇ ਉਨ੍ਹਾਂ ਨੂੰ ਇਹ ਮੰਨਣ ਲਈ ਮਜ਼ਬੂਰ ਕਰ ਦਿੱਤਾ ਕਿ ਬੀਤੇ ਕੁਝ ਮਹੀਨਿਆਂ ਤੋਂ ਕਨੇਡਾ ਵਿਚ ਮੰਦਵਾੜੇ ਦੇ ਹਲਾਤ ਹਨ। ਲਿਬਰਲ ਜਸਟਿਨ ਟਰੂਡੋ ਨੇ ਐਨ ਡੀ ਪੀ ਦੇ ਥੋਮਸ ਮੁਲਕੇਅਰ ਨੂੰ ਕਿਊਬਿਕ ਵਿਚ ਰਾਇਸ਼ੁਮਾਰੀ ਵਿਚ ਸਿਰਫ 50% ਤੋਂ ਵੱਧ ਲੋਕਾਂ ਦੀ ਸਹਿਮਤੀ ਹੋਣ ਤੇ ਵੱਖ ਹੋ ਜਾਣ ਤੇ ਨੁਕਤਾਚੀਨੀ ਕੀਤੀ ਅਤੇ ਗਰੀਨ ਪਾਰਟੀ ਦੀ ਇਲਿਜ਼ਾਬੈਥ ਮੇਅ ਨੇ ਤੇਲ ਪਾਈਪ ਦੇ ਮਾਮਲੇ ਤੇ ਸਾਰੇ ਲੀਡਰਾਂ ਨੂੰ ਵਾਤਾਵਰਨ ਸਬੰਧੀ ਘੱਟ ਚਿੰਤਤ ਕਿਹਾ।

ਇਸ ਵਾਰ 308 ਦੀ ਥਾਂ ਨਵੇਂ ਹਲਕੇ ਬਣਾਏ ਜਾਣ ਕਰਕੇ 338 ਸੀਟਾਂ ਤੇ ਚੋਣ ਹੋਣੀ ਹੈ। ਚੋਣਾਂ ਦਾ ਐਲਾਨ ਪਹਿਲਾਂ ਹੋਣ ਕਾਰਨ ਕਈ ਹਲਕਿਆਂ ਤੋਂ ਅਜੇ ਪਾਰਟੀਆਂ ਨੇ ਅਪਣੇ ਉਮੀਦਵਾਰਾਂ ਦਾ ਐਲਾਨ ਕਰਨਾ ਹੈ। ਹੁਣ ਤੱਕ ਐਲਾਨੇ ਉਮੀਦਵਾਰਾਂ ਵਿਚ 34 ਪੰਜਾਬੀ ਮੂਲ ਦੇ ਹਨ। ਬਰੈਂਪਟਨ ਈਸਟ ਅਤੇ ਬਰੈਂਪਟਨ ਨਾਰਥ ਵਿਚ ਤਿੰਨੋ ਮੁੱਖ ਪਾਰਟੀਆਂ ਦੇ ਉਮੀਦਵਾਰ ਪੰਜਾਬੀ ਹਨ। ਪਹਿਲੇ ਹਲਕੇ ਤੋਂ ਕੰਸਰਵਟਿਵ ਨਵਲ ਬਜਾਜ, ਲਿਬਰਲ ਰਾਜ ਗਰੇਵਾਲ ਤੇ ਐਨ

(ਬਾਕੀ ਸਫ਼ਾ 8 'ਤੇ)


7

ਟਵਿੱਟਰ ਦੀ ਹੱਦ ਵਿੱਚ ਜਮਹੂਰੀਅਤ ਦੀ ਸਫ਼ੇਦਪੋਸ਼ ਸਿਆਸਤ



12

Battling political machines: Coming to a riding near you!


22

"ਮੇਰਾ ਇਹ ਵਿਸ਼ਵਾਸ ਨਹੀਂ ਕਿ ਜੈਂਡਰ ਸਿਰਫ਼ ਦੋ ਹੀ ਹਨ, ਮੈਂ ਜੈਂਡਰ ਨੂੰ ਇਕ ਸਿਲਸਿਲੇ ਦੇ ਤੌਰ 'ਤੇ ਲੈਂਦੀ ਹਾਂ" : ਅਰੁੰਧਤੀ ਰਾਏ


25

ਫ਼ਰਜ਼ੀ ਖੋਜਕਾਰਜ, ਜਾਅਲੀ ਮੈਗਜ਼ੀਨ

SUPER VISA INSURANCE
PUNJAB INSURANCE INC.
• Life Insurance • Mortgage Insurance
• Critical Illness Insurance • Disability Insurance
• RESP, RRSP
www.punjabinsurance.ca


Sherjang Singh Rana
416.910.9000


Ravinder Singh Basra
416.845.6232

# ਬਰੈਂਪਟਨ ਉਤਰੀ ਦੇ ਐਨ. ਡੀ. ਪੀ. ਉਮੀਦਵਾਰ ਸ੍ਰ. ਮਾਰਟਿਨ ਸਿੰਘ

ਦਰਬਾਰਾ ਸਿੰਘ ਕਾਹਲੋਂ



ਕੈਨੇਡਾ ਸੰਸਦ ਦੇ 338 ਹਲਕਿਆਂ ਵਿਚ ਆਮ ਚੋਣਾਂ 18 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ। ਪ੍ਰਮੁੱਖ ਮੁਕਾਬਲਾ ਸੱਤਾਧਾਰੀ ਕੰਜਰਵੇਟਿਵ, ਲਿਬਰਲ, ਐਨ. ਡੀ. ਪੀ. ਅਤੇ ਗਰੀਨ ਪਾਰਟੀਆਂ ਵਿਚਕਾਰ ਹੈ। ਇਸ ਤੋਂ ਇਲਾਵਾ ਹੋਰ ਇਲਾਕਾਈ ਅਤੇ ਛੋਟੀਆਂ-ਮੋਟੀਆਂ ਪਾਰਟੀਆਂ ਅਤੇ ਆਜ਼ਾਦ ਉਮੀਦਵਾਰ ਵੀ ਮੈਦਾਨ ਵਿਚ ਹਨ। ਹਰ ਪਾਰਟੀ ਨੇ ਵਧੀਆ ਜੇਤੂ ਸਮਰਥਾ ਵਾਲੇ ਉਮੀਦਵਾਰ ਸਥਾਨਕ ਹਲਕਾ ਪਾਰਟੀ ਮੈਂਬਰਾਂ ਵਲੋਂ ਲੋਕਤੰਤਰੀ ਅੰਦਰਨੀ ਪ੍ਰਕਿਰਿਆ ਰਾਹੀਂ ਖੜ੍ਹੇ ਕੀਤੇ ਹਨ।

ਦਿਲਚਸਪ ਗੱਲ ਇਹ ਹੈ ਕਿ ਮਜੌਦਾ ਚਣਾ ਕੈਨੇਡਾ ਦੇ ਚੋਣ ਇਤਿਹਾਸ ਦੀਆਂ ਤੀਸਰੀਆਂ ਲੰਬੀਆਂ ਚੋਣਾਂ ਹਨ ਜਿਨ੍ਹਾਂ ਵਿਚ ਲੰਬਾ ਦਮ ਰੱਖਣ ਵਾਲੇ ਇਸ 11 ਹਫਤਿਆਂ ਦੀ ਚੋਣ ਪ੍ਰਕਿਰਿਆ ਵਿਚ ਨਿਤਰ ਕੇ ਅੱਗੇ ਆਉਣਗੇ। ਪੰਜਾਬੀ ਦੀ ਮਸ਼ਹੂਰ ਕਹਾਵਤ 'ਕੋਈ ਨਿਤਰੂ ਵੜੇਂਵੇਂ ਖਾਣੀ' ਇਸ ਚੋਣ ਪ੍ਰਕਿਰਿਆ ਤੇ ਢੁਕਦੀ ਹੈ। ਇਸ ਤੋਂ ਪਹਿਲਾਂ ਸੰਨ 1867 ਵਿਚ 81 ਰੋਜ਼ਾ ਅਤੇ ਸੰਨ 1872 ਵਿਚ 96 ਰੋਜ਼ਾ ਲੰਬੀ ਚੋਣ ਪ੍ਰਕਿਰਿਆ ਵਾਲੀਆਂ ਚੋਣ ਹੋ ਚੁੱਕੀਆਂ ਹਨ। ਇਸ ਲੰਬੀ ਚੋਣ ਪ੍ਰਕਿਰਿਆ ਵਿਚ ਸਰਕਾਰੀ ਅਤੇ ਨਿੱਜੀ ਖਰਚੇ ਨਿਸਚਿਤ ਤੌਰ 'ਤੇ ਰੱਖਣਗੇ। ਆਰਥਿਕ ਸੰਕਟ ਦਾ ਸ਼ਿਕਾਰ ਕੈਨੇਡੀਅਨ ਡਾਲਰ ਉਮੀਦਵਾਰਾਂ ਨੂੰ ਹਵਾਂਕਣ ਲਾ ਦੇਵੇਗਾ। ਇਸ ਮੁੱਦੇ ਤੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਰਾਜਨੀਤੀਵਾਨਾਂ, ਆਲੋਚਕਾਂ ਅਤੇ ਰਾਜਨੀਤਕ ਚਿੰਤਕਾਂ ਦੇ ਨਿਸ਼ਾਨੇ ਤੇ ਹਨ ਕਿਉਂਕਿ ਚੋਣ ਪ੍ਰਕਿਰਿਆ ਲਈ ਘੱਟੋ ਘੱਟ 37 ਦਿਨ ਕਾਫ਼ੀ ਹੁੰਦੇ ਹਨ।

ਬਰਾਂਪਟਨ ਉਤਰੀ ਤੋਂ ਐਨ. ਡੀ. ਪੀ. ਦੇ ਬਹੁਤ ਹੀ ਸੰਜੀਦਾ, ਗਤੀਸ਼ੀਲ, ਪ੍ਰਬੁੱਧ ਅਤੇ ਨਾਮਵਰ ਉਮੀਦਵਾਰ ਸ੍ਰ. ਮਾਰਟਿਨ ਸਿੰਘ ਹਨ। ਨਵੰਬਰ 16, 1972 ਨੂੰ ਜਨਮੇ ਕੈਨੇਡੀਅਨ ਸਿਟੀਜਨ ਸ੍ਰ. ਮਾਰਟਿਨ ਸਿੰਘ ਸਿਖ ਧਰਮ ਦੇ ਫਸਲਫੇ, ਉਚੇ ਸੁੱਚੇ ਉਦੇਸ਼ਾਂ ਅਤੇ ਮਾਨਵਾਦੀ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਕੇ ਸਿੰਘ ਸੱਜ ਗਏ। ਉਨ੍ਹਾਂ ਅੰਮ੍ਰਿਤਸਰ (ਪੰਜਾਬ) ਨਾਲ ਸਬੰਧਤ ਸਿੱਖ ਲੜਕੀ ਅਮਰਦੀਪ ਕੌਰ ਨਾਲ ਸ਼ਾਦੀ ਰਚਾਈ। ਸਿੱਖ ਧਰਮ ਅਪਣਾਉਣ ਦੇ ਬਾਵਜੂਦ ਉਹ ਆਪਣੇ ਹਰ ਦਿਲ ਅਜ਼ੀਜ਼ ਚਿਹਰੇ-ਮੁਹਰੇ, ਵਰਤਾਓ ਅਤੇ ਕਿੱਤੇ ਕਰਕੇ ਕੈਨੇਡਾ ਦੇ ਹਰ ਧਰਮ,ਵਰਗ, ਰੰਗ, ਜਾਤ, ਇਲਾਕੇ ਦੇ ਲੋਕਾਂ ਵਿਚ ਮਕਬੂਲ ਹਨ।

ਸ੍ਰ. ਮਾਰਟਿਨ ਸਿੰਘ ਕਿੱਤੇ ਵਜੋਂ ਇਕ ਫਾਰਮਾਸਿਸਟ ਅਤੇ ਸਫ਼ਲ ਵਪਾਰੀ ਹਨ। ਸ਼ੁਰੂ ਤੋਂ ਹੀ ਪਿਤਾ-ਪੁਰਖੀ ਵਿਰਸੇ ਵਿਚੋਂ ਸਮਾਜ ਸੇਵਾ ਦਾ ਜਜ਼ਬਾ ਉਨ੍ਹਾਂ ਵਿਚ ਕੁੱਟ ਕੁੱਟ ਭਰਿਆ ਹੋਇਆ ਹੈ। ਹੁਣ ਵੱਡੇ ਪੱਧਰ 'ਤੇ ਦੇਸ਼ ਅਤੇ ਸਮਾਜ ਸੇਵਾ ਨੂੰ ਮੱਦੇਨਜ਼ਰ ਰੱਖਕੇ ਉਹ ਐਨ.ਡੀ.ਪੀ. ਦੇ ਉਮੀਦਵਾਰ ਵਜੋਂ ਓਟਾਰੀਓ ਰਾਜ ਦੇ ਬਰਾਂਪਟਨ ਉਤਰੀ ਹਲਕੇ ਤੋਂ ਕੈਨੇਡਾ ਦੀ ਸੰਸਦ ਵਿਚ ਪੈਰ ਧਰਨ ਦੀ ਤੀਬਰ ਇੱਛਾ ਨਾਲ ਚੋਣ ਲੜਨ ਜਾ ਰਹੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਐਨ. ਡੀ. ਪੀ. ਦੇ ਕ੍ਰਿਸ਼ਮਾਕਾਰੀ ਮਰਹੂਮ ਪ੍ਰਧਾਨ ਦੇ ਉਤਰਾਧਿਕਾਰੀ ਵਜੋਂ ਪਾਰਟੀ ਅੰਦਰੂਨੀ ਚੋਣ ਵਿਚ ਵੀ ਗੰਭੀਰਤਾਪੂਰਵਕ ਕਿਸਮਤ ਅਜਮਾਉਣ ਦਾ ਅਸਫ਼ਲ ਯਤਨ ਕੀਤਾ ਸੀ। ਹੁਣ ਉਹ ਪਾਰਟੀ ਪ੍ਰਧਾਨ ਬਾਸਮ ਮੁਲਕੇਅਰ ਦੀਆਂ ਨੀਤੀਆਂ ਅਤੇ ਵਿਜ਼ਨ ਨਾਲ ਪੂਰੀ ਤਰ੍ਹਾਂ ਸਹਿਮਤ ਹਨ ਜਿਨ੍ਹਾਂ ਦੀ ਅਗਵਾਈ ਵਿਚ ਐਨ. ਡੀ. ਪੀ. ਇਸ ਸਮੇਂ ਚੋਣ ਸਰਵੇਖਣਾਂ ਅਨੁਸਾਰ ਸੱਤਾਧਾਰੀ ਕੰਜ਼ਰਵੇਟਿਵ ਸਮੇਤ ਸਭ ਤੋਂ ਅੱਗੇ ਚਲ ਰਹੀ ਹੈ।

ਸ੍ਰ. ਮਾਰਟਿਨ ਸਿੰਘ ਇਕ ਵਾਪਰੀ ਪਰਿਵਾਰ ਨਾਲ ਸਬੰਧਤ ਹੈ। ਉਹ ਇਕ ਪ੍ਰਬੁੱਧ ਬੁੱਧੀ, ਅਗਾਂਹਵਧੂ ਸੋਚ, ਸਮਾਜਿਕ-ਆਰਥਿਕ ਬਰਾਬਰੀ ਭਰੇ ਸਮਾਜ ਦੀ ਸਥਾਪਨਾ, ਨੌਜਵਾਨਾਂ ਲਈ ਯੋਗਤਾ ਬਰਾਬਰ ਰੋਜ਼ਗਾਰ ਦਾ ਹਾਮੀ ਹੈ। ਉਸ ਨੇ ਆਪਣੇ ਪਿਤਾ ਪੁਰਖੀ









ਫਾਰਮੇਸੀ ਵਪਾਰ ਨੂੰ ਆਪਣੇ ਭਰਾ ਨਾਥਨ ਨਾਲ ਮਿਲ ਕੇ ਨੋਵਾ ਸਕੋਸ਼ੀਆ ਅਤੇ ਓਂਟਾਰੀਓ ਰਾਜ ਵਿਚ ਪ੍ਰਫੁੱਲਤ ਕੀਤਾ ਹੈ। ਆਪਣੇ ਕਾਰੋਬਾਰ ਅਤੇ ਵਪਾਰ ਵਿਚ ਕਰੀਬ 400 ਵਿਅਕਤੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਹੋਇਆ ਹੈ। ਕੈਮਿਸਟਰੀ, ਫਾਰਮੇਸੀ, ਕੈਮੀਕਲ ਇੰਜੀਨੀਅਰਿੰਗ ਡਿਗਰੀਆਂ ਤੋਂ ਇਲਾਵਾ ਐਮ. ਬੀ. ਏ. ਡਿਗਰੀ ਨਾਲ ਲੈਸ ਹੋਣ ਕਰਕੇ ਉਹ ਆਪਣੇ ਕਾਰੋਬਾਰ ਵਿਚ ਵਪਾਰਕ ਵਿਕਾਸ, ਰੈਗੂਲੇਸ਼ਨ, ਸਿਹਤਮੰਦ ਲੋਕੇਸ਼ਨਾਂ ਅਤੇ ਸਾਫ਼ ਸੁਥਰੇ ਵਾਤਾਵਰਨ ਜਿਹੀਆਂ ਅਹਿਮ ਜ਼ਿੰਮੇਵਾਰੀਆਂ ਨਿਭਾ ਰਿਹਾ ਹੈ।

ਇਕਸਫ਼ਲ ਫਾਰਮਾਸਿਸਟ ਵਜੋਂ ਉਹ ਸਮਾਜ ਵਿਚ ਇਕ ਤਾਕਤਵਰ ਸਿਹਤ ਸੰਭਾਲ ਖੇਤਰ ਦੀ ਆਵਾਜ਼ ਹੈ। ਸਮਾਜ ਸੇਵਾ ਖੇਤਰ ਵਿਚ ਉਸ ਨੇ ਸਥਾਨਕ, ਸੂਬਾਈ ਅਤੇ ਰਾਸ਼ਟਰੀ ਪੱਧਰ ਤੇ ਬੋਰਡ ਸਥਾਨਕ ਕਰ ਰੱਖੇ ਹਨ। ਉਹ ਨੋਵਾ ਸਕੋਸ਼ੀਆ ਰਾਜ ਦੀ ਮਾਨਸਿਕ ਸਿਹਤ ਫਾਊਂਡੇਸ਼ਨ ਦੇ ਪ੍ਰਧਾਨ ਹਨ। ਰਾਸ਼ਟਰੀ ਨੌਜਵਾਨ ਆਰਕੈਸਟਰਾ ਕੈਨੇਡਾ ਬੋਰਡ ਦੇ ਮੈਂਬਰ ਹਨ। ਉਹ ਐਨ. ਡੀ. ਪੀ. ਧਾਰਮਿਕ ਅਤੇ ਸਮਾਜਿਕ ਇਨਸਾਫ਼ ਕਮਿਸ਼ਨ ਦੇ ਮੁਖੀ ਰਹੇ ਹਨ। ਅੰਗਰੇਜ਼ੀ ਅਤੇ ਫਰਾਂਸੀਸੀ ਜ਼ੁਬਾਨਾਂ ਦੀ ਗਜ਼ਬ ਦੀ ਮੁਹਾਰਤ ਰੱਖਦੇ ਹਨ।

ਉਹ ਇਕ ਐਸੀ ਬਹੁਮੁਖੀ ਸ਼ਖ਼ਸੀਅਤ ਹਨ ਕਿ ਆਪਣੇ ਕਿੱਤੇ, ਕਾਰੋਬਾਰ, ਸਮਾਜ ਸੇਵਾ, ਰਾਜਨੀਤੀ ਤੋਂ ਇਲਾਵਾ ਦੇਸ਼ ਦੀ ਸੁਰੱਖਿਆ ਪ੍ਰਤੀ ਪੂਰੀ ਸ਼ਿੱਦਤ ਨਾਲ ਸਮਰਪਿਤ ਹਨ। ਕੈਨੇਡੀਅਨ ਰਿਜ਼ਰਵ ਫੌਜ ਵਿਚ ਕ੍ਰਿਆਤਮਿਕ ਤੌਰ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਦੀ ਪਤਨੀ ਕੀਬਾ ਅਮਰਦੀਪ ਕੌਰ ਅਤੇ ਦੋ ਪੁੱਤਰ ਅਤੇ ਇਕ ਧੀ ਨਾ ਸਿਰਫ਼ ਉਨਾ ਦੇ ਬਹੁਪੱਖੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹਨ ਬਲਕਿ ਉਨ੍ਹਾਂ ਦੀ ਸਰੀਰਕ, ਮਾਨਸਿਕ, ਅਧਿਆਤਮਿਕ ਊਰਜਾ ਦੇ ਪ੍ਰਮੁੱਖ ਸਰੋਤ ਹਨ।

ਸ੍ਰ. ਮਾਰਟਿਨ ਸਿੰਘ ਬਰਾਂਪਟਨ ਉਤਰੀ ਹਲਕੇ ਨੂੰ ਰਾਸ਼ਟਰ ਵਿਚ ਨਮੂਨੇ ਦਾ ਹਲਕਾ ਬਣਾਉਣ ਦਾ ਉਦੇਸ਼ ਰੱਖਦੇ ਹਨ। ਪਿਛਲੇ ਸਾਂਸਦਾਂ ਵਲੋਂ ਇਸ ਦੀ ਕੀਤੀ ਅਣਦੇਖੀ ਦੀ ਪੂਰਤੀ ਕਰਨਾ ਚਾਹੁੰਦੇ ਹਨ। ਇਸ ਖੇਤਰ ਵਿਚ ਰੁਜ਼ਗਾਰ ਦੇ ਵਧੀਆ ਮੌਕੇ ਨੌਜਵਾਨਾਂ ਨੂੰ ਮੁਹੱਈਆ ਕਰਾਉਣ ਲਈ ਭਾਰੀ ਨਿਵੇਸ਼ ਸੰਬੰਧੀ ਪੈਦਾਵਾਰੀ ਖੇਤਰਾਂ ਦੀ ਨਿਸ਼ਾਨਦੇਹੀ ਕਰ ਚੁੱਕੇ ਹਨ।

ਉਹ ਜਨਤਕ ਟੈਕਸ ਦੇ ਸਦਉਪਯੋਗ ਦੇ ਪੱਕੇ ਹਾਮੀ ਹਨ। ਉਹ ਜਨਤਕ ਧੰਨ ਨੂੰ ਜਨਤਾ ਦੀ ਭਲਾਈ, ਦੇਸ਼ ਦੇ ਵਿਕਾਸ, ਸਿਹਤ, ਕਾਰੋਬਾਰ ਖੇਤਰਾਂ ਵਿਚ ਇਮਾਨਦਾਰੀ ਨਾਲ ਲਗਾਉਣ ਦੇ ਹਾਮੀ ਹਨ। ਉਹ ਕੈਨੇਡੀਅਨ ਸ਼ਹਿਰੀਆਂ ਨੂੰ ਵਧੀਆ ਰੁਜ਼ਗਾਰ, ਵਧੀਆ ਮਿਆਰੀ ਜੀਵਨ, ਵਿੱਦਿਆ ਅਤੇ ਸੁਰੱਖਿਆ ਮੁਹੱਈਆ ਕਰਨ ਦੇ ਅਲੰਬਰਦਾਰ ਹਨ।

ਬਰਾਂਪਟਨ ਦੱਖਣੀ ਹਲਕੇ ਵਿਚ ਉਨ੍ਹਾਂ ਨੂੰ ਵੱਡੀ ਪੱਧਰ 'ਤੇ ਹਮਾਇਤ ਅਤੇ ਫੰਡਾਂ ਦੀ ਮਦਦ ਹਾਸਲ ਹੋ ਰਹੀ ਹੈ। ਇਸ ਸਮੇਂ ਆਪਣੀਆਂ ਹਰਮਨ ਪਿਆਰਤਾ ਅਤੇ ਚੋਣ ਮੁਹਿੰਮ ਦੇ ਆਧੁਨਿਕੀਕਰਨ ਕਰਕੇ ਦੂਸਰੀਆਂ ਪਾਰਟੀਆਂ ਦੇ ਉਮੀਦਵਾਰਾਂ ਤੋਂ ਅੱਗੇ ਚਲ ਰਹੇ ਹਨ। ਉਨ੍ਹਾਂ ਦੀ ਪਾਰਟੀ ਵਲੋਂ ਕੈਨੇਡਾ ਅੰਦਰ ਘੱਟੋ-ਘੱਟ 15 ਡਾਲਰ ਪ੍ਰਤੀ ਘੰਟਾ ਉਜਰਤ ਦੇਣ ਦੀ ਮੰਗ ਨੂੰ ਬਹੁਤ ਹਮਾਇਤ ਹਾਸਲ ਹੋ ਰਹੀ ਹੈ। ਸ੍ਰ. ਮਾਰਟਿਨ ਸਿੰਘ ਦੀ ਚੋਣ ਮੁਹਿੰਮ ਵਿਚ ਅਦਭੁੱਤ ਗੱਲ ਇਹ ਦੇਖਣ ਨੂੰ ਮਿਲ ਰਹੀ ਹੈ ਕਿ ਉਨ੍ਹਾਂ ਨੂੰ ਆਪਣੇ ਹਲਕੇ ਵਿਚ ਸਮਾਜ ਦਾ ਹਰ ਵਰਗ, ਉਹ ਭਾਵੇਂ ਕਿਸੇ ਦੀ ਧਰਮ, ਰੰਗ, ਜ਼ਾਤ, ਇਲਾਕੇ, ਪਿਛੋਕੜ, ਲਿੰਗ ਨਾਲ ਸਬੰਧਤ ਹੋਵੇ ਹੱਥਾਂ ਤੇ ਚੁੱਕਦਾ, ਹਮਾਇਤ ਦਾ ਵਚਨ ਦੇ ਰਿਹਾ ਹੈ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**
**ਬਰਾਂਪਟਨ, ਕੈਨੇਡਾ**
001-416-857-7665

## ਸ਼ਹੀਦੀ ਸ਼ਤਾਬਦੀ ਵਰ੍ਹਾ 2015

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸ਼ਤਾਬਦੀ ਮਨਾਉਣ ਦੇ ਅਰਥ

**ਮਨਦੀਪ**

ਚਾਲੂ ਵਰ੍ਹਾ (2015) ਅਮਰ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸਦੇ ਛੇ ਗ਼ਦਰੀ ਸਾਥੀਆਂ (ਵਿਸ਼ਨੂੰ ਗਣੇਸ਼ ਪਿੰਗਲੇ, ਭਾਈ ਬਖਸ਼ੀਸ਼ ਸਿੰਘ, ਸੁਰੈਣ ਸਿੰਘ ਪੁੱਤਰ ਬੂੜ ਸਿੰਘ, ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ, ਹਰਨਾਮ ਸਿੰਘ ਤੇ ਜਗਤ ਸਿੰਘ) ਦੀ ਸ਼ਹੀਦੀ ਦਾ 100ਵਾਂ ਵਰ੍ਹਾ ਹੈ। 100 ਵਰ੍ਹੇ ਪਹਿਲਾਂ ਨੌਜਵਾਨ ਸਰਾਭਾ ਤੇ ਉਸਦੀ ਗ਼ਦਰ ਪਾਰਟੀ ਨੇ ਦੇਸ਼ ਦੇ ਮਿਹਨਤਕਸ਼ ਲੋਕਾਂ ਨੂੰ ਜਾਬਰ ਤੇ ਲੁਟੇਰੀ ਬਰਤਾਨਵੀ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਦਿਵਾਉਣ ਲਈ ਦੇਸ਼-ਦੁਨੀਆਂ 'ਚ ਵਿਦਰੋਹ ਦੀ ਜਾਨਦਾਰ ਲਹਿਰ ਖੜੀ ਕੀਤੀ ਸੀ। ਸਰਾਭਾ ਸਮੇਤ ਸਭ ਗ਼ਦਰੀ ਇਨਕਲਾਬੀ ਲੋਕ ਮੁਕਤੀ ਦੇ ਅਗਾਂਹਵਧੂ ਇਨਕਲਾਬੀ ਤੇ ਹਕੀਕੀ ਰਾਹ 'ਤੇ ਤੁਰੇ ਸਨ। ਉਨ੍ਹਾਂ ਆਪਣੇ ਸਮੇਂ ਵਿਚ, ਮਿਹਨਤੀ ਲੋਕਾਂ ਨੂੰ ਗੁਲਾਮ ਰੱਖਣ, ਉਨ੍ਹਾਂ ਦੀ ਲੁੱਟ ਕਰਨ ਤੇ ਉਨ੍ਹਾਂ ਦੀ ਏਕਤਾ 'ਚ ਫੁੱਟ ਪਾਉਣ ਵਾਲੀਆਂ ਤਾਕਤਾਂ ਦਾ ਜ਼ੋਰਦਾਰ ਢੰਗ-ਤਰੀਕਿਆਂ, ਦ੍ਰਿੜ ਜਜ਼ਬਿਆਂ ਤੇ ਅਦੁੱਤੀ ਕੁਰਬਾਨੀਆਂ ਨਾਲ ਟਾਕਰਾ ਕੀਤਾ। ਉਨ੍ਹਾਂ ਨੇ ਡਰ, ਸਹਿਮ, ਦਾਬਾ ਤੇ ਦਹਿਸ਼ਤ ਤੋਂ ਨਾਬਰ ਹੁੰਦਿਆਂ ਵੱਡੀਆਂ ਦਿਓ ਕੱਦ ਦੁਸ਼ਮਣ ਤਾਕਤਾਂ ਅੱਗੇ ਆਤਮ-ਸਮਰਪਣ ਨਹੀਂ ਸੀ ਕੀਤਾ। ਅੱਜ ਸੌ ਸਾਲ ਬਾਅਦ ਨੌਜਵਾਨ ਸਰਾਭਾ, ਉਸਦੇ ਸਾਥੀ ਗ਼ਦਰੀ ਇਨਕਲਾਬੀਆਂ ਅਤੇ ਉਨ੍ਹਾਂ ਦੀ ਗ਼ਦਰ ਪਾਰਟੀ ਦੀ ਵਿਚਾਰਧਾਰਾ, ਉਦੇਸ਼ ਤੇ ਕੁਰਬਾਨੀਆਂ ਸਾਨੂੰ ਸਾਡੇ ਸਮੇਂ ਦੇ ਫ਼ਰਜ਼ ਪਹਿਚਾਨਣ ਲਈ ਹਲੂਣ ਰਹੀਆਂ ਹਨ।

ਸਾਥੀਓ, ਨੌਜਵਾਨ ; ਇਨਕਲਾਬੀ ਤੇ ਦੇਸ਼ ਭਗਤ ਪਾਰਟੀਆਂ ਤੇ ਲਹਿਰਾਂ ਦੀ ਜਿੰਦ-ਜਾਨ ਹੁੰਦੇ ਹਨ। ਗ਼ਦਰ ਪਾਰਟੀ ਤੇ ਉਸਦੀ ਮਾਨਮੱਤੀ ਲਹਿਰ ਬਾਰੇ ਵੀ ਇਹੋ ਸੱਚ ਹੈ। ਗ਼ਦਰ ਪਾਰਟੀ ਭਾਵੇਂ ਮੁੱਖ ਰੂਪ 'ਚ ਵਿਦੇਸ਼ਾਂ ਵਿਚਲੇ ਪ੍ਰਵਾਸੀ ਕਿਰਤੀ-ਕਾਮਿਆਂ ਵੱਲੋਂ ਜੱਥੇਬੰਦ ਕੀਤੀ ਪਾਰਟੀ ਸੀ, ਪਰ ਫਿਰ ਵੀ ਇਸ ਅੰਦਰਲੇ ਪੜ੍ਹੇ-ਲਿਖੇ ਨੌਜਵਾਨਾਂ ਨੇ ਇਸਨੂੰ ਜਿਹੜਾ ਹੁਲਾਰਾ ਦਿੱਤਾ ਉਹ ਅਦੁੱਤਾ ਕਿਹਾ ਜਾ ਸਕਦਾ ਹੈ। ਜ਼ਿੰਦਗੀ ਦੇ ਉਨੀਵੇਂ ਵਰ੍ਹੇ 'ਚ ਹੱਸ-ਹੱਸ ਕੇ ਫਾਂਸੀ ਚੜ੍ਹਨ ਵਾਲਾ ਨੌਜਵਾਨ ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੀ ਜਿੰਦ-ਜਾਨ ਸੀ। 'ਯੁਗਾਂਤਰ ਆਸ਼ਰਮ' ਵਾਲੇ ਸੱਭੇ ਸਾਥੀ ਉਸ ਮਲੂਕੜੇ ਜਿਹੇ ਨੌਜਵਾਨ ਦੇ ਉਪਾਸ਼ਕ ਸਨ। ਜਦੋਂ ਉਹ ਹਿੰਦ ਨੂੰ ਆਇਆ ਤਾਂ ਉਹ ਗ਼ਦਰ ਕਰਨ ਲਈ ਫੌਜੀ ਛਾਉਣੀਆਂ 'ਚ ਉਰੀ ਵਾਂਗ ਘੁਕਿਆ। ਗ਼ਦਰ ਪਾਰਟੀ ਦੇ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਸੰਪਰਕ ਸਾਧਨ 'ਚ ਸਰਾਭੇ ਤੇ ਇਕ ਹੋਰ ਮੁੱਛ ਫੁਟੇਂਦੇਂ ਨੌਜਵਾਨ ਵਿਸ਼ਨੂੰ ਗਣੇਸ਼ ਪਿੰਗਲੇ ਨੇ ਹੀ ਮੁੱਖ ਰੋਲ ਨਿਭਾਇਆ। ਬੰਗਾਲੀ ਕ੍ਰਾਂਤੀਕਾਰੀ ਰਾਸ ਬਿਹਾਰੀ ਬੋਸ ਆਪਣੇ ਪੰਜਾਬ ਦੇ ਕਿਆਮ ਦੌਰਾਨ ਸਰਾਭੇ ਦੀਆਂ ਸਰਗਰਮੀਆਂ ਤੇ ਨਿਡਰਤਾ ਵੇਖਕੇ ਅਸ਼-ਅਸ਼ ਕਰ ਉੱਠਿਆ ਸੀ। ਸਰਾਭਾ ਤੇ ਪਿੰਗਲੇ ਦੋਵੇਂ ਚੜ੍ਹਦੀ ਉਮਰੇ ਹੱਸ-ਹੱਸ ਫਾਂਸੀ ਚੜ੍ਹ ਕੇ ਅੰਬਰ ਦੇ ਤਾਰਿਆਂ ਵਾਂਗ ਚਮਕ ਉੱਠੇ।

ਲਾਲਾ ਹਰਦਿਆਲ ਤੋਂ ਬਾਅਦ ਗ਼ਦਰ ਪਾਰਟੀ ਦਾ ਜਨਰਲ ਸਕੱਤਰ ਬਣਨ ਵਾਲਾ ਭਾਈ ਸੰਤੋਖ ਸਿੰਘ ਧਰਦਿਓ ਇਕ ਅਦੁੱਤੀ ਨੌਜਵਾਨ ਸਖਸ਼ੀਅਤ ਸੀ। ਉਹਨੇ ਜਿੱਥੇ 'ਹਿੰਦ ਨੂੰ ਚੱਲੋ' ਦੇ ਨਾਅਰੇ 'ਤੇ ਦੇਸ਼-ਵਿਦੇਸ਼ 'ਚ ਅਨੇਕਾਂ ਥਾਵਾਂ ਤੇ ਕੰਮ ਕੀਤਾ ਉੱਥੇ ਫਰਵਰੀ, 1915 ਦੀ ਗ਼ਦਰੀ ਬਗਾਵਤ ਫੇਲ੍ਹ ਹੋਣ ਤੋਂ ਬਾਅਦ ਮੁੜ ਅਮਰੀਕਾ ਪਹੁੰਚਕੇ ਗ਼ਦਰ ਪਾਰਟੀ ਨੂੰ ਨਾ ਸਿਰਫ ਮੁੜ-ਜੱਥੇਬੰਦ ਕੀਤਾ ਸਗੋਂ ਗ਼ਦਰ ਪਾਰਟੀ ਨੂੰ ਮਾਰਕਸੀ ਵਿਚਾਰਧਾਰਾ ਨਾਲ ਲੈਸ ਕਰਨ ਤੇ ਨਵੀਂ ਦਿਸ਼ਾ ਪ੍ਰਦਾਨ ਕਰਨ 'ਚ ਮੋਹਰੀ ਭੂਮਿਕਾ ਵੀ ਨਿਭਾਈ। ਉਹ ਸਿਰਫ 35 ਸਾਲ ਦੀ ਉਮਰ 'ਚ ਤਪਦਿਕ ਨਾਲ ਮੌਤ ਦੇ ਮੂੰਹ ਜਾ ਪਿਆ।



ਭਾਈ ਰਤਨ ਸਿੰਘ ਰਾਏਪੁਰ ਡੱਬਾ, ਪ੍ਰੇਮ ਸਿੰਘ ਗਿੱਲ, ਸੁਚੇਂਦਰ ਨਾਥਕਰ ਆਦਿ ਸਮੇਤ ਅਨੇਕਾਂ ਹੋਰ ਵਿਦਿਆਰਥੀ-ਨੌਜਵਾਨ ਸਨ ਜਿਨ੍ਹਾਂ ਨੇ ਗ਼ਦਰ ਪਾਰਟੀ ਨੂੰ ਆਪਣੇ ਖੂਨ-ਪਸੀਨੇ ਨਾਲ ਸਿੰਜਿਆ ਤੇ ਸਾਬਤ ਕੀਤਾ ਕਿ ਨੌਜਵਾਨ ਵਾਕਿਆ ਹੀ ਚੜ੍ਹਦੇ ਸੂਰਜ ਦੀ ਲਾਲੀ ਵਰਗੇ ਹੁੰਦੇ ਹਨ।

ਅੱਜ ਸਮਾਜ ਦੀ ਸਭ ਤੋਂ ਵੱਧ ਮਜਬੂਤ ਤਾਕਤ, ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਨੌਜਵਾਨ ਹਾਲੋਂ ਬੇਹਾਲ ਹਨ। ਦੇਸ਼ ਦੀ ਨੌਜਵਾਨ ਸ਼ਕਤੀ ਜ਼ਿੰਦਗੀ ਦੀਆਂ ਢੇਰਾਂ ਦੁਸ਼ਵਾਰੀਆਂ ਕਾਰਨ ਉਮਰੋਂ ਪਹਿਲਾਂ ਕੁੱਬੀ ਹੋ ਰਹੀ ਹੈ। ਜਿਸ ਧਰਤੀ 'ਤੇ ਲੱਖਾਂ ਗਭਰੇਟ ਚੜ੍ਹਦੀ ਜਵਾਨੀ ਦੀਆਂ ਮੌਜਾਂ ਮਾਨਣ ਅਤੇ ਦਲੇਰੀ ਭਰੇ ਮਿਸਾਲੀ ਕਾਰਨਾਮੇ ਕਰ ਦੁਨੀਆਂ 'ਚ ਚੰਦ ਵਾਂਗੂੰ ਚਮਕਣ ਦੀ ਉਮਰੇ ਕੁਪੋਸ਼ਣ ਤੇ ਬਿਮਾਰੀਆਂ ਦਾ ਸ਼ਿਕਾਰ, ਭੀਖ ਮੰਗਣ, ਰੇਹੜੀ-ਫੜ੍ਹੀ ਲਾਉਣ, ਫੈਕਟਰੀਆਂ ਦਾ ਧੂੰਆਂ ਫੱਕਣ, ਖੇਤਾਂ ਬੰਨਿਆਂ 'ਤੇ ਮਿੱਟੀ ਨਾਲ ਮਿੱਟੀ ਹੋਣ, ਬੱਸਾਂ, ਟਰੱਕਾਂ, ਦੁਕਾਨਾਂ ਤੇ ਹੋਰ ਨਿੱਕੇ-ਨਿੱਕੇ ਧੰਦਿਆਂ 'ਚ ਪੈ ਕੇ ਪੈਸਾ-ਪੈਸਾ ਇਕੱਠਾ ਕਰਨ ਦੀ ਜਿਲ੍ਹਣ 'ਚ ਫਸੇ, ਕਰਜਿਆਂ ਮਾਰੇ ਅਨਪੜ੍ਹ, ਅੱਧਪੜ੍ਹ ਤੇ ਪੜ੍ਹੇ-ਲਿਖੇ ਬੇਰੁਜਗਾਰ ਗੱਭਰੂ ਮੁਟਿਆਰਾਂ ਹੱਕੀ ਰੁਜਗਾਰ ਲਈ ਪੁਲਸੀ ਧਾੜਾਂ ਦੀਆਂ ਡਾਗਾਂ ਖਾਣ ਅਤੇ ਇਸ ਤੋਂ ਹੋਰ ਕਿਤੇ ਜਿਆਦਾ ਭੈੜੀ ਤੇ ਬੇਇੱਜਤੀ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਉਹ ਮਜਬੂਰ ਹਨ ਕਿਡਨੀਆਂ ਵੇਚਣ, ਅਗਵਾ ਹੋਣ, ਕਤਲ ਹੋਣ, ਲੁੱਟਾਂ-ਖੋਹਾਂ ਤੇ ਨਸ਼ੇ ਕਰਨ ਲਈ। ਵਿਦਿਆਰਥੀ ਜੋ ਦੇਸ਼ ਦਾ ਭਵਿੱਖ ਹਨ ਬੋਝਲ ਤੇ ਗ਼ੈਰ-ਵਿਗਿਆਨਕ ਸਿਲੇਬਸਾਂ ਤੇ ਮਹਿੰਗੀ ਵਿੱਦਿਆ ਦੇ ਬੋਝ ਹੇਠ ਆਏ ਹੋਏ ਹਨ। ਵਿਦਿਆਰਥੀ ਵਰਗ ਦਾ ਵੱਡਾ ਹਿੱਸਾ ਬੇਚੈਨ ਤੇ ਮਨੋਰੋਗੀ ਹੋ ਰਿਹਾ ਹੈ। ਸੈਂਕੜੇ ਖ਼ੁਦਕਸ਼ੀਆਂ ਕਰਨ ਲਈ ਮਜਬੂਰ ਹਨ। ਉਹਨਾਂ ਦੇ ਜ਼ਿੰਦਗੀ ਦੇ ਸੁਪਨੇ ਕਤਲ ਹੋ ਰਹੇ ਹਨ। ਮੰਡੀ ਦੇ ਸ਼ੋਰਗੁਲ 'ਚ ਘਿਰੇ ਨੌਜਵਾਨ ਸਮਾਜਿਕ ਦਸ਼ਾ ਤੋਂ ਨਾਖੁਸ਼ ਹਨ। ਉਹ ਪੂੰਜੀਵਾਦੀ ਖਪਤਵਾਦੀ ਸੱਭਿਆਚਾਰ ਦੇ ਲੁੱਟੇ-ਪੁੱਟੇ ਹਨੇਰੇ 'ਚ ਟੱਕਰਾਂ ਮਾਰ ਰਹੇ ਹਨ। ਦਿਲ ਦਾ ਚੈਨ, ਮਨ ਦੀ ਸ਼ਾਂਤੀ ਫੁਰਰ ਕਰਕੇ ਉੱਡ ਰਹੀ ਹੈ। ਦੇਸ਼ ਦੇ ਮਿਹਨਤਕਸ਼ ਤਬਕਿਆਂ ਦੀ ਹਾਲਤ ਇਸ ਤੋਂ ਵੀ ਬਦਤਰ ਹੈ। ਖਾਸ ਕਰ ਪੰਜਾਬ ਹੀ ਨਹੀਂ ਪੂਰੇ ਮੁਲਕ ਭਰ 'ਚ ਕਿਸਾਨੀ ਸਿਰ ਚੜ੍ਹਿਆ ਕਰਜਾ ਅਤੇ ਖ਼ੁਦਕਸ਼ੀਆਂ ਵਰਗਾ ਨਾਂ ਬਰਦਾਸ਼ਤ ਵਰਤਾਰਾ ਤੇਜ਼ੀ ਨਾਲ ਵਧਦਾ ਹੀ ਜਾ ਰਿਹਾ ਹੈ। ਹਰ ਰੋਜ ਪੰਜਾਬ, ਮਹਾਂਰਾਸ਼ਟਰ, ਹਰਿਆਣਾ ਆਦਿ ਸੂਬਿਆਂ 'ਚ ਕਿਸਾਨੀ ਘਰਾਂ 'ਚ ਵਿਛ ਰਹੇ ਸੱਥਰ ਹਾਲਾਤ ਦੀ ਗੰਭੀਰਤਾ ਦਾ ਨੰਗਾ ਚਿੱਟਾ ਇਜ਼ਹਾਰ ਹਨ। ਨਵੀਆਂ ਨੀਤੀਆਂ ਦੇ ਕਾਰਪੋਰੇਟ ਘਰਾਣਿਆਂ ਪੱਖੀ ਮਾਡਲ ਲਾਗੂ ਹੋਣ ਨਾਲ ਮਜਦੂਰਾਂ ਦੀਆਂ ਉੱਚ ਤਕਨੀਕ ਦੇ ਕਾਰਨ ਖੁੱਸ ਰਿਹਾ ਰੁਜ਼ਗਾਰ ਵੀ ਗੰਭੀਰ ਖਤਰੇ ਦਾ ਸੰਕੇਤ ਹੈ। ਜੋ ਲੋਕ ਇਸ ਗਲੇ-ਸੜ੍ਹੇ ਸਮਾਜ ਨੂੰ ਬਦਲ ਦੇਣਾ ਚਾਹੁੰਦੇ ਹਨ, ਜਿਨ੍ਹਾਂ ਨੂੰ ਇਸਦੇ ਪਾਲਤੂ ਬਣਨਾ ਮਨਜ਼ੂਰ ਨਹੀਂ ਹੈ, ਗ਼ਦਰ ਲਹਿਰ ਦਾ ਜੁਝਾਰੂ ਵਿਰਸਾ ਉਨ੍ਹਾਂ ਲਈ ਪ੍ਰੇਰਨਾ ਸ੍ਰੋਤ ਹੈ।

ਆਓ, ਗ਼ਦਰ ਪਾਰਟੀ, ਉਸਦੇ ਉਦੇਸ਼ ਤੇ ਸੰਘਰਸ਼ ਤੇ ਸੰਖੇਪ ਝਾਤ ਪਾਈਏ..

ਭਾਰਤ 18ਵੀਂ ਸਦੀ ਵਿਚ ਅੰਗਰੇਜ਼ ਸਾਮਰਾਜ ਦੀ ਇੱਕ ਗੁਲਾਮ ਬਸਤੀ ਸੀ। ਬਰਤਾਨਵੀ ਧਾੜਵੀਆਂ ਨੇ ਬੰਦੂਕ ਦੀ ਨੋਕ 'ਤੇ ਅਗਲੇ ਦੋ ਸੌ ਸਾਲ ਤੱਕ ਭਾਰਤ ਦੀ ਦੇਸੀ ਸਨਅਤ, ਦਸਤਕਾਰੀ ਤੇ ਖੇਤੀ ਨੂੰ ਦੋਵੇਂ ਹੱਥੀਂ ਲੁੱਟਿਆ। ਅੰਗਰੇਜ਼ ਸਾਮਰਾਜੀਆਂ ਨੇ ਸਨਅਤੀ ਖੇਤਰਾਂ ਦੇ ਲੱਖਾਂ ਮਜ਼ਦੂਰਾਂ ਦੇ ਹੱਥ ਵੱਢੇ, ਢਾਕੇ ਦੀ ਮਲਮਲ ਦੀ ਸਨਅਤ ਨੂੰ ਤਬਾਹ ਕੀਤਾ ਗਿਆ। ਭਾਰਤੀ ਅਰਥ ਵਿਵਸਥਾ ਦੀ ਰੀੜ੍ਹ ਖੇਤੀ ਖੇਤਰ ਵਿੱਚੋਂ ਲੱਖਾਂ ਪੌਂਡ ਅਨਾਜ ਤੇ ਕਪਾਹ ਬਰਤਾਨੀਆਂ ਲਿਜਾਇਆ ਗਿਆ। ਨੀਲ ਦੀ ਖੇਤੀ ਦਾ ਉਜਾੜਾ ਕੀਤਾ। ਦੇਸ਼ ਦੇ ਕਿਸਾਨਾਂ ਨੂੰ ਸ਼ਾਹੂਕਾਰਾ ਪ੍ਰਬੰਧ ਦੇ ਵੱਸ ਪਾ ਕੇ ਜ਼ਬਰੀ ਮਾਲੀਆਂ ਉਗਰਾਹਿਆ ਜਾਣ ਲੱਗਾ। ਵਿਪਤਾਵਾਂ ਮਾਰੇ ਕਿਸਾਨ ਜ਼ਮੀਨਾਂ ਵੇਚਣ ਤੇ ਗਹਿਣੇ ਕਰਨ ਲੱਗੇ। ਤਿੱਖੀ ਆਰਥਿਕ ਲੁੱਟ ਦੇ ਨਾਲ-ਨਾਲ ਦੇਸ਼ ਦੀ ਜਨਤਾ ਅੰਦਰ ਜਾਤੀ-ਪਾਤੀ ਮਜ਼ਹਬੀ ਤੇ ਫਿਰਕੂ ਤੁਅਸਬਾਂ ਨੂੰ ਹਵਾ ਦੇ ਕੇ ਸਾਂਝੀਵਾਲਤਾ ਦੀਆਂ ਭਾਵਨਾ 'ਚ ਜਿਓਂ ਰਹੀ ਲੁਕਾਈ ਦੇ ਮਨਾਂ 'ਚ ਲੜਾਈ ਤੇ ਨਫ਼ਰਤ ਫੈਲਾਈ ਗਈ। ਸਮਾਜਿਕ ਸੱਭਿਆਚਾਰਕ ਪ੍ਰਬੰਧ ਨੂੰ ਆਪਣੀਆਂ ਨੀਤੀਆਂ ਦੇ ਅਨੁਸਾਰੀ ਢਾਲਿਆ ਗਿਆ। ਈਸਾਈ ਧਾਰਮਿਕ ਤੁਅਸਬਾਂ ਤੇ ਅੰਗਰੇਜ਼ ਭਗਤ ਮਾਨਸਿਕ ਢਲਾਈ ਕਰਨ ਵਾਲਾ ਸਿੱਖਿਆ ਤੰਤਰ ਸਮਾਜ ਦੇ ਸਭਨਾਂ ਵਰਗਾਂ ਉੱਪਰ ਥੋਪਿਆ ਗਿਆ। ਜਿਸਨੇ ਭਵਿੱਖ ਵਿਚ ਅੰਗਰੇਜ਼ ਭਗਤ ਦਲਾਲਾਂ ਦੇ ਪੂਰਾਂ ਦੇ ਪੂਰ ਪੈਦਾ ਕੀਤੇ। ਅੰਗਰੇਜ਼ੀ ਰਾਜ ਸਮੇਂ ਦੇਸ਼ 'ਚ 1850 ਤੋਂ 1900 ਤੱਕ 25 ਵਾਰ ਕਾਲ ਪੈਣ 'ਤੇ 2 ਕਰੋੜ ਲੋਕ ਭੁੱਖਮਰੀ ਕਾਰਨ ਮੌਤ ਦੇ ਮੂੰਹ ਜਾ ਪਏ। ਗ਼ਰੀਬੀ, ਭੁੱਖਮਰੀ ਤੇ ਸਰਕਾਰੀ ਲੁੱਟ-ਜਬਰ ਦੇ ਸ਼ਿਕਾਰ ਭਾਰਤੀਆਂ ਨੂੰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਦਬਾਕੇ ਰੱਖਿਆ ਗਿਆ। ਇਹਨਾਂ ਹਾਲਤਾਂ 'ਚ ਭਾਰਤੀਆਂ ਦਾ ਵੱਡਾ ਹਿੱਸਾ ਅੰਗਰੇਜ਼ੀ ਲੁੱਟ-ਜਬਰ ਹੇਠ ਕਰਾਹੁੰਦੇ ਰਹਿਣ ਨੂੰ ਗੁਲਾਮੀ ਨੂੰ ਆਪਣੀ ਹੋਣੀ ਮੰਨਦਿਆਂ ਅੰਦਰੋ-ਅੰਦਰ ਜ਼ਹਿਰ ਘੋਲਦਾ ਰਿਹਾ ਤੇ ਕੁਝ ਹਿੰਦੋਸਤਾਨੀ ਜ਼ਿੰਦਗੀ ਦੀ ਬੇਹਤਰੀ ਲਈ ਵਿਦੇਸ਼ਾਂ ਵੱਲ ਨੂੰ ਚੱਲ ਪਏ।

ਇਸ ਤਰ੍ਹਾਂ ਮੰਦਹਾਲੀ ਦੇ ਮਾਰੇ ਲਗਭਗ 15000 ਹਜ਼ਾਰ ਭਾਰਤੀ ਆਪਣਾ ਵਤਨ ਛੱਡ ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵੱਲ ਪ੍ਰਵਾਸ ਕਰਨ ਲੱਗੇ। ਇਹਨਾਂ ਪ੍ਰਦੇਸੀਆਂ ਵਿਚੋਂ ਬਹੁ ਗਿਣਤੀ ਪੰਜਾਬੀ ਸਨ। ਵਿਸ਼ਵ ਆਰਥਿਕ ਮੰਦੀ ਦੇ ਦੌਰ 'ਚ ਸਰਮਾਏਦਾਰਾਂ ਲਈ ਇਹ ਭਾਰਤੀ ਵਿਦਿਆਰਥੀ ਤੇ ਕਾਮੇ ਵਿਦੇਸ਼ੀ ਕੰਪਨੀਆਂ ਲਈ ਸਸਤੇ ਉਜਰਤੀ ਮਜ਼ਦੂਰ ਹੀ ਸਨ। ਭਾਰਤ ਵਿਚ ਸਿੱਧੀ ਤੇ ਤਿੱਖੀ ਗ਼ੁਲਾਮੀ ਦੇ ਡੰਝੇ ਇਹਨਾਂ ਭਾਰਤੀਆਂ ਨਾਲ ਵਿਦੇਸ਼ਾਂ ਵਿਚ ਵੀ ਦੂਜੇ ਦਰਜੇ ਦੇ ਨਾਗਰਿਕਾਂ ਵਰਗਾ ਮਾੜਾ ਵਿਵਹਾਰ ਕੀਤਾ ਜਾਂਦਾ। ਵਿਦੇਸ਼ਾਂ ਅੰਦਰ ਉਹਨਾਂ ਨੂੰ ਫਿਟਕਾਰਾਂ ਤੇ ਨਸਲੀ ਵਿਤਕਰੇ ਦਾ ਸ਼ਿਕਾਰ ਬਣਾਇਆ ਜਾਂਦਾ। ਭਾਰਤੀਆਂ ਨੂੰ 'ਗੁਲਾਮ ਭੇਡਾਂ' 'ਨਖਿੱਧ ਹਿੰਦੂ' ਤੇ 'ਕਾਲੇ ਭਾਰਤੀ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਿਆ ਜਾਂਦਾ। ਇਹਨਾਂ ਮੁਲਕਾਂ ਅੰਦਰ ਨਾਗਰਿਕਾਂ ਨੂੰ ਪ੍ਰਾਪਤ ਮੁਕਾਬਲਤਨ ਜਮਹੂਰੀ ਅਧਿਕਾਰਾਂ ਤੋਂ ਜਾਗਰੂਕ ਹੋ ਕੇ ਤੇ ਦੂਸਰੇ ਪਾਸੇ ਗੁਲਾਮੀ ਦੇ ਤਾਹਨਿਆਂ-ਮਿਹਣਿਆਂ ਨੇ ਹਿੰਦੋਸਤਾਨੀਆਂ ਦੇ ਮਨ ਅੰਦਰ ਆਜ਼ਾਦੀ ਦੀਆਂ ਭਾਵਨਾਵਾਂ ਨੂੰ ਜਗਾਇਆ। ਉਹਨਾਂ ਰਾਜਸੀ ਚੇਤੰਨਤਾ ਗ੍ਰਹਿਣ ਕਰਦਿਆਂ ਆਪਣੇ-ਆਪਣੇ ਪੱਧਰ 'ਤੇ ਸਿਆਸੀ ਪ੍ਰਚਾਰ-ਪ੍ਰਸਾਰ ਲਈ ਅਖ਼ਬਾਰ ਕੱਢਣੇ ਸ਼ੁਰੂ ਕੀਤੇ ਜਿਨ੍ਹਾਂ ਵਿਚੋਂ ਸ਼ਿਆਮ ਕਿਸ਼ਨ ਵਰਮਾ ਦਾ 'ਇੰਡੀਅਨ ਸ਼ੋਸ਼ਲਿਸਟ' ਤਾਰਕਨਾਥ ਦਾਸ ਦਾ 'ਫਰੀ ਹਿੰਦੋਸਤਾਨ' ਤੇ ਮੈਡਮ ਕਾਮਾ ਦਾ ਅਖ਼ਬਾਰ 'ਵੰਦੇ ਮਾਤਰਮ' ਪ੍ਰਮੁੱਖ ਸਨ।

ਵਤਨ ਦੇ ਚੇਤੰਨ-ਜੁਝਾਰੂ ਪੁੱਤਰਾਂ ਨੇ ਆਪਣੇ ਪਿਆਰੇ ਵਤਨ ਵਾਸੀਆਂ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ੀ ਧਰਤੀ ਆਸਟਰੀਆ ਵਿੱਚ 21 ਅਪ੍ਰੈਲ, 1913 ਨੂੰ ਇਕੱਠੇ ਹੋਏ ਡੈਲੀਗੇਟਾਂ ਦੇ ਵਿਚੋਂ 'ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸੇਫਿਕ ਕੋਸਟ ਆਫ਼ ਅਮਰੀਕਾ ਦੀ ਸਥਾਪਨਾ ਕੀਤੀ ਜੋ ਬਾਅਦ ਵਿਚ ਗ਼ਦਰ ਪਾਰਟੀ ਦੇ ਨਾਂ ਨਾਲ ਮਸ਼ਹੂਰ ਹੋਈ। ਸਾਨਫਰਾਂਸਿਸਕੋ ਵਿੱਚ ਇਕ ਕਿਰਾਏ ਦੇ ਮਕਾਨ ਵਿਚ ਗ਼ਦਰ ਪਾਰਟੀ ਦਾ ਕੇਂਦਰੀ ਦਫ਼ਤਰ ਬਣਾਇਆ ਗਿਆ ਜਿਸਦਾ ਨਾਮ ਯੁਗਾਂਤਰ ਆਸ਼ਰਮ ਰੱਖਿਆ ਗਿਆ। ਗ਼ਦਰ ਪਾਰਟੀ ਵੱਲੋਂ ਭਾਰਤ ਦੀ ਪਹਿਲੀ ਜੰਗੇ ਆਜ਼ਾਦੀ ਕਹੇ ਜਾਣ ਵਾਲੇ 1857 ਦੇ ਮਹਾਨ ਗ਼ਦਰ ਦੀ ਯਾਦ ਵਿੱਚ 'ਗ਼ਦਰ' ਅਖ਼ਬਾਰ ਕੱਢਣ ਦੀ ਯੋਜਨਾ ਬਣਾਈ ਗਈ। ਪਾਰਟੀ ਨੇ ਬਰਤਾਨਵੀ ਹਕੂਮਤ ਦੇ ਕਿਸੇ ਵੱਡੀ ਲੜਾਈ ਵਿੱਚ ਫਸੇ ਹੋਣ ਦੀ ਸੂਰਤ ਵਿੱਚ ਤੇ ਅੰਗਰੇਜ਼ ਹਕੂਮਤ ਵਿਰੋਧੀ ਅੰਤਰਰਾਸ਼ਟਰੀ ਤਾਕਤਾਂ ਤੋਂ ਸਹਿਯੋਗ ਹਾਸਲ ਕਰਦਿਆਂ ਭਾਰਤ ਵਿਚ ਫ਼ੌਜੀ ਤੇ ਲੋਕ ਬਗਾਵਤ ਰਾਹੀਂ ਹਥਿਆਰਬੰਦ ਗ਼ਦਰ ਕਰਨ ਦੀ ਵਿਉਂਤ ਬਣਾਈ।

"1857 ਦੇ ਗ਼ਦਰ ਨੂੰ 56 ਸਾਲ ਬੀਤ ਗਏ ਹਨ", "ਬਹੁਤ ਜਲਦ ਹੁਣ ਦੂਸਰੇ ਗ਼ਦਰ ਦੀ ਲੋੜ ਹੈ।" ਹਰ ਵਿਅਕਤੀ ਨੂੰ ਝੰਜੋੜ ਦੇਣ ਵਾਲੀ ਗ਼ਦਰ ਅਖ਼ਬਾਰ ਦੀ ਇਹ ਰੋਹਲੀ ਵੰਗਾਰ ਹਰ ਅੰਕ 'ਚ ਦਰਜ ਹੁੰਦੀ ਸੀ। 'ਗ਼ਦਰ' ਦਾ ਪਹਿਲਾ ਅੰਕ 1 ਨਵੰਬਰ 1913 ਨੂੰ ਪ੍ਰਕਾਸ਼ਿਤ ਕੀਤਾ ਗਿਆ। ਵਤਨ ਪਰਤ ਕੇ ਹਥਿਆਰਬੰਦ ਬਗਾਵਤ ਕਰਨ ਦਾ ਹੋਕਾ ਦਿੰਦਾ ਇਹ ਹਫ਼ਤਾਵਾਰੀ ਅਖ਼ਬਾਰ ਉਰਦੂ, ਪੰਜਾਬੀ, ਮਰਾਠੀ ਤੇ ਹੋਰ ਕਈ ਭਾਸ਼ਾਵਾਂ ਵਿੱਚ ਕੱਢਿਆ ਜਾਂਦਾ ਸੀ। ਪੰਜਾਬੀ ਮਜ਼ਮੂਨ ਦਾ ਸੰਪਾਦਕ ਕਰਤਾਰ ਸਿੰਘ ਸਰਾਭਾ ਇਸਨੂੰ ਗੁਰਮੁਖੀ ਵਿੱਚ ਪਹਿਲਾਂ ਸਾਇਕਲੋ-ਸਟਾਇਲ ਮਸ਼ੀਨ ਤੇ ਛਾਪਦਾ ਰਿਹਾ ਤੇ ਫਿਰ ਵੱਡੀ ਲਿਥੋ ਮਸ਼ੀਨ 'ਤੇ। ਇਸਦੀ ਚਰਚਾ ਐਨੀ ਜ਼ਿਆਦਾ ਸੀ ਕਿ ਇਹ ਅਮਰੀਕਾ ਤੋਂ ਛਪਵਾ ਕੇ ਭਾਰਤ, ਹਾਂਗਕਾਂਗ, ਅਰਜਨਟੀਨਾ, ਸਿੰਘਾਪੁਰ, ਮਲਾਇਆ, ਬਰਮਾ, ਪਨਾਮਾ, ਫਿਲਪੀਨ, ਸ਼ਿੰਘਾਈ ਤੇ ਹੋਰ ਅਨੇਕਾਂ ਦੇਸ਼ਾਂ 'ਚ ਭੇਜਿਆ ਜਾਂਦਾ। 'ਗ਼ਦਰ' ਅਖ਼ਬਾਰ ਨੇ ਕਈ ਦੇਸ਼ਾਂ

ਵਿਚ ਗ਼ਦਰ ਪਾਰਟੀ ਦੀਆਂ ਕਮੇਟੀਆਂ ਜਥੇਬੰਦ ਕਰਨ ਵਿਚ ਵੀ ਮਹੱਤਵਪੂਰਨ ਰੋਲ ਅਦਾ ਕੀਤਾ। 'ਗ਼ਦਰ' ਦੇ ਹਰ ਅੰਕ ਵਿਚ 'ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ', 'ਅੰਕਾਂ ਦੀ ਗਵਾਹੀ' ਤੇ 'ਆਜ਼ਾਦੀ ਲਈ ਹਿੰਦ ਦੀ ਲੜਾਈ' ਨਾਂ ਦੇ ਸਥਾਈ ਕਾਲਮ ਦਿੱਤੇ ਜਾਂਦੇ ਸਨ। 'ਗ਼ਦਰ ਦੀ ਗੂੰਜ' ਕਲਮ ਵਿਚ ਗ਼ਦਰੀਆਂ ਦੀਆਂ ਰੋਹਲੀਆਂ ਕਵਿਤਾਵਾਂ ਦਰਜ ਕੀਤੀਆਂ ਜਾਂਦੀਆਂ। ਫ਼ਰਾਂਸ, ਆਇਰਸ਼ ਤੇ ਰੂਸੀ ਇਨਕਲਾਬ ਦੀਆਂ ਕਹਾਣੀਆਂ ਇਸ ਵਿਚ ਸਮਾਜਿਕ-ਸਿਆਸੀ ਚੇਤੰਨਤਾ ਦਾ ਖ਼ਾਸ ਸੋਮਾ ਹੁੰਦੀਆਂ ਸਨ। 'ਗ਼ਦਰ' ਅਖ਼ਬਾਰ, ਗ਼ਦਰ ਪਾਰਟੀ ਦੇ ਉਦੇਸ਼ਾਂ ਦੇ ਪ੍ਰਚਾਰ-ਪ੍ਰਸਾਰ ਕਰਨ ਦਾ ਇੱਕ ਤਕੜਾ ਹਥਿਆਰ ਸੀ।

ਗ਼ਦਰ ਪਾਰਟੀ ਦੀ ਸਥਾਪਨਾ ਸਮੇਂ ਗ਼ਦਰੀ ਇਨਕਲਾਬੀਆਂ ਦਾ ਅੰਦਾਜ਼ਾ ਸੀ ਕਿ ਦੇਸ਼ ਵਿਚ 1920 ਦੇ ਲਗਭਗ ਯੁੱਧ ਛਿੜ ਜਾਵੇਗਾ। ਪ੍ਰੰਤੂ ਬਰਤਾਨੀਆਂ ਦੇ 1914 ਵਿਚ ਪਹਿਲੀ ਸੰਸਾਰ ਜੰਗ ਵਿਚ ਸ਼ਾਮਲ ਹੋਣ ਕਾਰਨ ਗ਼ਦਰੀਆਂ ਨੂੰ 5 ਅਗਸਤ 1914 ਦੇ ਗ਼ਦਰ ਅਖ਼ਬਾਰ ਵਿਚ ਵਤਨ ਪਰਤ ਕੇ ਹਥਿਆਰਬੰਦ ਗ਼ਦਰ ਕਰਨ ਦਾ 'ਕਰੋ ਜਾਂ ਮਰੋ' ਦਾ ਐਲਾਨ ਛਾਪਣਾ ਪਿਆ। ਇਹ ਐਲਾਨ ਜੰਗਲ ਦੀ ਅੱਗ ਵਾਂਗ ਸਭਨਾ ਦੇਸ਼ਾਂ 'ਚ ਬੈਠੇ ਗ਼ਦਰੀਆਂ ਤੱਕ ਪਹੁੰਚ ਗਿਆ ਤੇ ਨਾਲ ਦੀ ਨਾਲ ਹੀ ਅੰਗਰੇਜ਼ ਹਕੂਮਤ ਦੇ ਕੰਨੀ ਵੀ ਜਾ ਪਿਆ। ਇਸ ਐਲਾਨ ਤੇ ਅਮਲਦਾਰੀ ਲਈ ਜਗ੍ਹਾ-ਜਗ੍ਹਾ ਕਾਨਫਰੰਸਾਂ ਕੀਤੀਆਂ ਗਈਆਂ। ਨਵੰਬਰ ਦੇ ਪਹਿਲੇ ਹਫ਼ਤੇ ਤੋਂ ਪਹਿਲਾਂ ਵਤਨ ਜਾਣ ਦਾ ਪੱਕਾ ਨਿਸ਼ਚਾ ਕੀਤਾ ਗਿਆ। ਇਸ ਸੱਦੇ ਤੇ 8000 ਤੋਂ ਉੱਪਰ ਗ਼ਦਰੀ ਯੋਧੇ ਹਿੰਦੋਸਤਾਨ ਦੀ ਧਰਤੀ 'ਤੇ ਗ਼ਦਰ ਮਚਾਉਣ ਲਈ ਪੁੱਜ ਚੁੱਕੇ ਸਨ। ਕੁਰਬਾਨੀ ਦੇ ਪੁੰਜ ਉਹ ਮਹਾਨ ਗ਼ਦਰੀ ਅਥਾਹ ਸਵੈ-ਭਰੋਸੇ ਤੇ ਉਤਸ਼ਾਹ ਨਾਲ ਗੋਰਾਸ਼ਾਹੀ ਦਾ ਭਾਰਤ 'ਚੋਂ ਫਸਤਾ ਵੱਢਣ ਦਾ ਜਜ਼ਬਾ ਧਾਰ ਕੇ ਮੈਦਾਨੇ ਜੰਗ ਵਿਚ ਨਿਤਰੇ। ਪਰ ਇਸ ਸਭ ਦੇ ਬਾਵਜੂਦ ਪਾਰਟੀ ਅੱਗੇ ਅਨੇਕਾਂ ਮੁਸ਼ਕਿਲਾਂ ਤੇ ਸੀਮਤਾਈਆਂ ਸਨ। ਜੰਗੀ ਹਥਿਆਰ, ਹਥਿਆਰ ਲਈ ਫੈਸਲਾਕੁੰਨ ਲੋਕ ਤੇ ਗ਼ਦਰ ਪਾਰਟੀ ਦੇ ਉਦੇਸ਼ ਪ੍ਰਤੀ ਲੋਕ ਚੇਤੰਨਤਾ ਦੀ ਵੱਡੀ ਘਾਟ ਕਾਰਨ ਗ਼ਦਰੀਆਂ ਨੂੰ ਦੇਸ਼ ਦੇ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਨਹੀਂ ਮਿਲਿਆ ਪਰ ਫਿਰ ਵੀ ਉਹਨਾਂ ਯੋਧਿਆਂ ਨੇ ਸਿਦਕ ਨਹੀਂ ਹਾਰਿਆ।

ਭਾਰਤ ਦੀ ਧਰਤੀ 'ਤੇ ਗ਼ਦਰ ਕਰਨ ਦੇ ਖੁੱਲ੍ਹਮ-ਖੁੱਲ੍ਹੇ ਐਲਾਨ ਕਾਰਨ ਬਰਤਾਨਵੀ ਹਕੂਮਤ ਚੌਕੰਨੀ ਹੋ ਗਈ ਤੇ ਉਸਨੇ ਵਤਨ ਪਰਤ ਰਹੇ ਭਾਰਤੀਆਂ ਨੂੰ (ਖਾਸਕਰ ਮੁੱਖ ਲੀਡਰਸ਼ਿਪ ਨੂੰ) ਮੁਲਕ 'ਚ ਦਾਖਲ ਹੁੰਦਿਆਂ ਹੀ ਗ੍ਰਿਫ਼ਤਾਰ ਕਰ ਲਿਆ। ਨਵੀਂ ਬਣੀ ਲੀਡਰਸ਼ਿਪ ਨੇ ਗ਼ਦਰ ਪਾਰਟੀ ਦੇ ਉਦੇਸ਼ ਨੂੰ ਅੱਗੇ ਵਧਾਉਂਦਿਆਂ ਪਿੰਡਾਂ ਦੇ ਲੋਕਾਂ ਵਿਚ ਗ਼ਦਰੀ ਸਾਹਿਤ ਵੰਡਣ, ਗ਼ਦਰ ਅਖ਼ਬਾਰ ਮੁੜ ਛਾਪਣ ਤੇ ਫ਼ੌਜੀ ਛਾਉਣੀਆਂ ਵਿਚ ਫ਼ੌਜੀਆਂ ਨੂੰ ਬਗਾਵਤਾਂ ਲਈ ਤਿਆਰ ਕਰਨਾ ਆਰੰਭ ਕਰ ਦਿੱਤਾ। ਪੰਜਾਬ ਦੇ ਅਨੇਕਾਂ ਪਿੰਡਾਂ ਤੇ ਲੁਧਿਆਣੇ ਦੇ ਵਿਦਿਆਰਥੀਆਂ ਨੇ ਗ਼ਦਰ ਪਾਰਟੀ ਦੀ ਮਜ਼ਬੂਤੀ ਲਈ ਵਿਸ਼ੇਸ਼ ਯੋਗਦਾਨ ਪਾਇਆ। ਵੱਧ ਤੋਂ ਵੱਧ ਕਾਰਕੁੰਨਾਂ ਨੂੰ ਗ਼ਦਰ ਪਾਰਟੀ 'ਚ ਭਰਤੀ ਕੀਤਾ ਜਾਂਦਾ। ਅਨੇਕਾਂ ਫ਼ੌਜੀ ਪਲਟਨਾਂ ਨੂੰ ਬਗ਼ਾਵਤ ਲਈ ਰਜਾਮੰਦ ਕੀਤਾ ਗਿਆ। ਹਥਿਆਰਾਂ ਦੀ ਘਾਟ ਪੂਰੀ ਕਰਨ ਲਈ ਸਰਕਾਰੀ ਖਜ਼ਾਨਿਆਂ ਨੂੰ ਲੁੱਟਣਾ ਤੇ ਪਿੰਡਾਂ 'ਚ ਡਾਕੇ ਮਾਰਨੇ ਪੈਂਦੇ। ਹੋਰਨਾਂ ਪ੍ਰਾਂਤਾਂ ਦੇ ਇਨਕਲਾਬੀਆਂ ਨਾਲ ਸਰਗਰਮ ਤਾਲਮੇਲ ਰੱਖਿਆ ਜਾਂਦਾ।

ਵੱਖ-ਵੱਖ ਥਾਵਾਂ ਤੋਂ ਗ਼ਦਰੀ ਇਨਕਲਾਬੀਆਂ ਵੱਲੋਂ ਗ਼ਦਰ ਦੀਆਂ ਤਿਆਰੀਆਂ ਦੀ ਰਿਪੋਰਟ ਆਉਣ ਤੇ 21 ਫਰਵਰੀ 1915 ਨੂੰ ਬਗਾਵਤ ਕਰਨ ਦੀ ਤਰੀਕ ਮਿਥਕੇ ਸਭਨਾਂ ਗ਼ਦਰੀਆਂ ਦੀਆਂ ਮਹੱਤਵਪੂਰਨ ਬਗ਼ਾਵਤੀ ਕੇਂਦਰਾਂ 'ਤੇ ਡਿਊਟੀਆਂ ਲਾਈਆਂ ਗਈਆਂ। ਪ੍ਰੰਤੂ ਸਰਕਾਰ ਨੇ ਛਲ-ਕਪਟ ਦੀ ਨੀਤੀ ਤੇ ਚੱਲਦਿਆਂ ਕਿਰਪਾਲ ਸਿੰਘ ਨਾਂ ਦੇ ਮੁਖ਼ਬਰ ਨੂੰ ਗ਼ਦਰ ਪਾਰਟੀ ਵਿਚ ਦਾਖ਼ਲ ਕਰ ਦਿੱਤਾ ਜਿਸਨੇ ਗ਼ਦਰ ਦੀ ਤਰੀਕ ਦੀ ਸੂਹ ਅੰਗਰੇਜ਼ ਹਕੂਮਤ ਨੂੰ ਦੇ ਦਿੱਤੀ। ਕਿਰਪਾਲ ਸਿੰਘ ਦੀ ਗ਼ੱਦਾਰੀ ਦਾ ਪਤਾ ਲੱਗਣ 'ਤੇ ਬਗ਼ਾਵਤ ਦੀ ਤਰੀਕ 19 ਫਰਵਰੀ ਕਰ ਦਿੱਤੀ ਗਈ ਜਿਸਦੀ ਕੰਨਸੋਅ ਵੀ ਅੰਗਰੇਜ਼ ਹਕੂਮਤ ਨੂੰ ਮਿਲਣ ਕਾਰਨ ਗ਼ਦਰੀਆਂ ਉੱਪਰ ਚੌਕਸੀ ਵਧਾਉਂਦਿਆਂ ਉਹਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਦੌਰ ਤੇਜ਼ ਕੀਤਾ ਗਿਆ। ਛਾਉਣੀਆਂ ਉੱਪਰ ਸਖ਼ਤ ਚੌਕਸੀ ਰੱਖਦਿਆਂ ਜ਼ਬਰੀ ਫੌਜੀ ਬਗ਼ਾਵਤਾਂ ਨੂੰ ਕੁਚਲਿਆ ਗਿਆ। ਫ਼ੌਜ ਨੂੰ ਬੇਹਥਿਆਰ ਕਰਦਿਆਂ ਪਲਟਨਾਂ ਦੇ ਲੀਡਰਾਂ ਨੂੰ ਉਮਰ ਕੈਦ ਦੀ ਸਜਾ ਸੁਣਾਈ ਗਈ। ਕਈਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਗ਼ਦਰੀਆਂ ਨੂੰ ਸਖ਼ਤ ਸਜਾਵਾਂ, ਜਾਇਦਾਦ ਜ਼ਬਤੀ, ਫਾਂਸੀ, ਤਸੀਹਿਆਂ ਤੇ ਨਜ਼ਰਬੰਦ ਕੀਤਾ ਗਿਆ। ਇਸ ਦੌਰਾਨ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘੀਆ ਜੋ ਗ੍ਰਿਫ਼ਤਾਰੀ ਤੋਂ ਬਚ ਗਏ ਸਨ ਨੇ ਅਫਗਨਿਸਤਾਨ ਦੇ ਸਰਹੱਦੀ ਇਲਾਕੇ ਵੱਲ ਜਾਣ ਦਾ ਫੈਸਲਾ ਕੀਤਾ। ਅਟਕ ਦਰਿਆ ਤੋਂ ਸਰਾਭੇ ਦੇ ਫੈਸਲੇ ਮੁਤਾਬਿਕ ਪੰਜਾਬ ਵਾਪਸ ਪਰਤਣ ਦਾ ਫੈਸਲਾ ਕੀਤਾ ਗਿਆ। ਉਹ ਸਰਗੋਧੇ ਕਾ. ਰਾਜਿੰਦਰ ਸਿੰਘ ਦੇ ਘਰ ਪਹੁੰਚੇ ਜਿੱਥੇ ਉਸਨੇ 'ਗ਼ਦਰ ਦੀ ਗੂੰਜ' 'ਚੋਂ ਕਵਿਤਾਵਾਂ ਪੜ੍ਹਕੇ ਸੁਣਾ ਰਹੇ ਸਰਾਭੇ ਤੇ ਉਸਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

26 ਅਪ੍ਰੈਲ 1915 ਨੂੰ ਪਹਿਲਾ ਲਾਹੌਰ ਸਾਜ਼ਿਸ਼ ਕੇਸ ਚੱਲਿਆ ਜਿਸਦਾ ਫੈਸਲਾ 13 ਸਤੰਬਰ ਨੂੰ ਸੁਣਾਇਆ ਗਿਆ। ਇਸ ਫ਼ੈਸਲੇ ਮੁਤਾਬਿਕ 24 ਗ਼ਦਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤੇ ਬਾਕੀ 27 ਨੂੰ ਉਮਰ ਕੈਦ, ਕਾਲੇਪਾਣੀ ਦੀ ਸਜ਼ਾ ਸੁਣਾਈ ਗਈ। ਇਸ ਤੋਂ ਇਲਾਵਾ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟੀ, ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ ਤੇ ਸੁਰੈਣ ਸਿੰਘ ਛੋਟਾ 7 ਗ਼ਦਰੀ ਸੂਰਵੀਰਾਂ ਨੂੰ 16 ਨਵੰਬਰ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਸ਼ਹੀਦ ਕਰ ਦਿੱਤਾ ਗਿਆ। ਫਾਂਸੀ ਦੀਆਂ ਸਜਾਵਾਂ ਤੋਂ ਇਲਾਵਾ 26 ਗ਼ਦਰੀਆਂ ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ। 306 ਗ਼ਦਰੀਆਂ ਨੂੰ ਉਮਰ ਕੈਦ ਤੇ 77 ਜਣਿਆਂ ਨੂੰ ਘੱਟ ਸਜ਼ਾਵਾਂ ਹੋਈਆਂ।

ਇਸ ਤਰ੍ਹਾਂ ਗ਼ਦਰ ਬਗਾਵਤ ਦੇ ਅਸਫ਼ਲ ਰਹਿਣ ਦੇ ਬਾਵਜੂਦ ਕੁਰਬਾਨੀ, ਆਤਮ ਤਿਆਗ ਤੇ ਬਰਤਾਨਵੀ ਹਾਕਮਾਂ ਖਿਲਾਫ਼ ਵਿਦਰੋਹ ਦੀ ਜੋ ਲਹਿਰ ਉਹਨਾਂ ਗ਼ਦਰੀ ਇਨਕਲਾਬੀਆਂ ਯੋਧਿਆਂ ਨੇ ਖੜ੍ਹੀ ਕੀਤੀ ਉਸਨੇ ਗੋਰੇ ਅੰਗਰੇਜ਼ਾਂ ਤੋਂ ਲੈ ਕੇ ਅੱਜ ਦੇ ਕਾਲੇ ਅੰਗਰੇਜ਼ਾਂ ਤੱਕ ਨੂੰ ਕਦੇ ਚੈਨ ਨਹੀਂ ਲੈਣ ਦਿੱਤਾ। ਅੱਜ ਤੋਂ 100 ਸਾਲ ਪਹਿਲਾਂ ਆਜ਼ਾਦੀ, ਬਰਾਬਰੀ ਤੇ ਸਾਂਝੀਵਾਲਤਾ ਦੇ ਜਿਸ ਅਕੀਦੇ ਨੂੰ ਗ਼ਦਰੀ ਸੂਰਬੀਰਾਂ ਨੇ ਮਨੀਂ ਵਸਾਇਆ ਸੀ ਅੱਜ ਵੀ ਉਹਨਾਂ ਦੇ ਸੱਚੇ ਵਾਰਸ ਗ਼ਦਰ ਲਹਿਰ ਦੇ ਮਹਾਨ ਵਿਰਸੇ ਨੂੰ ਨਵੀਆਂ ਹਾਲਤਾਂ 'ਚ ਹੋਰ ਵੱਧ ਵਿਕਸਿਤ ਕਰਨ ਤੇ ਅੱਗੇ ਲਿਜਾਣ ਲਈ ਲਗਾਤਾਰ ਜੱਦੋਜਹਿਦ ਕਰ ਰਹੇ ਹਨ। ਅੱਜ ਵੀ ਦੇਸ਼ ਦੇ ਨੌਜਵਾਨਾਂ ਨੂੰ, ਵਿਦਿਆਰਥੀਆਂ ਨੂੰ, ਆਪਣੀਆਂ ਬੇਸ਼ਕੀਮਤੀ ਜ਼ਿੰਦਗੀਆਂ ਨੂੰ ਅਜਾਈਂ ਗੁਆਉਣ ਦੀ ਬਜਾਏ ਦੇਸ਼ ਨੂੰ ਦੇਸੀ ਤੇ ਵਿਦੇਸ਼ੀ ਲੁਟੇਰਿਆਂ ਤੋਂ ਮੁਕਤ ਕਰਵਾਉਣ ਲਈ ਆਪਣੇ ਫ਼ਰਜ਼ ਪਛਾਣਦਿਆਂ ਗ਼ਦਰ ਲਹਿਰ ਦੇ ਸੱਚੇ ਵਾਰਸ ਬਣਨ ਦਾ ਨਿਰਣਾ ਕਰਨਾ ਚਾਹੀਦਾ ਹੈ। ਅੱਜ ਵੀ ਘੋਰ ਗ਼ਰੀਬੀ, ਮੰਦਹਾਲੀ, ਬੇਰੁਜ਼ਗਾਰੀ, ਲੁੱਟ-ਜ਼ਬਰ ਤੇ ਅਨਿਆਂ ਤੇ ਟਿਕੇ ਮੌਜੂਦਾ ਪੂੰਜੀਵਾਦੀ ਪ੍ਰਬੰਧ ਨੂੰ ਬਦਲ ਦੇਣ ਦਾ ਮਹਾਨ ਕਾਰਜ ਸਾਨੂੰ ਉਡੀਕ ਰਿਹਾ ਹੈ। ਗ਼ਦਰ ਲਹਿਰ ਦਾ ਅਲੋਚਨਾਤਮਕ ਤੌਰ 'ਤੇ ਮੁਤਾਲਿਆਂ ਕਰਦਿਆਂ ਨਵੀਆਂ ਬਦਲੀਆਂ ਹਾਲਤਾਂ ਅੰਦਰ ਇਸ ਨੂੰ ਹੋਰ ਵੱਧ ਵਿਕਸਿਤ ਤੇ ਮਜ਼ਬੂਤ ਕਰਦਿਆਂ 21ਵੀਂ ਸਦੀ ਦੇ ਨਵੇਂ ਗ਼ਦਰਾਂ ਦਾ ਸਿਲਸਿਲਾ ਫਿਰ ਤੋਂ ਸ਼ੁਰੂ ਕਰਨਾ ਹੋਵੇਗਾ।

ਸਾਡੇ ਮੁਲਕ ਸਮੇਤ ਕੁੱਲ ਦੁਨੀਆਂ ਵਿੱਚ ਜਿਹੜਾ ਆਰਥਿਕ-ਸਿਆਸੀ ਨਿਜ਼ਾਮ ਸਥਾਪਤ ਹੈ ਤੇ ਉਹ ਜਿਸ ਸੰਕਟਮਈ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਉਹ ਮਜ਼ਦੂਰ ਜਮਾਤ ਸਮੇਤ ਮਿਹਨਤਕਸ਼ ਲੋਕਾਂ ਤੇ ਦੱਬੇ-ਕੁਚਲੇ ਦੇਸ਼ਾਂ ਤੇ ਕੌਮਾਂ ਦੇ ਅਤੇ ਉਨ੍ਹਾਂ ਦੀਆਂ ਅਗਵਾਨੂੰ ਇਨਕਲਾਬੀ ਜਥੇਬੰਦੀਆਂ ਤੇ ਪਾਰਟੀਆਂ ਦੇ ਸਨਮੁੱਖ ਵਡੇਰੀਆਂ ਚੁਣੌਤੀਆਂ ਪੇਸ਼ ਕਰ ਰਿਹਾ ਹੈ। ਜਿਹੜੇ ਲਹੂ ਪੀਣੇ ਸਾਮਰਾਜਵਾਦੀ ਨਿਜ਼ਾਮ ਨਾਲੋਂ ਨਾਤਾ ਤੋੜ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਆਜ਼ਾਦ ਤੇ ਖ਼ੁਦਮੁਖਤਿਆਰ ਹਿੰਦ ਦਾ ਨਵਾਂ ਰੂਪ ਰਚਣ ਲਈ ਸਾਡੇ ਗ਼ਦਰੀ ਬਾਬੇ ਤੇ ਭਗਤ-ਸਰਾਭੇ ਲੜੇ ਸਨ ਸਾਡੇ ਦੇਸ਼ ਦੇ ਮੌਜੂਦਾ ਹਾਕਮਾਂ ਨੇ ਉਸੇ ਸਾਮਰਾਜਵਾਦੀ ਪ੍ਰਬੰਧ ਨਾਲ ਆਪਣੇ ਜਮਾਤੀ ਹਿੱਤਾਂ ਨੂੰ ਪੂਰੀ ਤਰ੍ਹਾਂ ਇੱਕ ਸੁਰ ਕਰਦਿਆਂ ਸਾਡੇ ਦੇਸ਼ ਤੇ ਦੇਸ਼ ਦੇ ਲੋਕਾਂ ਦੇ ਹਿੱਤਾਂ ਨੂੰ ਪੂਰਨ ਰੂਪ ਵਿੱਚ ਤਿਲਾਂਜਲੀ ਦੇ ਦਿੱਤੀ ਹੈ, ਇੱਥੋਂ ਤੱਕ ਕਿ ਲੋਕ-ਲੱਜੋਂ ਵੀ ਉਨ੍ਹਾਂ ਦੀ ਗੱਲ ਕਰਨੀ ਛੱਡ ਦਿੱਤੀ ਹੈ। 1947 ਤੋਂ ਬਾਅਦ ਰਲੀ-ਮਿਲੀ ਆਰਥਿਕਤਾ ਤੇ ਆਤਮ-ਨਿਰਭਰ ਵਿਕਾਸ ਦੀ ਗੱਲ ਕਰਨ ਵਾਲੇ ਸਾਡੇ ਦੇਸ਼ ਦੇ ਹਾਕਮਾਂ ਨੇ 80ਵਿਆਂ ਦੇ ਦਹਾਕੇ ਤੇ ਖ਼ਾਸਕਰ 1991 ਤੋਂ ਬਾਅਦ ਉਦਾਰੀਕਰਨ, ਸੰਸਾਰੀਕਰਨ ਤੇ ਨਿੱਜੀਕਰਨ ਦੀਆਂ ਸਾਮਰਾਜਵਾਦ-ਪ੍ਰਸਤ ਨੀਤੀਆਂ ਲਾਗੂ ਕਰਕੇ ਦੇਸ਼ੀ-ਬਦੇਸ਼ੀ ਲੁਟੇਰਿਆਂ ਨੂੰ ਦੇਸ਼ ਦੀ ਕਿਰਤ ਸ਼ਕਤੀ ਅਤੇ ਕੁਦਰਤੀ ਸਾਧਨਾਂ-ਸਰੋਤਾਂ ਦੀ ਖੁੱਲ੍ਹੀ ਲੁੱਟ ਮਚਾਉਣ ਦੇ ਲਾਇਸੈਂਸ ਜਾਰੀ ਕਰ ਦਿੱਤੇ ਹਨ। ਕੇਂਦਰੀ ਭਾਰਤ ਸਮੇਤ ਕੁਦਰਤੀ ਸਰੋਤਾਂ ਨਾਲ ਭਰਪੂਰ ਹੋਰਨਾਂ ਖੇਤਰਾਂ ਨੂੰ ਦੇਸ਼ੀ-ਬਦੇਸ਼ੀ ਕਾਰਪੋਰੇਟ ਕੰਪਨੀਆਂ ਦੀਆਂ ਖੁੱਲ੍ਹੀਆਂ ਚਰਾਗਾਹਾਂ ਬਨਾਉਣ ਲਈ ਉਨ੍ਹਾਂ ਖੇਤਰਾਂ ਦੇ ਮੂਲ ਨਿਵਾਸੀਆਂ ਦਾ ਲਾਠੀ-ਗੋਲੀ ਦੇ ਜ਼ੋਰ ਉਜਾੜਾ ਕਰਨ ਲਈ ਸਰਕਾਰੀ ਨੀਤੀ ਬਣ ਚੁੱਕੀ ਹੈ। ਦੇਸ਼ ਦੇ ਮਿਹਨਤਕਸ਼ ਲੋਕਾਂ ਦੇ ਖ਼ੂਨ-ਪਸੀਨੇ ਨਾਲ ਉਸਾਰੇ ਜਨਤਕ ਖੇਤਰ ਦੇ ਅਦਾਰਿਆਂ ਸਮੇਤ ਜਨਤਕ ਜਾਇਦਾਦਾਂ ਤੇ ਸਾਂਝੀਆਂ ਜ਼ਮੀਨਾਂ ਨੂੰ ਵੀ ਕਾਰਪੋਰੇਟ ਘਰਾਣਿਆਂ/ ਕੰਪਨੀਆਂ ਦੇ ਖਾਤੇ ਪਾਇਆ ਜਾ ਰਿਹਾ ਹੈ। ਜਨਤਕ ਹਿੱਤਾਂ ਦੇ ਸਿਹਤ, ਸਿੱਖਿਆ, ਟ੍ਰਾਂਸਪੋਰਟ, ਬਿਜਲੀ, ਪਾਣੀ ਤੇ ਸੰਚਾਰ ਸਾਧਨਾਂ ਦਾ 'ਜਨਤਕ-ਨਿੱਜੀ-ਭਾਈਵਾਲੀ' ਦੇ ਨਾਂ 'ਤੇ ਨਿੱਜੀਕਰਨ ਕਰਕੇ ਲੋਕਾਂ ਨੂੰ ਬਘਿਆੜਾਂ ਦੇ ਵੱਸ ਪਾਕੇ ਸਰਕਾਰੀ ਜ਼ੁੰਮੇਵਾਰੀ ਤੋਂ ਪੱਲਾ ਝਾੜਿਆ ਜਾ ਰਿਹਾ ਹੈ।

ਕੁੱਲ ਮਿਲਾ ਕੇ ਕਹਿਣਾ ਹੋਵੇ ਤਾਂ ਅੰਗਰੇਜ਼ੀ ਰਾਜ ਨੇ ਦੌਲਤ ਦੇ ਅੰਬਾਰ ਇੰਗਲੈਂਡ ਵਿੱਚ ਲਾਏ ਅਤੇ ਗਰੀਬੀ ਤੇ ਕੰਗਾਲੀ ਦਾ ਸਾਮਰਾਜ ਭਾਰਤ ਅੰਦਰ ਸਿਰਜਿਆ। ਭਾਰਤ ਅੰਦਰ ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ ਫਰੋਲਦਿਆਂ 'ਗ਼ਦਰ' ਅਖ਼ਬਾਰ ਨੇ ਆਪਣੇ ਪਹਿਲੇ ਹੀ ਅੰਕ ਵਿੱਚ ਲਿਖਿਆ ਕਿ ਅੰਗਰੇਜ਼ ਹਰ ਸਾਲ ਭਾਰਤ ਵਿੱਚੋਂ 50 ਕਰੋੜ ਰੁਪਏ ਲੁੱਟ ਕੇ ਇੰਗਲੈਂਡ ਲੈ ਜਾਂਦੇ ਹਨ। ਭਾਰਤ ਅੰਦਰ ਲੁੱਟ ਦੇ ਆਪਣੇ ਨਿਜ਼ਾਮ ਨੂੰ ਅੰਗਰੇਜ਼ਾਂ ਨੇ ਬੇਰਹਿਮ ਕਾਨੂੰਨਾਂ ਅਤੇ ਪੁਲਸ-ਫ਼ੌਜ ਦੀ ਤਾਕਤ ਨਾਲ ਕਾਇਮ ਕੀਤਾ ਤੇ ਰੱਖਿਆ। ਲੋਕਾਂ ਦੇ ਨਿੱਕੇ ਤੋਂ ਨਿੱਕੇ ਵਿਰੋਧ ਨੂੰ ਕੁਚਲਣ ਲਈ ਗੁਜਰਾਤ ਦੇ ਭੀਲਾਂ ਦੇ ਕਤਲੇਆਮ ਤੋਂ ਲੈ ਕੇ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਰਗੇ ਕਤਲੇਆਮ ਰਚੇ ਗਏ। ਅੰਗਰੇਜ਼ੀ ਰਾਜ ਦੌਰਾਨ ਹੋਈਆਂ ਢਾਈ ਸੌ ਦੇ ਕਰੀਬ ਛੋਟੀਆਂ-ਵੱਡੀਆਂ ਬਗ਼ਾਵਤਾਂ 'ਚ ਕਿੰਨੇ ਕੁ ਬਾਗ਼ੀਆਂ ਤੇ ਸਾਧਾਰਨ ਲੋਕਾਂ ਨੂੰ ਫਾਹੇ ਲਾਇਆ, ਗੋਲੀਆਂ ਨਾਲ ਉਡਾਇਆ ਗਿਆ ਅੱਜ ਤੱਕ ਵੀ ਕੋਈ ਨਹੀਂ ਜਾਣਦਾ।

ਭਾਰਤ ਦਾ ਰਾਜ ਪ੍ਰਬੰਧ ਇੱਕ ਅਜਿਹੇ ਜਾਬਰ ਤੇ ਕੇਂਦਰੀਕ੍ਰਿਤ ਰਾਜ ਪ੍ਰਬੰਧ ਦੇ ਰੂਪ 'ਚ ਸਾਹਮਣੇ ਆਇਆ ਜਿਸਨੇ ਆਪਣੇ ਹੀ ਮੁਲਕ ਦੀਆਂ ਨਾਗਾ, ਮਿਜ਼ੋ, ਮਨੀਪੁਰੀ ਤੇ ਕਸ਼ਮੀਰੀ ਆਦਿ ਕੌਮੀਅਤਾਂ ਦੀਆਂ ਕੌਮੀ ਰੀਝਾਂ ਨੂੰ ਨਾ ਸਿਰਫ਼ ਫੌਜੀ ਬੂਟਾਂ ਹੇਠ ਕੁਚਲਿਆ ਸਗੋਂ 'ਆਰਮਡ ਫੋਰਸਿਜ਼ ਸਪੈਸ਼ਲ ਪਾਵਰ ਐਕਟ (ਅਫਸਪਾ) ਦੀ ਮੱਦਦ ਨਾਲ ਬਦੇਸ਼ੀ ਰਾਜ ਵਰਗਾ ਵਰਤਾਓ ਕੀਤਾ ਹੈ। ਏਸ ਰਾਜ ਪ੍ਰਬੰਧ ਨੇ ਦੇਸ਼ ਦੇ ਦਲਿਤਾਂ, ਘੱਟ ਗਿਣਤੀ ਭਾਈਚਾਰਿਆਂ (ਖ਼ਾਸਕਰ ਮੁਸਲਿਮਾਂ) ਆਦਿਵਾਸੀਆਂ ਤੇ ਔਰਤਾਂ ਨੂੰ ਨਰਕੀ ਜੀਵਨ ਹਾਲਤਾਂ ਜਿਉਣ ਲਈ ਮਜਬੂਰ ਕੀਤਾ ਹੈ।

ਇਹ ਭਾਰਤ ਦੇ ਕਾਲੇ ਹਾਕਮਾਂ ਦੇ 66 ਸਾਲਾ ਰਾਜ ਪ੍ਰਬੰਧ ਦਾ ਹੀ ਸਿੱਟਾ ਕਿ ਦੇਸ਼ ਦਾ ਭਵਿੱਖ ਕਿਹਾ ਜਾਂਦਾ ਬਚਪਨ ਕੁਪੋਸ਼ਣ ਤੇ ਬਿਮਾਰੀਆਂ ਨਾਲ ਸਰਾਪਿਆ, ਹੋਟਲਾਂ ਦੇ ਭਾਂਡੇ ਮਾਂਜਣ ਤੇ ਜੂਠੀਆਂ ਪੱਤਲਾਂ ਖਾਣ ਲਈ ਮਜਬੂਰ ਹੈ, ਦੇਸ਼ ਦੀ ਪੜ੍ਹੀ-ਲਿਖੀ ਜੁਆਨੀ ਹਨ੍ਹੇਰੇ ਭਵਿੱਖ ਦਾ ਸ਼ਿਕਾਰ ਹੈ, ਲੜਕੀਆਂ ਦਾ ਜੰਮਣਾ ਤੇ ਆਪਣੀ ਮਰਜ਼ੀ ਨਾਲ ਪਹਿਨਣਾ-ਪੱਚਰਣਾ ਵਿਵਰਜ਼ਿਤ ; ਬੁਢਾਪਾ ਬੀਤੇ 'ਤੇ ਝੂਰਨ ਲਈ ਸੰਤਾਪਿਆ ਗਿਆ ਹੈ।

21ਵੀਂ ਸਦੀ ਦੇ ਵਿਗਿਆਨ, ਤਕਨੀਕ ਤੇ ਆਧੁਨਿਕਤਾ ਦੇ ਯੁੱਗ ਵਿੱਚ ਵੀ ਸਾਡੇ ਦੇਸ਼ ਦੇ ਸਮਾਜਿਕ-ਸੱਭਿਆਚਾਰਕ ਤਾਣੇ-ਬਾਣੇ ਨੂੰ ਜਿੱਥੇ ਇੱਕ ਪਾਸੇ ਅੰਧ-ਵਿਸ਼ਵਾਸੀ, ਮੱਧ-ਯੁਗੀ, ਜਾਤੀਵਾਦੀ, ਔਰਤ ਵਿਰੋਧੀ ਪਿਛਾਂਹ ਖਿੱਚੂ ਕਦਰਾਂ-ਕੀਮਤਾਂ ਦਾ ਗ੍ਰਹਿਣ ਲੱਗਿਆ ਹੋਇਆ ਹੈ, ਉੱਥੇ ਦੂਜੇ ਪਾਸੇ ਨਿੱਘਰੇ ਸਾਮਰਾਜਵਾਦੀ ਤੇ ਖਪਤਵਾਦੀ 'ਖਾਓ-ਪੀਓ, ਐਸ਼ ਕਰੋ' ਦੇ ਸੱਭਿਆਚਾਰਕ ਹਮਲੇ ਨੇ ਘੇਰਾ ਘੱਤ ਲਿਆ ।

ਕੁੱਲ ਮਿਲਾ ਕੇ ਕਹੀਏ ਤਾਂ ਸਾਡਾ ਮੁਲਕ ਹਨ੍ਹੇਰ ਗਰਦੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ। ਕਦਰਾਂ-ਕੀਮਤਾਂ, ਕਾਇਦੇ-ਕਾਨੂੰਨਾਂ, ਅਮਨ-ਅਮਾਨ ਤੇ ਭਾਈਚਾਰਕ ਸਾਂਝ ਨੂੰ ਲਾਂਬੂ ਲੱਗਿਆ ਪਿਆ ਹੈ। ਦੋ ਨੰਬਰੀ ਕਿਰਦਾਰ, ਦੋ ਨੰਬਰੀ ਮਾਇਆ ਤੇ ਦੋ ਨੰਬਰੀ ਬੰਦੇ ਸਮਾਜ 'ਚ ਪ੍ਰਧਾਨਤਾ ਹਾਸਲ ਕਰੀ ਬੈਠੇ ਹਨ। ਜਿੱਧਰ ਵੀ ਨਜ਼ਰ ਮਾਰੋ ਹਨ੍ਹੇਰ ਪਿਆ ਤੇ ਅਰਾਜਕਤਾ ਛਾਈ ਦਿਖਾਈ ਦਿੰਦੀ ਹੈ। ਇਸ ਹਨ੍ਹੇਰਗਰਦੀ ਤੇ ਅਰਾਜਕਤਾ ਵਿੱਚੋਂ ਹਾਲਤਾਂ ਫਾਸ਼ੀਵਾਦ ਤੇ ਤਾਨਾਸ਼ਾਹੀ ਦੇ ਝਲਕਾਰੇ ਜ਼ੋਰ-ਸ਼ੋਰ ਨਾਲ ਵੱਜਣ ਵੱਲ ਵੱਧ ਰਹੇ ਹਨ। ਨਰੇਂਦਰ ਮੋਦੀ ਤੇ ਭਾਜਪਾ ਖੁੱਲ੍ਹੇਆਮ ਹਿੰਦੂਤਵੀ ਫਾਸ਼ੀਵਾਦ ਤੇ ਕਾਰਪੋਰੇਟ ਹਿੱਤਾਂ ਦੇ ਝੰਡਾ-ਬਰਦਾਰ ਹਨ। ਮੋਦੀ ਵਜ਼ਾਰਤ ਇਕ ਪਾਸੇ ਹਿੰਦੂਤਵੀ ਫਾਸ਼ੀ ਤਾਕਤਾਂ ਦੀ ਪਿਛਾਖੜੀ ਵਿਚਾਰਧਾਰਾ ਨੂੰ ਸਿੱਖਿਆ, ਸਾਹਿਤ, ਇਤਿਹਾਸ ਵਰਗੇ ਖੇਤਰਾਂ 'ਚ ਘੁਸਪੈਠ ਕਰਨ ਦੀਆਂ ਖੁੱਲ੍ਹਾਂ ਦੇ ਰਹੀ ਹੈ। ਉਹ ਦੇਸ਼ ਦੀਆਂ ਕੌਮੀ ਘੱਟ ਗਿਣਤੀਆਂ ਦੀਆਂ ਭਾਵਨਾਵਾਂ ਨੂੰ ਭੜਕਾਉਣ, ਧਾਰਮਿਕ ਫਿਰਕੂ ਪ੍ਰਚਾਰ ਕਰਨ ਤੇ ਸੰਘ ਦੇ ਹਿੰਦੂਤਵੀ ਰਾਸ਼ਟਰਵਾਦੀ ਏਜੰਡੇ ਨੂੰ ਅੱਗੇ ਵਧਾਉਣ ਲਈ ਯਤਨਸ਼ੀਲ ਹੈ। ਇਸ ਤਰ੍ਹਾਂ ਫਿਰਕਾਪ੍ਰਸਤੀ, ਨਸਲਵਾਦ, ਜਾਤੀਪਾਤੀ ਭੇਦਭਾਵ ਤੇ ਕੌਮੀ ਸ਼ਾਵਨਵਾਦੀ ਭਾਵਨਾਵਾਂ ਨੂੰ ਉਕਸਾਇਆ ਜਾ ਰਿਹਾ ਹੈ। ਲੋਕਪੱਖੀ ਸ਼ਕਤੀਆਂ ਦੀ ਜਾਬਰ ਕਾਲੇ ਕਾਨੂੰਨਾਂ ਤੇ ਆਪਣੇ ਸੰਘੀ ਗੁੰਡਿਆਂ ਦੀ ਮਦਦ ਨਾਲ ਜ਼ੁਬਾਨਬੰਦੀ ਕਰਨ ਵੱਲ ਨੂੰ ਵਧਿਆ ਜਾ ਰਿਹਾ ਹੈ। ਦੂਜੇ ਪਾਸੇ ਮੌਜੂਦਾ ਹਕੂਮਤ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਅੱਗੇ ਦੇਸ਼ ਦੇ ਬੇਸ਼ਕੀਮਤੀ ਜਲ-ਜੰਗਲ-ਜ਼ਮੀਨ, ਕਿਰਤ ਸ਼ਕਤੀ ਤੇ ਖਣਿਜ ਪਦਾਰਥਾਂ ਨੂੰ ਕੌਡੀਆਂ ਦੇ ਭਾਅ ਪਰੋਸ ਰਹੀ ਹੈ। ਮੋਦੀ ਹਕੂਮਤ ਨੇ ਸੱਤਾ 'ਚ ਆਉਣ ਤੋਂ ਬਾਅਦ ਤੇਜ਼ੀ ਨਾਲ ਕਾਰਪੋਰੇਟ ਵਿਕਾਸ ਮਾਡਲ ਅਮਲ 'ਚ ਲਿਆਉਣਾ ਸ਼ੁਰੂ ਕੀਤਾ ਹੋਇਆ ਹੈ। ਉਸਨੇ ਲੋਕ ਵਿਰੋਧੀ ਭੂਮੀ ਗ੍ਰਹਿਣ ਆਰਡੀਨੈਂਸ ਲਿਆਉਣ, ਕਿਰਤ ਤੇ ਫੈਕਟਰੀ ਕਾਨੂੰਨਾਂ 'ਚ ਸੋਧਾਂ ਕਰਨ, 'ਮੇਕ ਇਨ ਇੰਡੀਆ' 'ਸਵੱਛ ਭਾਰਤ' ਹੁਣ ਲਾਲ ਕਿਲੇ ਤੋਂ 'ਸਟੈਂਡ ਅੱਪ ਅਤੇ 'ਸਟਾਰਟ ਅੱਪ' ਇੰਡੀਆ ਦੇ ਨਾਅਰੇ ਹੇਠ ਵਿਦੇਸ਼ੀ ਨਿਵੇਸ਼ਕਾਂ ਲਈ ਸਿੱਧੇ ਵਿਦੇਸ਼ੀ ਨਿਵੇਸ਼ ਦੇ ਦਰਵਾਜੇ ਖੋਲ੍ਹਣ, ਮਾਰੂ ਹਾਈਡਰੋ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਤੇ ਜੰਗਲ ਸੁਰੱਖਿਆ ਕਾਨੂੰਨਾਂ ਨੂੰ ਸੋਧਣ ਵਰਗੇ ਕਦਮ ਚੁੱਕਣੇ ਸ਼ੁਰੂ ਕੀਤੇ ਹੋਏ ਹਨ। ਇਨ੍ਹਾਂ ਹਮਲਿਆਂ ਖ਼ਿਲਾਫ਼ ਇਕਜੁੱਟ ਮਜ਼ਬੂਤ ਸੰਘਰਸ਼ ਦੀ ਲੋੜ ਹੈ।

ਸਾਡੇ ਸਮਿਆਂ ਵਿੱਚ ਗ਼ਦਰ ਪਾਰਟੀ, ਉਸਦੀ ਵਿਚਾਰਧਾਰਾ ਤੇ ਮਹਾਨ ਵਿਰਾਸਤ ਦੀ ਮਹੱਤਤਾ ਪਹਿਲਾਂ ਦੇ ਸਾਰੇ ਸਮਿਆਂ ਨਾਲੋਂ ਵੱਧ ਗਈ ਹੈ। ਅਸੀਂ ਇੱਕ ਅਜਿਹੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਜਦੋਂ ਸਮੁੱਚਾ ਸਾਮਰਾਜਵਾਦੀ ਪ੍ਰਬੰਧ ਅਤੇ ਉਸਦੇ ਅੰਗ ਵਜੋਂ ਭਾਰਤੀ ਰਾਜ ਪ੍ਰਬੰਧ, ਡੂੰਘੇ ਆਰਥਿਕ ਤੇ ਸਿਆਸੀ ਸੰਕਟਾਂ 'ਚ ਫਸਿਆ ਹੋਇਆ ਅਤੇ ਆਪਣੇ ਵਜੂਦ ਸਮੋਏ ਸੰਕਟਾਂ ਦਾ ਭਾਰ ਮਿਹਨਤਕਸ਼ ਲੋਕਾਂ ਅਤੇ ਕਮਜ਼ੋਰ ਮੁਲਕਾਂ ਦੀਆਂ ਪਿੱਠਾਂ 'ਤੇ ਲੱਦਣ ਲਈ ਵਧੇਰੇ ਖ਼ੂੰਖਾਰ ਰੂਪ ਅਖਤਿਆਰ ਕਰ ਰਿਹਾ ਹੈ। ਪਿਛਲੇ ਕੁੱਝ ਸਾਲਾਂ ਅੰਦਰ ਹੀ ਅਮਰੀਕਨ ਸਾਮਰਾਜਵਾਦ ਉਸਦੇ ਜੋਟੀਦਾਰਾਂ ਨੇ ਇਰਾਕ, ਅਫ਼ਗਾਨਿਸਤਾਨ, ਫ਼ਲਸਤੀਨ ਤੇ ਲਿਬੀਆ ਵਰਗੇ ਮੁਲਕਾਂ 'ਤੇ ਜੰਗੀ ਹਮਲੇ ਬੋਲ ਕੇ ਤਬਾਹ ਕਰ ਸੁੱਟਿਆ ਹੈ। 'ਅੱਤਵਾਦ ਵਿਰੁੱਧ ਜੰਗ' ਦੇ ਨਾਂ 'ਤੇ ਡਰੋਨ ਹਮਲੇ ਅਤੇ ਸੰਚਾਰ ਸਾਧਨਾਂ ਦੀ ਜਾਸੂਸੀ ਕਰਕੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਲੋਕਾਂ ਦੀ ਨਿੱਜਤਾ ਦੇ ਸਿਧਾਂਤਾਂ ਨੂੰ ਮਿੱਟੀ ਵਿੱਚ ਮਿਲਾ ਕੇ ਨੰਗੀ ਚਿੱਟੀ ਧੌਂਸਗਿਰੀ ਦਿਖਾਈ ਹੈ। 'ਦੇਸ਼ ਦੀ ਪ੍ਰਭੂਸੱਤਾ ਤੇ ਖ਼ੁਦਮੁਖ਼ਤਿਆਰੀ' ਦਾ ਢੰਡੋਰਾ ਪਿੱਟਣ ਵਾਲੇ ਸਾਡੇ ਦੇਸ਼ ਦੇ ਹਾਕਮਾਂ ਨੇ ਸ਼ਰਮ ਦੀ ਲੋਈ ਲਾਹ ਕੇ ਅਮਰੀਕਨ ਸਾਮਰਾਜ ਨੂੰ ਆਪਣਾ 'ਯੁੱਧਨੀਤਕ ਸੰਗੀ' ਮੰਨ ਕੇ ਉਸਦੇ ਕੁਕਰਮਾਂ 'ਤੇ ਪਰਦਾਪੋਸ਼ੀ ਕਰਨ ਦਾ ਧੰਦਾ ਫੜ ਲਿਆ ਹੈ।

ਸੌ ਸਾਲ ਪਹਿਲਾਂ ਗ਼ਦਰ ਪਾਰਟੀ ਨੇ ਸਾਮਰਾਜਵਾਦੀ ਦਾਬੇ ਤੋਂ ਮੁਕਤ ਅਤੇ ਆਜ਼ਾਦੀ-ਬਰਾਬਰੀ-ਭਾਈਚਾਰੇ ਨੂੰ ਪ੍ਰਣਾਏ ਇੱਕ ਨਵੇਂ ਭਾਰਤ ਦਾ ਸੁਪਨਾ ਲਿਆ ਸੀ ਤੇ ਉਸ ਸੁਪਨੇ ਨੂੰ ਹਥਿਆਰਬੰਦ ਇਨਕਲਾਬ (ਗ਼ਦਰ) ਦੇ ਜ਼ਰੀਏ ਸਾਕਾਰ ਕਰਨ ਲਈ ਬੇਅੰਤ ਘਾਲਣਾਵਾਂ ਘਾਲੀਆਂ ਸਨ। ਉਹ ਗ਼ਦਰ, ਉਹ ਇਨਕਲਾਬ, ਉਹ ਬਗ਼ਾਵਤ ਇੱਕ ਵਾਰ ਫਿਰ ਭਾਰਤੀ ਲੋਕਾਂ ਦੀ ਅਣਸਰਦੀ ਲੋੜ ਬਣ ਗਈ ।

ਇੱਕ ਨਵੇਂ ਗ਼ਦਰ, ਨਵੇਂ ਇਨਕਲਾਬ ਤੇ ਹਿੰਦ ਦਾ ਨਵਾਂ ਰੂਪ ਰਚਣ ਲਈ ਗ਼ਦਰ ਪਾਰਟੀ ਦੀ ਅਮੀਰ ਵਿਰਾਸਤ ਸਾਡੇ ਲਈ ਰਾਹ ਦਰਸਾਵੇ ਦਾ ਕੰਮ ਕਰਦੀ ਹੈ। ਸੱਚਮੁੱਚ ਗ਼ਦਰ ਪਾਰਟੀ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਇਨਕਲਾਬੀ, ਗ਼ੈਰ-ਮਜ਼ਬੀ, ਜਮਹੂਰੀ ਤੇ ਅਗਾਂਹਵਧੂ ਸਿਆਸਤ ਨੂੰ ਪ੍ਰਣਾਈ ਪਾਰਟੀ ਸੀ।

ਸੋ ਨੌਜਵਾਨ ਸਾਥੀਓ, ਕਿਰਤੀ ਕਿਸਾਨੋ-ਮਜ਼ਦੂਰੋ, ਜ਼ਿੰਦਗੀ ਦੇ ਵਾਰਸੋ, ਉਠੋ! ਜਾਗੋ !! ਅਤੇ ਸਾਡੇ ਅਮਰ ਸ਼ਹੀਦਾਂ ਦੀ ਮਹਾਨ ਵਿਰਸੇ ਨੂੰ, ਉਨ੍ਹਾਂ ਦੀ ਵਿਚਾਰਧਾਰਾ ਨੂੰ, ਜਜ਼ਬਿਆਂ-ਕੁਰਬਾਨੀਆਂ ਨੂੰ ਆਪਣੇ ਮਨਾਂ ਅੰਦਰ ਆਤਮਸਾਤ ਕਰਦੇ ਹੋਏ, ਅੱਜ ਦੀਆਂ ਵਿਕਰਾਲ ਚੁਣੌਤੀਆਂ ਨਾਲ ਦੋ-ਚਾਰ ਹੋਈਏ। ਲੋਕ ਮੁਕਤੀ ਦੀ ਜੱਦੋਜਹਿਦ ਨੂੰ ਹੋਰ ਵੱਧ ਮਜ਼ਬੂਤ ਤੇ ਤੇਜ਼ ਕਰੀਏ। ਲਹਿਰ ਅੰਦਰ ਨਵਾਂ ਖ਼ੂਨ ਤੇ ਗਰਮਜੋਸ਼ੀ ਪੈਦਾ ਕਰਨ ਦੇ ਯਤਨ ਕਰੀਏ। ਅੱਜ ਸਾਡੇ ਲਈ ਉਨ੍ਹਾਂ ਅਮਰ ਸ਼ਹੀਦਾਂ ਨੂੰ ਯਾਦ ਕਰਨ ਦੇ ਮਾਇਨੇ ਉਨ੍ਹਾਂ ਦੇ ਸ਼ਾਨਾਮੱਤੇ ਵਿਰਸੇ ਨੂੰ ਹੋਰ ਵੱਧ ਅੱਗੇ ਲਿਜਾਣਾ ਹੈ।

# ਯੂਨਾਨ ਦੀ ਤਰਾਸਦੀ ਹੈ ਕੀ ?



ਡਾ. ਅਜੀਤਪਾਲ ਸਿੰਘ ਐਮ. ਡੀ.

ਗ੍ਰੀਸ 'ਚ ਜਿਸ ਨੂੰ ਭਾਰਤ ਦੇ ਲੋਕ ਯੂਨਾਨ ਦੇ ਨਾਂ ਹੇਠ ਜਾਣਦੇ ਹਨ, ਯੂਰਪ ਦਾ ਇਕ ਦੇਸ਼ ਤੇ ਯੂਰਪੀ ਸੰਘ ਦਾ ਮੈਂਬਰ ਹੈ। ਉਥੇ ਪਿਛਲੇ ਦਿਨਾਂ ਦੇ ਘਟਨਾਕ੍ਰਮ ਤੋਂ ਸਾਫ਼ ਹੈ ਕਿ ਸੰਕਟਗ੍ਰਸਤ ਪੂੰਜੀਵਾਦ ਦੀ ਨਜ਼ਰ 'ਚ ਲੋਕਹਿਤ ਜਨਾਦੇਸ਼ ਦੀਆਂ ਸੰਸਥਾਵਾਂ ਦੇ ਕੋਈ ਮਾਅਨੇ ਨਹੀਂ ਹਨ। ਇਸ ਤੋਂ ਇਹ ਗੱਲ ਵੀ ਸਾਫ਼ ਹੋ ਗਈ ਹੈ ਕਿ ਪੂੰਜੀਵਾਦ-ਸਾਮਰਾਜਵਾਦ ਦੇ ਇਸ ਦੌਰ 'ਚ ਕਥਿਤ ਲੋਕਰਾਜੀ ਸੰਸਥਾਵਾਂ ਅਸਲ ਵਿਚ ਵਿੱਤੀ ਥੈਲੀਸ਼ਾਹਾਂ ਦੀ ਤਾਨਸ਼ਾਹੀ ਹੈ। ਯੂਨਾਨ 'ਚ ਇਸ ਸਾਲ ਜਨਵਰੀ 'ਚ ਹੋਈਆਂ ਚੋਣਾ ਵਿਚ ਸੀਰਿਜਾ ਪਾਰਟੀ ਸੱਤਾ 'ਚ ਆਈ ਸੀ ਅਤੇ ਇਲੇਕਸਿਸ ਸਿਪਾਸ ਪ੍ਰਧਾਨ ਮੰਤਰੀ ਬਣੇ ਸਨ। ਯੂਨਾਨ ਦਾ ਅਰਥਚਾਰਾ ਬੀਤੇ ਕਈ ਸਾਲਾਂ ਤੋਂ ਸੰਕਟ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ ਅਤੇ ਕਰਜ਼ੇ ਦੇ ਜਾਲ ਵਿਚ ਫਸਿਆ ਹੋਇਆ ਹੈ। ਜਿਵੇਂ ਕਿ ਸੂਦਖੋਰ ਕਰਿਆ ਕਰਦੇ ਹਨ, ਕਰਜ਼ੇ ਉਪਰ ਹੋਰ ਕਰਜ਼ਾ ਤੇ ਇਹ ਲਾਹੁਣ ਲਈ ਨਵੀਆਂ ਨਵੀਆਂ ਸ਼ਰਤਾਂ। ਇਹ ਪਾਰਟੀ ਇਸ ਵਾਅਦੇ ਦੇ ਨਾਲ ਚੋਣਾਂ 'ਚ ਉਤਰੀ ਤੇ ਜਿੱਤੀ ਕਿ ਕੌਮਾਂਤਰੀ ਮੁਦਰਾਕੋਸ਼, ਯੂਰੋਪੀਆ ਕਮਿਸ਼ਨ ਤੇ ਜਰਮਨ ਦੇ ਦਬ-ਦਬਾਅ ਵਾਲੇ ਯੂਰਪੀ ਕੇਂਦਰੀ ਬੈਂਕ ਦੀ ਤਿਕੜੀ ਦੇ ਬੇਲਆਊਟ ਦੀਆਂ ਸ਼ਰਤਾਂ ਨੂੰ ਨਹੀਂ ਮੰਨਿਆ ਜਾਵੇਗਾ। ਇਸ ਪਿਛੋਂ 5 ਜੁਲਾਈ ਨੂੰ ਕਰਵਾਈ ਮਰਦਮਸ਼ੁਮਾਰੀ ਵਿਚ ਵੀ ਲੋਕਾਂ ਦੇ ਵਿਆਪਕ ਬਹੁਮਤ ਨੇ 61 ਫੀਸਦੀ ਤੋਂ ਵੱਧ ਲੋਕਾਂ ਨੇ 'ਮਿਤਵਅਤੀਆਂ' ਦੇ ਉਪਾਵਾਂ ਖਿਲਾਫ਼ ਵੋਟ ਪਾਈ ਪਰ ਸੀਰਿਜਾ ਸਰਕਾਰ ਨੇ ਇਸ ਲੋਕ ਫਤਵੇ ਦੇ ਨਾਲ ਵਿਸ਼ਵਾਸਘਾਤ ਕਰਕੇ 10 ਜੁਲਾਈ ਨੂੰ ਵਿੱਤੀ ਥੈਲੀਸ਼ਾਹਾਂ ਦੀ ਤਿਕੜੀ ਦੇ ਸਾਹਮਣੇ ਗੋਡੇ ਟੇਕ ਕੇ ਉਨ੍ਹਾਂ ਦੀਆਂ ਸ਼ਰਤਾਂ ਮੰਨ ਲਈਆਂ। 15 ਜੁਲਾਈ ਨੂੰ ਯੂਨਾਨ ਦੀ ਸੰਸਦ ਨੇ ਇਸ 'ਤੇ ਮੋਹਰ ਵੀ ਲਾ ਦਿੱਤੀ। ਇਸ ਦੇ ਲਈ ਸਿਪ੍ਰਾਸ ਨੇ ਲੋਕ ਫਤਵੇ ਦੀ ਉਲੰਘਣਾ ਤਾਂ ਕੀਤੀ ਹੀ, ਨਾਲ ਹੀ ਪਾਰਟੀ ਦੇ ਅੰਦਰੂਨੀ ਲੋਕਤੰਤਰ ਦੀ ਵੀ ਅਣਦੇਖੀ ਕੀਤੀ। ਖ਼ਬਰਾਂ ਮੁਤਾਬਕ ਸੀਰਿਜ ਦੀ ਕੇਂਦਰੀ ਕਮੇਟੀ ਨੇ 201 ਮੈਂਬਰਾਂ ਵਿਚੋਂ 199 ਮੈਂਬਰਾਂ ਨੇ ਜਿਸ 'ਚ 15 ਸਾਂਸਦ ਵੀ ਸਨ, ਇਸ ਬੇਲਆਊਟ ਪੈਕੇਜ ਦਾ ਵਿਰੋਧ ਕੀਤੀ ਸੀ। ਇਸ ਘਟਨਾਕ੍ਰਮ ਤੋਂ ਇਸ ਲੈਨਿਨਵਾਦੀ ਦ੍ਰਿਸ਼ਟੀਕੋਣ ਦੀ ਪੁਸ਼ਟੀ ਹੁੰਦੀ ਹੈ ਕਿ ਸੰਸਦੀ ਲੋਕਤੰਤਰ ਇਕ ਮੁਖੌਟੇ ਤੋਂ ਵੱਧ ਕੁਝ ਨਹੀਂ ਹੈ ਜਿਸ ਨੂੰ ਸਰਮਾਏਦਾਰ ਜਮਾਤ ਸਿਰਫ਼ ਉਸ ਸਮੇਂ ਤੱਕ ਸਹਿਣ ਕਰਦੀ ਹੈ ਜਦੋਂ ਤੱਕ ਉਨ੍ਹਾਂ ਦੇ ਮੁਨਾਫ਼ੇ ਤੇ ਲੁੱਟ ਦੇ ਮੁੱਖ ਮਕਸਦ 'ਚ ਅਜਿਹਾ ਨਾ ਬਣੇ। ਅਸੀਂ ਯੂਨਾਨ ਦੇ ਲੋਕਾਂ ਦੀ ਲੜਾਕੂ ਭਾਵਨਾ ਨੂੰ ਸਲਾਮ ਕਰਦੇ ਹਾਂ ਤੇ ਸੀਰਿਜਾ ਦੇ ਖੱਬੇਪੱਖੀ ਘੇਮੇ ਨੂੰ ਵਧਾਈ ਦਿੰਦੇ ਹਾਂ ਜੋ ਆਪਣੀ ਸਰਕਾਰ ਦੇ ਵਿਸ਼ਵਾਸਘਾਤ ਖਿਲਾਫ਼ ਵੋਟ ਦੇ ਕੇ ਅਸੂਲਾਂ 'ਤੇ ਅੜ ਰਹੇ। ਹਾਲ ਦੀ ਘੜੀ, ਅੱਜ ਯੂਨਾਨ ਜਿਥੇ ਖੜ੍ਹਾ ਹੈ ਉਸ ਨੂੰ ਸਮਝੌਤਾਹੀਣ ਸੰਘਰਸ਼ ਕਰਨ ਵਾਲੇ ਇਨਕਲਾਬੀ ਲੋਕਪੱਖੀ ਬਦਲ ਦੀ ਲੋੜ ਹੈ। ਅਸੀਂ ਸਾਰੇ ਯੂਨਾਨ 'ਚ ਹੋਏ ਜਨਮਤ ਸੰਗ੍ਰਹਿ ਬਾਰੇ ਜਾਣਦੇ ਹਾਂ। ਇਸ ਲਈ ਮੀਡੀਆ ਵੀ ਧੰਨਵਾਦ ਦਾ ਪਾਤਰ ਹੈ ਕਿਉਂਕਿ ਇਸੇ ਕਾਰਨ ਪੂਰੀ ਦੁਨੀਆ ਜਾਣ ਸਕੀ ਕਿ ਇਹ ਜਨਮਤ ਇਸ ਸਵਾਲ 'ਤੇ ਹੋਇਆ ਸੀ ਕਿ ਯੂਰਪੀ ਸੰਘ, ਯੂਰਪੀ ਕੇਂਦਰੀ ਬੈਂਕ ਅਤੇ ਕੌਮਾਂਤਰੀ ਮੁਦਰਾਕੋਸ਼ ਵਲੋਂ ਯੂਨਾਨ ਨੂੰ ਕਰਜ਼ੇ ਦੇ ਸੰਕਟ 'ਚੋਂ ਕੱਢਣ ਦੇ ਇਵਜ਼ 'ਚ ਜੋ ਸ਼ਰਤਾਂ ਠੋਸੀਆਂ ਜਾ ਰਹੀਆਂ ਹਨ ਉਨ੍ਹਾਂ ਨੂੰ ਮੰਨਿਆ ਜਾਣਾ ਚਾਹੀਦਾ ਹੈ ਕਿ ਨਹੀਂ। ਇਸ ਮੁੱਦੇ 'ਤੇ ਲੋਕ ਰਾਇ ਇਕੱਠੀ ਕਰਨ ਦਾ ਫੈਸਲਾ ਯੂਨਾਨ ਦੀ ਸੀਰਿਜਾ ਸਰਕਾਰ ਵਲੋਂ ਲਿਆ ਗਿਆ ਸੀ। ਇਥੇ ਇਸ ਗੱਲ ਦਾ ਜ਼ਿਕਰ ਕਰਜ਼ਾ ਪ੍ਰਸੰਗਿਕ ਹੋਏਗਾ ਕਿ ਯੂਨਾਨ 'ਚ ਇਸ ਸਾਲ ਜਨਵਰੀ 'ਚ ਆਮ ਚੋਣਾਂ ਹੋਈਆਂ ਸਨ। ਇਸ ਚੋਣ 'ਚ ਸੀਰਿਜਾ ਜੇਤੂ ਹੋ ਕੇ ਨਿਕਲੀ ਸੀ ਉਸ ਨੂੰ 300 ਸੀਟਾਂ ਵਾਲੀ ਸਾਂਸਦ 'ਚੋਂ 149 ਸੀਟਾਂ ਮਿਲੀਆਂ ਸਨ। ਉਸ ਦੀ ਇਸ ਜਿੱਤ ਪਿਛੇ ਮਹੱਤਵਪੂਰਨ ਕਾਰਨਾਂ ਵਿਚੋਂ ਇਕ ਸੀ ਕਿ ਸਾਬਕਾ ਨਿਊ-ਡੇਮੋਕਰੇਸੀ-ਪਾਸਕੋ ਗਠਜੋੜ ਸਰਕਾਰ ਵਲੋਂ ਠੋਸੇ ਗਏ ਮਿਤਵਤੀਆ ਦੇ ਪ੍ਰੋਗਰਾਮ ਖਿਲਾਫ਼ ਯੂਨਾਨ ਦੇ ਲੋਕਾਂ 'ਚ ਭਾਰੀ ਰੋਸ ਤੇ ਗੁੱਸਾ ਸੀ। (ਇਥੇ ਮਿਤਵਤੀਆ ਜਾਂ ਕਿਫਾਇਤਕਾਰੀ ਦਾ ਅਰਥ ਹੈ ਕਿ ਸਰਕਾਰ ਜਨਤਾ 'ਤੇ ਕੀਤੇ ਜਾਣ ਵਾਲੇ ਖਰਚ ਨੂੰ ਘੱਟ ਕਰੇ, ਸਰਕਾਰ ਮਾਲੀਆ ਵਧਾਉਣ ਲਈ ਜਨਤਾ 'ਤੇ ਟੈਕਸਾਂ ਦਾ ਬੋਝ ਲੱਦੇ, ਨਿੱਜੀਕਰਨ ਕਰੇ, ਲੋਕਾਂ ਦੇ ਅਧਿਕਾਰਾਂ 'ਚ ਕਟੌਤੀ ਕਰੇ ਆਦਿ) ਸੀਰਿਜਾ ਨੇ ਮਿਤਵਤੀਆ ਦੇ ਇਸ ਪ੍ਰੋਗਰਾਮ ਦਾ ਦੋ ਟੁੱਕ ਵਿਰੋਧ ਕੀਤਾ ਸੀ। ਜੇ ਅਸੀਂ ਹੋਰ ਵੀ ਕੁਝ ਸਾਲ ਪਿਛੇ ਜਾਈਏ ਤਾਂ ਅਸੀਂ ਵੇਖਾਂਗੇ ਕਿ ਸੰਨ 2008 'ਚ ਪੂੰਜੀਵਾਦ ਦੇ ਵਿਸ਼ਵਵਿਆਪੀ ਸੰਕਟ ਦੌਰਾਨ ਹਾਲਾਂਕਿ ਇਹ ਸੰਕਟ ਅਮਰੀਕਾ ਵਿਚ ਸਭ ਤੋਂ ਵੱਧ ਜਾਹਿਰਾ ਰੂਪ 'ਚ ਸਾਹਮਣੇ ਆਇਆ ਸੀ, ਭਾਵੇਂ ਯੂਰਪ ਦੇ ਸਰਮਾਏਦਾਰੀ ਦੇਸ਼ਾਂ 'ਤੇ ਵੀ ਇਸ ਦੀ ਬੁਰੀ ਮਾਰ ਪਈ ਸੀ, ਯੂਨਾਨ 'ਤੇ ਵੀ ਜਬਰਦਸਤ ਪਈ ਸੀ। ਇਸ ਸੰਕਟ ਤੋਂ ਉਭਰਨ ਲਈ ਉਸ ਸਮੇਂ ਨਵਉਦਾਰਵਾਦੀ ਅਰਥਨੀਤੀ ਤਹਿਤ ਜਿਸ 'ਕੌੜੀਦਵਾ' ਦਾ ਨੁਸਖਾ ਲਿਖਿਆ ਗਿਆ ਸੀ ਉਹ ਸੀ 'ਮਿਤਵਤੀਆ ਜਾਂ ਵਿਊਂਤਕਾਰੀ- ਮਜ਼ਦੂਰਾਂ ਦੀ ਮਜ਼ਦੂਰੀ ਘਟਾਓ, ਪੈਨਸ਼ਨਰੀ ਲੋਕਾਂ ਦੀ ਪੈਸ਼ਨਲ 'ਚ ਕਟੌਤੀ ਕਰੋ ਅਤੇ ਸਭ ਹੋ ਸਕੇ ਤਾਂ ਪੂਰੀ ਤਰ੍ਹਾਂ ਖਤਮ ਕਰੋ, ਜੀਵਨ ਉਪਯੋਗੀ ਵਸਤੂਆਂ 'ਤੇ ਟੈਕਸ 'ਚ ਭਾਰੀ ਵਾਧਾ ਕਰੋ, ਸਿੱਖਿਆ ਤੇ ਸਿਹਤ ਵਰਗੀ ਲੋਕ ਭਲਾਈ ਦੇ ਕੰਮਾਂ 'ਤੇ ਸਰਕਾਰੀ ਖਰਚ ਘੱਟ ਕਰੋ, ਜਨਤਕ ਖੇਤਰ ਦੇ ਅਦਾਰਿਆਂ ਦਾ ਨਿੱਜੀਕਰਨ ਕਰੋ। ਮਜ਼ਦੂਰਾਂ ਦੇ ਅਧਿਕਾਰਾਂ ਨੂੰ ਖੋਹ ਲਵੋ ਤੇ ਉਨ੍ਹਾਂ ਦੇ ਸੌਦੇਬਾਜ਼ੀ ਦੇ ਅਧਿਕਾਰ (ਯੂਨੀਅਨਾਂ ਰਾਹੀਂ) ਨੂੰ ਖਤਮ ਕਰੋ। ਇਸ ਨੁਸਖੇ ਨੂੰ ਮੰਨ ਕੇ ਯੂਨਾਨ ਦੀ ਪਾਰਲੀਮੈਂਟ ਨੇ 9 ਫਰਵਰੀ 2010 'ਚ ਕਿਫਾਇਤਕਾਰੀ ਦੇ ਪ੍ਰੋਗਰਾਮ ਨੂੰ ਮੰਨਿਆ ਸੀ। ਇਸ ਦੇ ਸਿੱਟੇ ਵਜੋਂ ਮਜ਼ਦੂਰਾਂ ਦੀ ਤਨਖਾਹ 10 ਫੀਸਦੀ ਘੱਟ ਹੋ ਗਈ। ਉਨ੍ਹਾਂ ਦੇ ਓਵਰਟਾਈਮ ਦੇ ਰੇਟਾਂ 'ਚ ਕਟੌਤੀ ਕੀਤੀ ਗਈ। ਮੈਂਬਰ ਯੋਜਨਾ 'ਤੇ ਹਮਲਾ ਹੋਣ ਲੱਗਿਆ, ਤੇਲ ਅਤੇ ਹੋਰ ਜ਼ਰੂਰੀ ਵਸਤੂਆਂ 'ਤੇ ਟੈਕਸ ਵਧ ਗਿਆ ਅਤੇ ਸਿੱਖਿਆ ਤੇ ਸਿਹਤ ਸਮੇਤ ਸਾਰੇ ਜਨ ਕਲਿਆਨ ਦੇ ਪ੍ਰੋਗਰਾਮ 'ਤੇ ਸਰਕਾਰੀ ਖਰਚਾ ਘਟਾ ਦਿੱਤਾ ਗਿਆ। ਯੂਨਾਨ ਦੀ ਸੰਸਦ ਵਲੋਂ ਉਪਰੋਕਤ ਜਨ ਵਿਰੋਧੀ ਕਿਫਾਇਤਕਾਰੀ ਦੇ ਕਦਮ ਚੁੱਕਣ ਪਿਛੋਂ 2 ਮਈ 2010 ਨੂੰ ਯੂਰਪੀ ਕੇਂਦਰੀ ਬੈਂਕ, ਯੂਰਪੀ ਕਮਿਸ਼ਨ ਤੇ ਕੌਮਾਂਤਰੀ ਮੁਦਰਾਕੋਸ਼ ਨੇ ਯੂਨਾਨ ਨੂੰ 11,000 ਕਰੋੜ ਯੂਰੋ (14,300 ਕਰੋੜ ਡਾਲਰ) ਕਰਜ਼ਾ ਦਿੱਤਾ। ਉਕਤ ਕਦਮ ਚੁੱਕੇ ਜਾਣ ਕਰਕੇ ਯੂਨਾਨ ਦੇ ਅਰਥਚਾਰੇ ਤੇ ਯੂਨਾਨੀ ਲੋਕਾਂ ਦੀ ਜ਼ਿੰਦਗੀ ਹੋਰ ਵੀ ਸੰਕਟਗ੍ਰਸਤ ਹੋ ਗਈ। ਕੁਝ ਲੋਕ ਯੂਨਾਨ ਦੇ ਇਸ ਸੰਕਟ ਨੂੰ ਮਨੁੱਖੀ ਸੰਕਟ ਕਹਿੰਦੇ ਹਨ। 2010 ਤੋਂ 2015 ਦਰਮਿਆਨ ਪੰਜ ਸਾਲਾਂ 'ਚ ਰੁਜ਼ਗਾਰ 'ਚ 25.8 ਫੀਸਦੀ ਦੀ ਗਿਰਾਵਟ ਆਈ ਅਤੇ ਦੇਸ਼ ਦੇ 50 ਫੀਸਦੀ ਨੌਜਵਾਨ ਬੇਰੁਜ਼ਗਾਰਾ ਦੀ ਸ਼੍ਰੇਣੀ ਵਿਚ ਆ ਗਏ। ਪੈਨਸ਼ਨ ਰਾਸ਼ੀ 'ਚ 43 ਫੀਸਦੀ ਦੀ ਕਟੌਤੀ ਹੋ ਗਈ। 30 ਫੀਸਦੀ ਆਬਾਦੀ ਨੂੰ ਘੋਰ ਗਰੀਬੀ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੱਤਾ ਗਿਆ। ਸਿੱਟੇ ਵਜੋਂ ਆਤਮ ਹੱਤਿਆਵਾਂ ਦੀਆਂ ਘਟਨਾਵਾਂ, ਵਧਣ ਲੱਗੀਆਂ। ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਨ 'ਚ ਅਸਮਰਥ ਲੋਕ ਉਨ੍ਹਾਂ ਨੂੰ ਚਰਚ ਦੀਆਂ ਪੌੜੀਆਂ 'ਤੇ ਛੱਡਣ ਲੱਗੇ। ਆਪਣੇ ਬੱਚਿਆਂ ਨੂੰ ਜੇਬ ਖਰਚ ਦੇਣ 'ਚ ਅਸਮਰਥ ਮਾਪਿਆਂ ਦੇ ਬੱਚੇ ਬੱਸਾਂ 'ਚ ਭੀਖ ਮੰਗਣ ਲੱਗੇ। ਘਰਾਂ ਦੀ ਬਿਜਲੀ ਅਚਾਨਕ ਕਟੀ ਜਾਣ ਲੱਗੀ। ਮੱਧ ਵਰਗ ਦੇ ਲੋਕ ਰੱਦੀ ਦੀ ਟੋਕਰੀ 'ਚ ਸੁਟਿਆ ਖਾਣਾ ਚੁਗਣ ਲੱਗੇ। ਲੋਕਾਂ ਦੇ ਦਿਨੋਂ ਦਿਨ ਬਦਤਰ ਹੁੰਦੇ ਹਾਲਾਤ ਦੇ ਇਸ ਪਿਛੋਕੜ 'ਚ ਇਸੇ ਸਾਲ ਜਨਵਰੀ 2015 'ਚ ਯੂਨਾਨ 'ਚ ਆਮ ਚੋਣਾਂ ਹੋਈਆਂ। ਉਸ ਸਮੇਂ ਨਿਊ ਡੈਮੋਕ੍ਰੇਸੀ ਪਾਰਟੀ ਤੇ ਪਾਸਕੋ ਪਾਰਟੀ ਦੀ ਗਠਜੋੜ ਸਰਕਾਰ ਸੀ। ਲੋਕਾਂ ਨੇ ਹਕੂਮਤੀ ਸਰਕਾਰ ਤੇ ਉਸ ਦੇ ਕਿਫਾਇਤਕਾਰੀ ਪ੍ਰੋਗਰਾਮ ਖਿਲਾਫ਼ ਆਪਣਾ ਗੁੱਸਾ ਕੱਢਿਆ। ਇਸ ਲਈ ਇਨ੍ਹਾਂ ਪਾਰਟੀਆਂ ਦਾ ਵੋਟ ਪ੍ਰਤੀਸ਼ਤ 2010 ਦੇ 41.90 ਫੀਸਦੀ ਤੋਂ ਘਟ ਕੇ 2015 'ਚ 32.49 ਫੀਸਦੀ ਰਹਿ ਗਿਆ। ਦੂਜੇ ਪਾਸੇ ਸੀਰਿਜਾ ਪਾਰਟੀ ਦਾ ਵੋਟ ਪ੍ਰਤੀਸ਼ਤ 26.89 ਫੀਸਦੀ ਤੋਂ ਵੱਧ ਕੇ 36.34 ਫੀਸਦੀ ਹੋ ਗਿਆ। ਸੀਰਿਜਾ ਦੇ ਵੋਟ ਸ਼ੇਅਰ ਵਿਚ ਇਸ ਵਾਧੇ ਦਾ ਕਾਰਨ ਇਹ ਸੀ ਕਿ ਉਸ ਨੇ ਨਿਊ ਡੈਮੋਕ੍ਰੇਸੀ ਪਾਸਕੋ ਗਠਜੋੜ ਸਰਕਾਰ ਦੇ ਕਫਾਇਤਕਾਰੀ ਦੇ ਪ੍ਰੋਗਰਾਮ ਖਿਲਾਫ਼ ਦੇਸ਼ ਵਿਆਪੀ ਅੰਦੋਲਨ ਚਲਾਇਆ ਸੀ ਅਤੇ ਹਕੂਮਤ ਸੰਚਾਲਣ 'ਤੇ ਇਸ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ। ਸੁਭਾਵਿਕ ਹੀ ਸੀਰਿਜਾ ਪਾਰਟੀ ਨੇ ਸੰਕਟ ਤੋਂ ਉਭਰਨ ਲਈ ਕਰਜ਼ਾ ਲੈਣ 'ਤੇ ਇਸ ਕਰਜ਼ੇ ਦੇ ਬੋਝ ਨੂੰ ਆਮ ਲੋਕਾਂ ਦੇ ਮੋਢਿਆਂ 'ਤੇ ਪਾਉਣ ਦੀ ਨੀਤੀ ਖਿਲਾਫ਼ ਇਸ ਸਾਲ ਦੀ ਚੋਣ ਲੜੀ ਸੀ ਅਤੇ ਜੇਤੂ ਹੋ ਕੇ ਨਿਕਲੀ ਸੀ। ਜਦ ਯੂਨਾਨ 'ਚ ਸੀਰੀਆ ਦੀ ਸਰਕਾਰ ਬਣੀ ਤਾਂ ਇਹ ਉਮੀਦ ਕੀਤੀ ਗਈ ਸੀ ਕਿ ਮਜ਼ਦੂਰਾਂ ਨੂੰ ਉਹੀ ਤਨਖਾਹ ਮਿਲਣੀ ਸ਼ੁਰੂ ਹੋਵੇਗੀ ਜੋ ਉਨ੍ਹਾਂ ਨੂੰ 2010 'ਚ ਮਿਲਦੀ ਸੀ। ਮਜ਼ਦੂਰਾਂ ਦੇ ਸਮੂਹਿਕ ਸੌਦੇਬਾਜ਼ੀ ਦੇ ਅਧਿਕਾਰ ਨੂੰ ਫਿਰ ਤੋਂ ਬਹਾਲ ਕੀਤਾ ਜਾਵੇਗਾ ਜਿਸ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ ਸੀ ਤੇ ਲੋਕਾਂ 'ਚ ਠੱਸੀ ਗਈ ਪੂਰੀ ਤਰ੍ਹਾਂ ਗੈਰਵਾਜਬ ਜਾਇਦਾਦ ਟੈਕਸ ਦੀ ਭਾਰੀ ਰਾਸ਼ੀ ਨੂੰ ਖਤਮ ਕੀਤਾ ਜਾਵੇਗਾ। ਇਸ ਤਰ੍ਹਾਂ ਲੋਕਾਂ ਨੇ ਸੋਚਿਆ ਸੀ ਕਿ ਸਾਰੇ ਘਰਾਂ 'ਚ ਬਿਜਲੀ ਦੇ ਕੁਨੈਕਸ਼ਨਾਂ ਨੂੰ ਫਿਰ ਤੋਂ ਜੋੜਿਆ ਜਾਵੇਗਾ ਤੇ ਉਹ ਸਰਕਾਰ ਤੋਂ ਮਿਲਣ ਵਾਲੀ ਸਿਹਤ ਸੇਵਾ ਦੇ ਵੀ ਹੱਕਦਾਰ ਹੋਣਗੇ ਪਰ ਜਦ ਸੀਰਿਜਾ ਨੇ ਵੀ ਹਕੂਮਤ ਸੰਭਾਲੀ ਤਾਂ ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਯੂਨਾਨ ਦਾ ਕਰਜ਼ਾ ਉਸ ਦੇ ਜੀ ਡੀ ਪੀ ਦਾ 177 ਫੀਸਦੀ ਸੀ ਯਾਨੀਕਿ ਯੂਨਾਨ 'ਤੇ ਕਰਜ਼ੇ ਦਾ ਬੋਝ ਉਸ ਦੀ ਕੁਝ ਘਰੇਲੂ ਪੈਦਾਵਾਰ ਤੋਂ ਕਰੀਬ ਪੌਣੇ ਦੋ ਗੁਣਾ ਜ਼ਿਆਦਾ ਸੀ। ਇਸ ਦਾ ਅਰਥ ਇਹ ਸੀ ਕਿ ਜੇ ਸੀਰਿਜਾ ਸਰਕਾਰ ਕੋਈ ਲੋਕ ਭਲਾਈ ਪ੍ਰੋਗਰਾਮ ਲਾਗੂ ਕਰਨਾ ਚਾਹੁੰਦੀ ਤਾਂ ਉਸ ਨੂੰ ਸਭ ਤੋਂ ਪਹਿਲਾਂ ਪੈਸੇ ਦਾ ਜੁਗਾੜ ਕਰਨਾ ਪੈਂਦਾ। ਇਸ ਦੌਰਾਨ ਸੀਰਿਜਾ ਸਰਕਾਰ




GALAXY Frightline inc.

Hiring Drivers/Owners/Operators

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude


For:
* GTA
* ON-QC
* ON-MB-AB-BC
* USA

TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਕੌਮਾਂਤਰੀ ਮੁਦਰਾਕੋਸ਼ ਦੇ ਕਰਜ਼ੇ ਦੀ ਕਿਸ਼ਤ ਨਹੀਂ ਮੋੜ ਸਕੀ ਜੋ ਉਸ ਨੇ 30 ਜੂਨ ਤੱਕ ਦੇਣੀ ਸੀ। ਇਸ ਨਾਲ ਯੂਨਾਨ ਦੀਵਾਲੀਏ ਦੇਸ਼ ਦੀ ਸ਼੍ਰੇਣੀ 'ਚ ਆ ਜਾਂਦਾ। ਅਜਿਹੀਆਂ ਹਾਲਤਾਂ ਵਿਚ ਯੂਨਾਨ ਦੀ ਸੀਰਿਜਾ ਸਰਕਾਰ ਨੇ ਯੂਰਪੀ ਕਮਿਸ਼ਨ, ਯੂਰਪੀ ਕੇਂਦਰੀ ਬੈਂਕਾਂ, ਆਈ.ਐਮ.ਐਫ. (ਇਨ੍ਹਾਂ ਤਿੰਨ ਸੰਸਥਾਵਾਂ ਨੂੰ ਯੂਨਾਨ ਦੇ ਲੋਕ ਤਿਕੜੀ ਕਹਿੰਦੇ ਹਨ) ਦੇ ਨਾਲ ਕਰਜ਼ੇ ਸਬੰਧੀ ਗੱਲਬਾਤ ਕਰਨੀ ਸ਼ੁਰੂ ਕੀਤੀ। ਇਸ ਵਾਰਤਾ ਦੌਰਾਨ ਯੂਰਪੀ ਸੰਘ ਦੇ 18 ਦੇਸ਼ਾਂ ਦੇ ਵਿੱਤ ਮੰਤਰੀਆਂ ਤੇ ਉਕਤ ਤਿਕੜੀ ਨੇ ਬੇਲਆਊਟ ਪੈਕੇਜ (ਜੋ ਅਸਲ ਕਰਜ਼ਾ ਮੋੜਣ ਲਈ ਕਰਜ਼ਾ ਦੇਣ ਦਾ ਪੈਕੇਜ ਸੀ) ਦੇ ਇਵਜ਼ 'ਚ ਕਈ ਸਾਰੀਆਂ ਸ਼ਰਤਾਂ ਰੱਖੀਆਂ। ਇਹ ਸ਼ਰਤਾਂ ਪਹਿਲਾਂ ਤੋਂ ਹੀ ਕਠੋਰ ਕਫਾਇਤਕਾਰੀ ਦੀਆਂ ਨੀਤੀਆਂ ਲਾਗੂ ਕਰਨ ਦੀਆਂ ਸਨ। ਇਨ੍ਹਾਂ ਸ਼ਰਤਾਂ 'ਚ ਹੇਠ ਲਿਖੀਆਂ ਗੱਲਾਂ ਦਾ ਕੁਲ ਜੋੜ ਸੀ: ਤਨਖਾਹ ਤੇ ਪੈਨਸ਼ਨ ਵਿਚ ਹੋਰ ਵੱਧ ਕਟੌਤੀ, ਸਿੱਖਿਆ ਤੇ ਸਿਹਤ ਸਬੰਧੀ ਖਰਚਿਆਂ ਨੂੰ ਹੋਰ ਘੱਟ ਕਰਨਾ, ਫੌਜੀ ਸੰਗਠਨ ਨਾਟੋ ਦਾ ਮੈਂਬਰ ਹੋਣ ਦੇ ਨਾਤੇ (ਜਰਮਨੀ ਤੇ ਫਰਾਂਸ ਤੋਂ) ਹਥਿਆਰਾਂ ਦੀ ਖਰੀਦ ਕਰਨੀ, ਟੈਕਸ ਵਧਾ ਕੇ ਸਰਕਾਰੀ ਮਾਲੀਆ ਵਧਾਉਣਾ ਤੇ ਨਿੱਜੀਕਰਨ ਦੀ ਮੁਹਿੰਮ ਚਲਾਉਣਾ। ਦੂਜੇ ਸ਼ਬਦਾਂ 'ਚ ਕਿਹਾ ਜਾਵੇ ਤਾਂ ਯੂਰਪ ਦੇ ਕਰਜ਼ਦਾਤਾ ਦੇਸ਼ਾਂ ਵਲੋਂ ਬੇਲਆਊਟ ਪੈਕੇਜ ਦੇਣ ਲਈ ਉਨ੍ਹਾਂ ਸ਼ਰਤਾਂ, ਨੂੰ ਠੋਸਿਆ ਜਾ ਰਿਹਾ ਸੀ ਜਿਸ ਖਿਲਾਫ਼ ਸੀਰਿਜਾ ਨੇ ਜਨਵਰੀ 'ਚ ਚੋਣ ਲੜੀ ਤੇ ਜਿੱਤੀ ਸੀ। ਸੁਭਾਵਿਕ ਤੌਰ 'ਤੇ ਸੀਰਿਜਾ ਸਰਕਾਰ ਨੇ ਇਨ੍ਹਾਂ ਸ਼ਰਤਾਂ ਨੂੰ ਨਜਾਇਜ਼ ਤੇ ਸਖ਼ਤ ਦੱਸਿਆ। ਸੀਰਿਜਾ ਸਰਕਾਰ ਦੇ ਸਾਬਕਾ ਵਿੱਤ ਮੰਤਰੀ ਯਾਨਿਸ ਵਾਰੋਫਾਕਿਸ ਨੇ ਠੀਕ ਹੀ ਕਿਹਾ ਸੀ ਕਿ ਇਹ ਏਥੈਨਸ (ਯੂਨਾਨ ਦੀ ਰਾਜਧਾਨੀ) ਨੂੰ ਕਰਜ਼ਾ ਦੇਣ ਵਾਲਿਆਂ ਦੀ ਦਹਿਸ਼ਤਗਰਦੀ ਹੈ। ਇਨ੍ਹਾਂ ਸ਼ਰਤਾਂ ਨੂੰ ਮੰਨਣਾ ਚਾਹੀਦਾ ਹੈ ਜਾਂ ਨਹੀਂ, ਇਸ ਮੁੱਦੇ 'ਤੇ ਸੀਰਿਜਾ ਸਰਕਾਰ ਨੇ 5 ਜੁਲਾਈ ਨੂੰ ਲੋਕ ਰਾਇ ਇਕੱਠੀ ਕੀਤੀ। ਇਸ ਰੈਫਰੇਂਡਮ ਤੋਂ ਪਹਿਲਾਂ ਇਕ ਦਿਨ ਉਨ੍ਹਾਂ ਕਿਹਾ ਸੀ ਕਿ ਉਹ ਯੂਨਾਨ ਦੇ ਨਾਲ ਜੋ ਕਰ ਰਹੇ ਹਨ, ਉਸ ਦਾ ਨਾਂ ਹੈ-'ਦਹਿਸ਼ਤਗਰਦੀ'। ਉਨ੍ਹਾਂ ਨੇ ਅੱਗੇ ਕਿਹਾ ਕਿ "ਉਹ (ਤਿਕੜੀ) ਸਾਨੂੰ ਬੈਂਕਾਂ ਨੂੰ ਬੰਦ ਕਰਨ ਲਈ ਮਜਬੂਰ ਕਿਉਂ ਕਰ ਰਹੇ ਹਨ? ਲੋਕਾਂ 'ਚ ਦਹਿਸ਼ਤ ਪੈਦਾ ਕਰਨ ਲਈ ਤੇ ਭੈਅ ਫੈਲਾਉਣ ਨੂੰ ਹੀ ਦਹਿਸ਼ਤਗਰਦੀ ਕਿਹਾ ਜਾਂਦਾ ਹੈ। ਇਸ ਪਿੱਠਭੂਮੀ 'ਚ 5 ਜੁਲਾਈ ਨੂੰ ਲੋਕਰਾਇ ਇਕੱਠੀ ਕੀਤੀ ਗਈ। ਯੂਨਾਨੀ ਲੋਕਾਂ ਦੇ ਵਿਆਪਕ ਬਹੁਮਤ ਨੇ ਯੂਰਪੀ ਕਰਜ਼ਦਾਤਿਆਂ ਵਲੋਂ ਲੱਦੇ ਜਾ ਰਹੇ ਕਠੋਰ ਤੇ ਗੈਰ ਵਾਜਿਬ ਸ਼ਰਤਾਂ ਖਿਲਾਫ਼ ਵੋਟ ਦਿੱਤਾ। ਲੋਕ ਰਾਇ 'ਚ 61.39 ਫੀਸਦੀ ਵੋਟਰਾਂ ਨੇ ਬੇਲੈਕਆਊਟ ਪੈਕੇਜ ਦੀਆਂ ਸ਼ਰਤਾਂ ਨੂੰ ਮੰਨਣ ਲਈ 'ਨਾਂਹ' ਕਹੀ। ਇਹ ਸਪਸ਼ਟ ਹੋ ਗਿਆ ਕਿ ਯੂਨਾਨ ਦੀ ਦੋ ਤਿਹਾਈ ਆਬਾਦੀ ਜਰਮਨੀ ਦੀ ਅਗਵਾਈ 'ਚ 18 ਦੇਸ਼ਾਂ ਦੇ ਸਮੂਹ ਤੇ ਤਿਕੜੀ ਦੀਆਂ ਸ਼ਰਤਾਂ ਨੂੰ ਮੰਨਣ ਲਈ ਤਿਆਰ ਨਹੀਂ ਹੈ। ਸੁਭਾਵਿਕ ਤੌਰ 'ਤੇ ਜਨਮਤ ਸੰਗ੍ਰਹਿ ਪਿੱਛੋਂ, ਸੀਰਿਜਾ ਸਰਕਾਰ ਤੋਂ ਅਜਿਹੇ ਕਦਮ ਉਠਾਉਣ ਦੀ ਉਮੀਦ ਕੀਤੀ ਜਾ ਰਹੀ ਹੈ ਜੋ ਯੂਨਾਨ ਦੇ ਲੋਕਾਂ ਦੇ ਵਿਆਪਕ ਬਹੁਮਤ ਦੀਆਂ ਇੱਛਾਵਾਂ ਦੇ ਅਨੁਕੂਲ ਹੋਏ, ਜਿਸ ਨੇ ਜਨਮਤ ਸੰਗ੍ਰਹਿ 'ਚ 'ਨਾਂਹ' ਦੇ ਪੱਖ 'ਚ ਵੋਟ ਪਾਈ ਸੀ ਪਰ ਅਸਲ 'ਚ ਹੋਇਆ ਕੀ? ਠੀਕ ਇਸ ਦੇ ਉਲਟ। ਸੀਰਿਜਾ ਸਰਕਾਰ ਦੇ ਸਾਬਕਾ ਵਿੱਤ ਮੰਤਰੀ, ਯਾਨਿਸ ਵਾਰੋਫਾਕਿਸ ਨੇ ਯੂਨਾਨ ਦੇ ਕਰਜ਼ਦਾਤਿਆਂ ਦੀ ਤੁਲਨਾ ਦਹਿਸ਼ਤਗਰਦੀ ਨਾਲ ਕੀਤੀ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜੇ ਜਨਮਤ ਸੰਗ੍ਰਹਿ 'ਚ ਲੋਕਾਂ ਨੇ ਤਿਕੜੀ ਦੀਆਂ ਸ਼ਰਤਾਂ ਨੂੰ ਮੰਨ ਕੇ 'ਹਾਂ' ਦੇ ਪੱਖ 'ਚ ਵੋਟ ਦਿੱਤੀ ਸੀ ਤਾਂ ਉਹ ਅਸਤੀਫ਼ਾ ਦੇ ਦੇਣਗੇ। ਪਰ ਪੂਰੀ ਦੁਨੀਆ ਨੇ ਦੇਖਿਆ ਕਿ ਲਗਭਗ ਦੋ ਤਿਹਾਈ ਬਹੁਮਤ ਦੇ ਨਾਲ ਯੂਨਾਨੀ ਜਨਤਾ ਨੇ ਨਾਂਹ ਦੇ ਪੱਖ 'ਚ ਵੋਟ ਪਾਈ। ਇਸ ਦੇ ਬਾਵਜੂਦ, ਵਿੱਤ ਮੰਤਰੀ ਯਾਨਿਸ ਨੇ ਨਤੀਜੇ ਦੇ ਐਲਾਨ ਤੋਂ ਤੁਰੰਤ ਪਿਛੋਂ ਅਸਤੀਫ਼ਾ ਦੇ ਦਿੱਤਾ। ਅਗਲੇ ਦਿਨ ਆਪਣੇ ਨਿੱਜੀ ਬਲਾਗ 'ਚ ਯਾਨਿਸ ਵਾਰੋਫਾਕਿਸ ਨੇ ਲਿਖਿਆ : "ਜਨਮਤ ਸੰਗ੍ਰਹਿ ਦੇ ਨਤੀਜਿਆਂ ਦਾ ਐਲਾਨ ਹੋਣ ਤੋਂ ਫੌਰਨ ਪਿਛੋਂ। ਮੈਨੂੰ ਜਾਣਕਾਰੀ ਦਿੱਤੀ ਗਈ ਕਿ (ਬੇਲਆਊਟ ਪੈਕੇਜ ਲਈ ਹੋਣ ਵਾਲੀਆਂ ਬਹਿਸਾਂ 'ਚ) ਯੂਰੋ ਸਮੂਹ ਦੇ ਕੁਝ ਭਾਗੀਦਾਰਾਂ ਅਤੇ ਤਰ੍ਹਾਂ-ਤਰ੍ਹਾਂ ਦੇ 'ਹਿੱਸੇਦਾਰਾਂ' ਦੀ ਕੁੱਲ ਪਸੰਦ ਹੈ-ਉਹ ਆਪਣੀਆਂ ਮੀਟਿੰਗਾਂ 'ਚ ਮੇਰੀ 'ਗੈਰ ਹਾਜ਼ਰੀ' ਚਾਹੁੰਦੇ ਹਨ, ਇਹ ਅਜਿਹਾ ਵਿਚਾਰ ਸੀ ਜਿਸ ਨੂੰ ਪ੍ਰਧਾਨ ਮੰਤਰੀ ਮੰਨਦੇ ਸਨ ਕਿ ਇਹ ਇਕ ਸਮਝੌਤੇ 'ਤੇ ਪਹੁੰਚਣ ਵਿਚ ਮਦਦਗਾਰ ਹੋਵੇਗਾ। ਇਸ ਕਾਰਨ ਕਰਕੇ ਮੈਂ ਅੱਜ ਵਿੱਤ ਮੰਤਰਾਲਾ ਛੱਡ ਰਿਹਾ ਹਾਂ ਅਤੇ ਮੈਂ ਕਰਜ਼ਦਾਤਿਆਂ ਦੀ ਨਫ਼ਰਤ ਨੂੰ ਮਾਣ ਦੇ ਨਾਲ ਧਾਰਨ ਕਰੂੰਗਾ।" ਉਨ੍ਹਾਂ ਦਾ ਸੁਨੇਹਾ ਬਿਲਕੁਲ ਸਪਸ਼ਟ ਸੀ। ਜਰਮਨੀ ਸਮੇਤ ਯੂਰਪੀ ਸੰਘ ਦੇ ਦੇਸ਼ਾਂ ਦਾ ਕਹਿਣਾ ਸੀ ਕਿ ਗੱਲਬਾਤ ਦੀ ਮੇਜ 'ਤੇ ਬੈਠਣ ਦੀ ਅਗਾਊਂ ਸ਼ਰਤ ਹੈ ਕਿ ਪਹਿਲਾਂ ਵਿੱਤ ਮੰਤਰੀ ਅਸਤੀਫ਼ਾ ਦੇਵੇ ਜਦਕਿ ਜਨਮਤ ਸੰਗ੍ਰਹਿ ਦਾ ਨਤੀਜਾ ਸਾਫ਼ ਦਸ ਰਿਹਾ ਸੀ ਕਿ ਲੋਕ ਯੂਨਾਨ ਦੇ ਅੰਦਰੂਨੀ ਮਾਮਲਿਆਂ 'ਚ ਬਾਹਰੀ ਸ਼ਕਤੀਆਂ ਦੀ ਅਜਿਹੀ ਨੰਗੀ ਚਿੱਟੀ ਦਖ਼ਲ-ਅੰਦਾਜ਼ੀ ਦੇ ਵਿਰੁੱਧ ਹੈ। ਜਨਮਤ ਸੰਗ੍ਰਹਿ 'ਚ ਸਾਫ਼ ਤੌਰ 'ਤੇ ਇਹ ਐਲਾਨ ਸਮੋਇਆ ਹੈ ਕਿ ਯੂਨਾਨ ਦੇ ਲੋਕ ਆਪਣੇ ਦੇਸ਼ ਦੀ ਨੀਤੀ ਨੂੰ ਖੁਦ ਤਹਿ ਕਰਨਗੇ ਪਰ ਯੂਨਾਨ ਦੇ ਪ੍ਰਧਾਨ ਮੰਤਰੀ ਸਿਪ੍ਰਾਸ ਨੇ ਕਰਜ਼ਦਾਤਿਆਂ ਦੀ ਇਸ ਨਜਾਇਜ਼ ਮੰਗ ਦੇ ਅੱਗੇ ਗੋਡੇ ਟੇਕ ਦਿੱਤੇ ਕਿ ਵਿੱਤ ਮੰਤਰੀ ਦਾ ਅਸਤੀਫ਼ਾ ਕਿਸੇ ਸਮਝੌਤੇ 'ਤੇ ਪਹੁੰਚਣ 'ਚ ਉਨ੍ਹਾਂ ਦੇ ਲਈ ਮਦਦਗਾਰ ਹੋਵੇਗਾ ਅਤੇ ਯਾਨਿਸ ਵਾਰੋਫੋਕਿਸ ਦਾ ਅਸਤੀਫ਼ਾ ਲੈ ਲਿਆ। ਇਸ ਤਰ੍ਹਾਂ ਉਨ੍ਹਾਂ ਨੇ ਜਨਮਤ ਸੰਗ੍ਰਹਿ ਦੇ ਲੋਕ ਫਤਵੇ ਨਾਲ ਦਗਾ ਕਮਾਇਆ ਪਰ ਪ੍ਰਧਾਨ ਮੰਤਰੀ ਸਿਪ੍ਰਾਸ ਸਿਰਫ਼ ਇਥੇ ਹੀ ਨਹੀਂ ਰੁਕੇ। ਉਨ੍ਹਾਂ ਨੇ ਹੋਰ ਅੱਗੇ ਵਧ ਕੇ 10 ਜੁਲਾਈ ਨੂੰ ਕਰਜ਼ਦਾਤਿਆਂ ਦੇ ਸਾਹਮਣੇ ਨਵਾਂ ਮਸੌਦਾ ਰੱਖਿਆ-ਜਿਸ 'ਚ ਇਹ ਗੱਲਾਂ ਸ਼ਾਮਲ ਸਨ : 1. ਪੈਨਸ਼ਨ ਸੁਧਾਰ, 2. ਸੈਰ ਸਪਾਟੇ 'ਤੇ ਟੈਕਸ 'ਚ ਵਾਧਾ, 3. ਤਿਕੜੀ ਦੇ ਸੁਝਾਅ ਮੁਤਾਬਕ ਕਾਰਪੋਰੇਟ ਟੈਕਸ ਕੋਈ ਵਾਧਾ ਕੀਤੇ ਬਿਨਾਂ 28 ਫੀਸਦੀ ਤੱਕ ਬਣਾਈ ਰੱਖਣਾ, 4. ਏਅਰਪੋਰਟ ਤੇ ਬੰਦਰਗਾਹਾਂ ਦਾ ਨਿੱਜੀਕਰਨ, 5. ਕਿਰਤ ਸੁਧਾਰ, 6. ਲੋਕ ਭਲਾਈ ਖਰਚੇ 'ਚ 1300 ਕਰੋੜ ਯੂਰੋ ਦੀ ਕਟੌਤੀ। ਅਸਲ 'ਚ 10 ਜੁਲਾਈ ਦੇ ਪ੍ਰਸਤਾਅ 'ਚ ਤਿਕੜੀ ਦੀਆਂ ਕਿੰਨੀਆਂ ਸਾਰੀਆਂ। ਸ਼ਰਤਾਂ ਨੂੰ ਮੰਨ ਲਿਆ ਗਿਆ ਸੀ। ਯੂਨਾਨ ਅਤੇ ਨਾਲ ਹੀ ਪੂਰੀ ਦੁਨੀਆ ਦੇ ਲੋਕਾਂ ਸਾਹਮਣੇ ਇਹ ਸਾਫ਼ ਹੋ ਗਿਆ ਹੈ ਕਿ ਪ੍ਰਧਾਨ ਮੰਤਰੀ ਸਿਪ੍ਰਾਸ ਨੇ ਕਰਜ਼ਾਦਾਤਿਆਂ ਵਲੋਂ ਤਹਿ ਕੀਤੀਆਂ ਗਈਆਂ ਸ਼ਰਤਾਂ 'ਤੇ ਆਧਾਰਤ ਆਪਣਾ ਪ੍ਰਸਤਾਵ ਦਿੱਤਾ ਸੀ। ਬੇਲੈਕਆਊਟ ਪੈਕੇਜ ਦੀਆਂ ਸ਼ਰਤਾਂ ਨੂੰ ਜਿਸ ਸਿਪ੍ਰਾਸ ਸਰਕਾਰ ਨੇ ਇਕ ਸਮੇਂ ਕਠੋਰ ਤੇ ਨਜਾਇਜ਼ ਦੱਸਿਆ ਸੀ ਸਿਪ੍ਰਾਸ ਨੇ ਆਖਰਕਾਰ ਮੰਨ ਲਿਆ।

# ਵਿਗਿਆਨ, ਵਿਸ਼ਵਾਸ ਅਤੇ ਅੰਧਵਿਸ਼ਵਾਸ






ਸੁਰਜੀਤ ਸਿੰਘ ਢਿੱਲੋਂ

ਸਮਾਜ 'ਚ ਪ੍ਰਚਲਿਤ ਵਿਚਾਰਾਂ ਵਿਰੁੱਧ ਗੱਲ ਕਰਨੀ ਸਹਿਲ ਨਹੀਂ, ਪਰ ਅਜਿਹਾ ਕਰਨਾ ਵੀ ਜ਼ਰੂਰੀ ਹੈ। ਜੇਕਰ ਅਜਿਹਾ ਨਾ ਕੀਤਾ ਜਾ ਰਿਹਾ ਹੁੰਦਾ ਤਾਂ ਸੰਸਾਰ ਨੇ ਅਜਿਹਾ ਨਹੀਂ ਸੀ ਹੋਣਾ। ਵਿਗਿਆਨ ਨਵੇਂ-ਨਵੇਂ ਰਹੱਸ ਫਰੋਲ ਫਰੋਲ ਸਾਡੇ ਸਾਹਮਣੇ ਪਰੋਸੀ ਜਾ ਰਿਹਾ ਹੈ। ਵਿਗਿਆਨ ਦਾ ਸੁਭਾਅ ਉਸ ਬੱਚੇ ਜਿਹਾ ਹੈ, ਜਿਹੜਾ ਦਿਨ ਸਮੇਂ ਇਹ ਜਾਨਣ ਦੀ ਜ਼ਿੱਦ ਕਰਦਾ ਹੈ ਕਿ ਜੁਗਨੂੰ ਰਾਤ ਨੂੰ ਕਿਵੇਂ ਚਮਕਦਾ ਹੈ? ਵਿਗਿਆਨ ਆਪਣੀਆਂ ਅਜਿਹੀਆਂ ਜ਼ਿੱਦਾਂ ਪੂਰੀਆਂ ਕਰਨ 'ਚ ਜੇ ਸਫਲ ਨਾ ਹੋ ਰਿਹਾ ਹੁੰਦਾ, ਤਦ ਧਾਤ ਦਾ ਬਣਿਆ ਜਹਾਜ਼ ਹਵਾ 'ਚ ਨਹੀਂ ਸੀ ਉਡਣਾ, ਅਟੁੱਟ ਪ੍ਰਮਾਣੂ ਨਹੀਂ ਸੀ ਟੁੱਟਣਾ ਅਤੇ ਨਾ ਹੀ ਚੰਦਰਮਾ ਉਪਰ ਮਨੁੱਖ ਦੇ ਪੈਰ ਪੈਣੇ ਸਨ। ਵਿਗਿਆਨ ਅਤੇ ਵਿਸ਼ਵਾਸ ਦੇ ਆਪਸ 'ਚ ਕਦੀ ਸਬੰਧ ਨਹੀਂ ਰਹੇ, ਫਿਰ ਵੀ ਵਿਗਿਆਨ ਅੱਜ ਇਹ ਜਾਨਣ ਦੇ ਯਤਨ ਕਰ ਰਿਹਾ ਹੈ ਕਿ ਅਸੀਂ ਪ੍ਰਗਤੀ ਲਈ ਭਾਵੇਂ ਨਿਰਭਰ ਤਾਂ ਵਿਗਿਆਨ ਉਪਰ ਹਾਂ, ਪਰ ਫਿਰ ਵੀ ਅਸੀਂ ਜੀਵਨ ਬਿਤਾ ਰਹੇ ਹਾਂ ਵਿਸ਼ਵਾਸ ਆਸਰੇ। ਪ੍ਰਿਥਵੀ ਨੂੰ ਆਬਾਦ ਕਰ ਰਹੇ ਸੱਤ ਅਰਬ ਵਿਅਕਤੀ, ਲਗਪਗ ਸਾਰੇ ਦੇ ਸਾਰੇ, ਤਰਕ-ਦਲੀਲਾਂ ਤੋਂ ਲਾਪ੍ਰਵਾਹ, ਇਹੋ ਕੁਝ ਕਰ ਰਹੇ ਹਨ।

ਹਰ ਕੋਈ, ਆਪੋ-ਆਪਣੇ ਵਿਸ਼ਵਾਸਾਂ ਦੇ ਝਰੋਖੇ 'ਚੋਂ ਸੰਸਾਰ ਨੂੰ ਨਿਹਾਰ ਰਿਹਾ ਹੈ ਅਤੇ ਵਾਪਰ ਰਹੀਆਂ ਘਟਨਾਵਾਂ ਨੂੰ ਅਰਥ-ਅਰਪਣ ਕਰ ਰਿਹਾ ਹੈ। ਵਿਸ਼ਵਾਸਾਂ ਦੇ ਪ੍ਰਕਾਸ਼ 'ਚ ਹੀ ਸਾਡੇ ਸਬੰਧ ਬਣ ਰਹੇ ਹਨ ਅਤੇ ਟੁੱਟ ਰਹੇ ਹਨ ਜਾਂ ਫਿਰ ਮੋਹ ਪਲ ਰਹੇ ਹਨ ਅਤੇ ਘਿਰਣਾ ਪਨਪ ਰਹੀ ਹੈ। ਸਾਹਿਤ ਅਤੇ ਕਲਾ-ਕ੍ਰਿਤੀਆਂ 'ਚੋਂ ਵੀ ਵਿਸ਼ਵਾਸ ਹੀ ਝਾਕ ਰਹੇ ਹਨ ਅਤੇ ਪਰੰਪਰਾਵਾਂ ਦੀ ਪਾਲਣਾ ਲਈ ਪ੍ਰੇਰਣਾ ਵੀ ਇਹੋ ਬਣ ਰਹੇ ਹਨ। ਸਾਡੀ ਮਾਨਸਿਕਤਾ ਇਸ ਤਰ੍ਹਾਂ ਵਿਸ਼ਵਾਸਾਂ ਨਾਲ ਤਰੋਤਰ ਹੈ। ਇਹੋ ਨਹੀਂ ਸਾਡੇ ਵਿਸ਼ਵਾਸ ਅਤੇ ਸਾਡੀ ਮਾਨਸਿਕਤਾ ਇਸ ਤਰ੍ਹਾਂ ਇਕ-ਮਿੱਕ ਹਨ ਕਿ ਇਨ੍ਹਾਂ ਨੂੰ ਇਕ-ਦੂਜੇ ਨਾਲੋਂ ਨਿਖੇੜ ਸਕਣਾ ਸੰਭਵ ਨਹੀਂ। ਇਹ ਕਿਉਂ ਸੰਭਵ ਨਹੀਂ ਇਸੇ ਦਾ ਵਿਗਿਆਨ ਕਾਰਨ ਜਾਨਣ ਦੇ ਯਤਨ ਕਰ ਰਿਹਾ ਹੈ ਅਤੇ ਇਹ ਵੀ ਕਿ ਮਨ ਦਾ ਤਰਕ ਨਾਲੋਂ ਵਿਸ਼ਵਾਸ ਨਾਲ ਵੱਧ ਮੋਹ ਕਿਉਂ ਹੈ? ਬਰਟਰੰਡ ਰੱਸਲ ਨੇ ਵੀ ਇਸੇ ਸਥਿਤੀ ਨੂੰ ਮਨੋਵਿਗਿਆਨ ਦੀ ਕੇਂਦਰੀ ਸਮੱਸਿਆ ਦਰਸਾਇਆ ਹੈ।

ਵਿਸ਼ਵਾਸ ਅਤੇ ਗਿਆਨ ਦੇ ਪ੍ਰਸਪਰ ਸਬੰਧਾਂ ਬਾਰੇ ਫ਼ਿਲਾਸਫਰਾਂ ਦੀਆਂ ਮਹਿਫਲਾਂ 'ਚ ਵੀ ਚਰਚੇ ਹੁੰਦੇ ਰਹੇ ਹਨ। ਇਹ ਸਪਸ਼ਟ ਹੈ ਕਿ ਇਹ ਦੋਵੇਂ ਇਕ ਨਹੀਂ ਹਨ। ਖੋਜ ਕਰਕੇ, ਤਰਕ ਅਤੇ ਦਲੀਲਾਂ ਸਹਿਤ ਜੋ ਵੀ ਜਾਣਿਆ ਜਾ ਰਿਹਾ ਹੈ, ਉਹ ਗਿਆਨ ਹੈ। ਬਿਨਾਂ ਖੋਜਿਆਂ, ਬਿਨਾਂ ਪੜਚੋਲ ਅਤੇ ਬਿਨਾਂ ਦਲੀਲ ਜਾਂ ਤਰਕ ਦੇ ਜਿਸ ਕਾਸੇ ਨੂੰ ਵੀ ਸੱਚ ਸਮਝ ਕੇ ਅਪਣਾ ਲਿਆ ਜਾਂਦਾ ਹੈ, ਉਹ ਵਿਸ਼ਵਾਸ ਹੈ। ਫਿਰ ਇਹ ਵੀ ਹੈ ਕਿ ਗਿਆਨ ਬਾਹਰੋਂ ਮਨ ਅੰਦਰ ਪ੍ਰਵੇਸ਼ ਕਰਦਾ ਹੈ, ਜਦਕਿ ਵਿਸ਼ਵਾਸ ਅੰਦਰਮੁਖੀ ਪੁੰਗਰਦੀ ਵਿਵਸਥਾ ਹੈ; ਗਿਆਨ ਨਿਰਪੱਖ ਦ੍ਰਿਸ਼ਟੀ 'ਚੋਂ ਉਭਰਿਆ ਅਨੁਭਵ ਹੈ, ਜਦਕਿ ਵਿਸ਼ਵਾਸ ਆਤਮਦ੍ਰਿਸ਼ਟੀ ਦੀ ਉਪਜ ਹੈ; ਗਿਆਨ ਦਾ ਸਬੰਧ ਵਾਸਤਵਿਕਤਾ ਨਾਲ ਹੈ ਜਦਕਿ ਵਿਸ਼ਵਾਸ ਆਪਣੇ-ਆਪ 'ਚ ਅਧਿਆਤਮਿਕ ਅਹਿਸਾਸ ਹੈ।

ਡਿਕਾਰਟੇ ਅਤੇ ਸਪਾਈਨੋਜ਼ਾ ਸਤਾਰ੍ਹਵੀਂ ਸ਼ਤਾਬਦੀ 'ਚ ਵਿਚਰੇ ਫ਼ਿਲਾਸਫਰ ਸਨ। ਇਹ ਦੋਵੇਂ ਇਸ ਪ੍ਰਸੰਗ 'ਚ ਸੋਚਦੇ ਵੱਖਰੇ ਸਨ। ਡਿਕਾਰਟੇ ਅਨੁਸਾਰ ਗਿਆਨ ਵਿਸ਼ਵਾਸ ਦਾ ਆਧਾਰ ਹੈ। ਗਿਆਨਵਾਨ ਹੋਣ ਉਪਰੰਤ ਹੀ ਵਿਅਕਤੀ ਨਿਰਣਾ ਲੈਂਦਾ ਹੈ ਕਿ ਕੀ ਵਿਸ਼ਵਾਸ ਕਰਨ ਯੋਗ ਹੈ ਅਤੇ ਕੀ ਨਹੀਂ। ਉਧਰ ਸਪਾਈਨੋਜ਼ਾ ਦੀ ਸੋਚ ਸੀ ਕਿ ਵਿਸ਼ਵਾਸ ਅਸੀਂ ਆਪ ਨਹੀਂ ਅਪਨਾਉਂਦੇ; ਇਹ ਚੁੱਪ-ਚਪੀਤੇ, ਬਿਨਾਂ ਰੋਕ-ਰੁਕਾਵਟ ਜਾਂ ਵਿਵਾਦ-ਵਿਰੋਧ ਮਨ ਅੰਦਰ ਘਰ ਕਰਦੇ ਰਹਿੰਦੇ ਹਨ ਅਤੇ ਵਿਅਕਤੀਗਤ ਸੂਝ ਅਤੇ ਸੋਚ ਦਾ ਹਿੱਸਾ ਬਣਦੇ ਰਹਿੰਦੇ ਹਨ। ਵਿਗਿਆਨ ਵੀ ਅੱਜ, ਦਿਮਾਗ਼ ਦੇ ਹੋਏ ਵਿਕਾਸ ਦੇ ਪਿਛੋਕੜ 'ਚ ਇਸ ਸਥਿਤੀ ਨੂੰ ਪਰਖ ਰਿਹਾ ਹੈ। ਸਾਡੇ ਪੁਰਵਜਾਂ ਦੇ ਵਿਕਸਿਤ ਹੋ ਰਹੇ ਦਿਮਾਗ ਲਈ ਤਰਕ ਅਤੇ ਦਲੀਲ ਪਰਾਏ ਸਨ। ਇਹ ਮਾਨਸਿਕ ਦੋਸ਼ ਮਾਨਵੀ ਸੂਝ ਨਾਲ ਬਹੁਤ ਪਿੱਛੋਂ ਜੁੜੇ। ਪਹਿਲਾਂ-ਪਹਿਲ ਤਾਂ ਨਿਰੋਲ ਵਿਸ਼ਵਾਸ ਹੀ ਪੁੰਗਰ ਰਹੀ ਸੂਝ ਦੀ ਧਰੋਹਰ ਸਨ ਜੋ ਨਿੱਜੀ ਤਜਰਬੇ 'ਚੋਂ ਹੀ ਪੁੰਗਰਦੇ ਸਨ। ਉਨ੍ਹਾਂ ਸਮਿਆਂ 'ਚ ਵਾਰਤਾਲਾਪ ਦੁਆਰਾ ਵਿਚਾਰ ਸਾਂਝੇ ਕਰ ਸਕਣ ਯੋਗ ਮਨੁੱਖ ਨਹੀਂ ਸੀ। ਇਸ ਤਰ੍ਹਾਂ ਵਿਸ਼ਵਾਸ ਨਾਲ ਸਾਡੀ ਮਾਨਸਿਕਤਾ ਦੇ ਪੁਰਾਣੇ ਸਬੰਧ ਹਨ। ਇਹ ਸਥਿਤੀ ਸਾਡੇ ਨਾਲ ਪੁਰਾਣੇ ਵੇਲਿਆਂ ਤੋਂ ਨਿਭਦੀ ਆ ਰਹੀ ਹੈ ਅਤੇ ਅਗਾਂਹ ਤੋਂ ਅਗਾਂਹ ਵਿਰਸੇ 'ਚ ਮਿਲਦੀ ਰਹੀ ਹੈ।

ਇਕ ਹੋਰ ਕਾਰਨ ਵੀ ਅਸੀਂ ਤਰਕ ਅਤੇ ਦਲੀਲ ਨਾਲੋਂ ਵਿਸ਼ਵਾਸ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਨੂੰ ਤਰਜੀਹ ਦੇ ਰਹੇ ਹਾਂ। ਸੰਦੇਹ ਨਾਲ ਨਿਭਣਾ ਮਨ ਨੂੰ ਚੰਗਾ ਨਹੀਂ ਲਗਦਾ। ਵਿਸ਼ਵਾਸ ਦੇ ਅਰਥ ਹਨ ਸੰਦੇਹ ਦੀ ਅਣਹੋਂਦ। ਜਦਕਿ ਤਰਕ ਅਤੇ ਦਲੀਲਾਂ ਦਾ ਤਾਂ ਕੰਮ ਹੀ ਸੰਦੇਹਾਂ ਨੂੰ ਜਨਮ ਦਿੰਦੇ ਰਹਿਣਾ ਹੈ। ਵਿਗਿਆਨ ਨਾਲ ਵੀ ਇਸੇ ਕਾਰਨ ਨਿੱਘ ਬਿਨਾਂ, ਬਿਨ ਬੁਲਾਏ ਪ੍ਰਾਹੁਣੇ ਵਰਗਾ ਵਰਤਾਅ ਹੋ ਰਿਹਾ ਹੈ। ਮਾਨਸਿਕ ਅਵਸਥਾ ਲਈ ਸੰਦੇਹ ਸੁਖਾਵੇਂ ਭਾਵੇਂ ਨਹੀਂ, ਪਰ ਸੰਦੇਹ ਬਿਨਾਂ ਨਵਾਂ ਕੁਝ ਸਿੱਖ ਸਕਣਾ ਵੀ ਸੰਭਵ ਨਹੀਂ।

ਹਾਂ ਵੋਹ ਨਹੀਂ ਖ਼ੁਦਾਪ੍ਰਸਤ,  
ਜਾਓ ਵੋਹ ਬੇਵਫ਼ਾ ਸਹੀ,  
ਜਿਸ ਕੋ ਹੋ ਦੀਨ-ਓ-ਦਿਲ ਅਜ਼ੀਜ਼,  
ਉਸ ਕੀ ਗਲੀ ਮੇਂ ਜਾਏ ਕਿਉਂ?

ਮਨ ਅੰਦਰ ਵਿਸ਼ਵਾਸ ਕਿਵੇਂ ਘਰ ਕਰਦਾ ਹੈ? ਮਨ ਅੰਦਰ ਘਰ ਕਰਨ ਲਈ ਵਿਸ਼ਵਾਸ ਇਕ ਨਹੀਂ, ਭਿੰਨ-ਭਿੰਨ ਰਾਹ ਚੁਣਦੇ ਹਨ। ਜਿਸ ਸਭਿਆਚਾਰਕ ਮਾਹੌਲ 'ਚ ਬਚਪਨ ਬੀਤਦਾ ਹੈ, ਉਹੋ ਸੰਸਕਾਰ ਮਨ ਅੰਦਰ ਆਪਣੇ-ਆਪ ਸਮਾਉਂਦੇ ਰਹਿੰਦੇ ਹਨ ਅਤੇ ਵਿਸ਼ਵਾਸ ਵਜੋਂ ਅੰਕਿਤ ਹੁੰਦੇ ਰਹਿੰਦੇ ਹਨ।

ਵਿਸ਼ਵਾਸ-ਪ੍ਰਣਾਲੀ 'ਚ ਕਿੰਨਾ ਕੁ ਭਾਗ ਨਿਰਆਧਾਰ, ਅਣਪਰਖੇ ਅਤੇ ਸੁਣੇ-ਸੁਣਾਏ ਵਿਚਾਰਾਂ ਦਾ ਹੈ ਅਤੇ ਕਿੰਨਾ ਕੁ ਪਰਖ-ਪੜਚੋਲ ਦੁਆਰਾ ਅਤੇ ਨਿੱਜੀ ਤਜਰਬਿਆਂ ਦੁਆਰਾ ਅਪਨਾਏ ਅਨੁਭਵਾਂ ਦਾ ਹੈ, ਇਹ ਵਿਅਕਤੀ ਦੀ ਵਿਚਾਰਧਾਰਾ ਉਪਰ ਨਿਰਭਰ ਹੁੰਦਾ ਹੈ। ਅਣਪਰਖੇ ਵਿਚਾਰਾਂ ਨੂੰ ਸਵੀਕਾਰ ਕਰਨ ਦੇ ਅਰਥ ਹਨ, ਆਪਣੇ ਆਪ ਨੂੰ ਧੋਖਾ ਦੇਣ ਦੇ ਅਤੇ ਉਸ 'ਚ ਵਿਸ਼ਵਾਸ ਕਰ ਲੈਣ ਦੇ ਜੋ ਹੁੰਦਾ ਹੀ ਨਹੀਂ। ਜੋ ਹੈ ਹੀ ਨਹੀਂ, ਉਸ ਦੇ ਡਰ ਤੋਂ ਸਹਿਮੇ-ਸਿਮਟੇ ਦਿਨ ਕਟੀ ਕਰਦੇ ਰਹਿਣ ਦੀ ਆਦਤ ਸਾਡੇ 'ਚੋਂ ਬਹੁਤਿਆਂ ਨੂੰ ਹੈ। ਇਹੋ ਸਾਡੇ ਵਹਿਮ ਹਨ ਅਤੇ ਸਾਡੇ ਭਰਮ ਹਨ।

ਇਹੋ ਨਹੀਂ, ਹੋਰ ਵੀ ਕਈ ਪ੍ਰਕਾਰ ਦੇ ਨਿਰਆਧਾਰ ਵਿਸ਼ਵਾਸਾਂ ਸਹਿਤ ਅਸੀਂ ਆਪਣੇ-ਆਪ ਨਾਲ ਭੁਗਤ ਰਹੇ ਹਾਂ। ਬਹੁਤਿਆਂ ਦਾ ਸਮਾਂ ਇਹ ਸੋਚਦਿਆਂ ਬੀਤਦਾ ਹੈ ਕਿ ਉਨ੍ਹਾਂ ਦੇ ਸਰੀਰ ਦੀ ਫ਼ਬਨ ਕਿਉਂ ਉਹੋ ਜਿਹੀ ਨਹੀਂ, ਜਿਹੋ ਜਿਹੀ ਹੋਣੀ ਚਾਹੀਦੀ ਹੈ? ਕੱਦ ਕਿਉਂ ਛੋਟਾ ਹੈ? ਰੰਗ ਨਿਖਰਿਆ ਹੋਇਆ ਕਿਉਂ ਨਹੀਂ? ਨੱਕ ਤਿੱਖਾ ਅਤੇ ਮੱਥਾ ਉਚਾ ਕਿਉਂ ਨਹੀਂ? ਸੁਭਾਅ ਕਿਉਂ ਨਿਅੰਤਰਣ ਅਧੀਨ ਨਹੀਂ ਅਤੇ ਕਿਉਂ ਜੋ ਚਾਹਿਆ ਜਾ ਰਿਹਾ ਹੈ, ਨਹੀਂ ਹੋ ਰਿਹਾ? ਫਿਰ ਇਹ ਵੀ ਕਿ ਮੈਂ ਬਹੁਤ ਕੁਝ ਕਰਨ ਯੋਗ ਤਾਂ ਹਾਂ, ਪਰ ਮੇਰੀ ਲਿਆਕਤ ਦੀ ਕਦਰ ਨਹੀਂ ਪੈ ਰਹੀ? ਜਿਹੜੇ ਮੇਰੇ ਆਪਣੇ ਹਨ, ਇਹ ਵੀ ਆਪਣੇ ਨਹੀਂ, ਇਹ ਕਦੀ ਵੀ ਧੋਖਾ ਦੇ ਸਕਦੇ ਹਨ। ਅਜਿਹੇ ਬੇਕਾਰ ਨਿਰਮੂਲ ਵਿਚਾਰਾਂ ਨੂੰ ਕੁਝ ਤਾਂ ਵਿਸਾਰ ਛੱਡਦੇ ਹਨ, ਪਰ ਬਹੁਤੇ ਇਨ੍ਹਾਂ 'ਚ ਘਿਰੇ, ਇਨ੍ਹਾਂ ਨੂੰ ਵਿਸ਼ਵਾਸ-ਪ੍ਰਣਾਲੀ ਦਾ ਭਾਗ ਬਣਾ ਛੱਡਦੇ ਹਨ। ਅਜਿਹੇ ਵਿਸ਼ਵਾਸ ਜੇਕਰ ਸਾਡੀ ਸੋਚ ਨਾਲ ਨਾ ਜੁੜਨ, ਤਦ ਹੀ ਜੀਵਨ ਦੇ ਵਧੀਆ ਬੀਤਣ ਦੀ ਸੰਭਾਵਨਾ ਹੈ। ਪਰ ਅਜਿਹਾ ਹੋ ਨਹੀਂ ਰਿਹਾ।

ਵਿਰਸੇ 'ਚ ਮਿਲੇ ਡਰ ਵੀ ਵਿਸ਼ਵਾਸਾਂ ਨੂੰ ਵਲੂੰਧਰਦੇ ਰਹਿੰਦੇ ਹਨ। ਵਣਾਂ 'ਚ ਵਸਦੇ ਸਾਡੇ ਪੁਰਵਜਾਂ ਲਈ ਡਰਨਾ, ਉਨ੍ਹਾਂ ਦੇ ਜਿਉਂਦੇ ਰਹਿਣ ਦੀ ਸ਼ਰਤ ਸੀ। ਪਰ ਬਦਲੇ ਵਾਤਾਵਰਨ 'ਚ ਅਤੇ ਸੁਰੱਖਿਅਤ ਟਿਕਾਣਿਆਂ ਅੰਦਰ ਵਿਚਰ ਰਹੇ ਮਨੁੱਖ ਨੂੰ ਵਿਰਸੇ 'ਚ ਮਿਲੇ ਇਹੋ ਡਰ ਪ੍ਰੇਸ਼ਾਨ ਵੱਧ ਕਰ ਰਹੇ ਹਨ ਅਤੇ ਲਾਭਦਾਇਕ ਹੋਣ ਦੀ ਬਜਾਏ ਇਸ ਦੇ ਜੀਵਨ ਨੂੰ ਖੋਖਲਾ ਬਣਾਉਣ ਦੀ ਭੂਮਿਕਾ ਵੱਧ ਨਿਭਾ ਰਹੇ ਹਨ। ਪ੍ਰਚੱਲਤ ਧਾਰਨਾ ਇਹ ਵੀ ਹੈ ਕਿ ਜੋ ਵੀ ਸੰਸਾਰ ਵਿਚ ਹੈ ਕਿਸੇ ਮੰਤਵ ਨਾਲ ਹੈ। ਸੰਸਾਰ ਅਤੇ ਜੀਵਨ ਦੇ ਅਤੇ ਸਾਡੇ ਹੋਂਦ 'ਚ ਆਏ ਹੋਣ ਦਾ ਕੋਈ ਨਾ ਕੋਈ ਮੰਤਵ ਜ਼ਰੂਰ ਹੈ। ਪਰ ਕੁਦਰਤ ਨੂੰ ਕੋਈ ਵੀ ਮੰਤਵ ਅਰਪਨ ਕਰ ਸਕਣਾ ਸੰਭਵ ਨਹੀਂ।

ਸਾਨੂੰ ਵਹਿਮ ਇਹ ਵੀ ਹੈ ਕਿ ਵਿਸ਼ਵਾਸ ਸਾਡੀ ਇੱਛਾ ਅਧੀਨ ਹਨ ਅਤੇ ਅਸੀਂ ਚਾਹੀਏ ਤਾਂ ਇਨ੍ਹਾਂ ਦੀ ਅਗਵਾਈ ਕਬੂਲ ਕਰੀਏ ਜਾਂ ਨਾ। ਪਰ ਹਕੀਕਤ ਇਹ ਹੈ ਕਿ ਮਨ ਅੰਦਰ ਸਥਾਨ ਗ੍ਰਹਿਣ ਕਰ ਚੁੱਕੇ ਵਿਸ਼ਵਾਸਾਂ ਦੇ ਨਿਰਧਾਰਤ ਕੀਤੇ ਕਾਇਦੇ-ਕਾਨੂੰਨਾਂ ਦੀ ਪਾਲਣਾ ਕਰਦੇ ਹੋਏ ਹੀ ਅਸੀਂ ਜੀਵਨ ਬਤੀਤ ਕਰ ਰਹੇ ਹਾਂ।

ਸੰਪਰਕ: 0175-2214547

ਸੁਆਲ ਸੰਵਾਦ

# ਟਵਿੱਟਰ ਦੀ ਹੱਦ ਵਿੱਚ ਜਮਹੂਰੀਅਤ ਦੀ ਸਫ਼ੇਦਪੋਸ਼ ਸਿਆਸਤ



ਦਲਜੀਤ ਅਮੀ

ਟੈਲੀਵਿਜ਼ਨ ਦਾ ਪਰਦਾ ਦੋ ਬਰਾਬਰ ਦੇ ਹਿੱਸਿਆਂ ਵਿੱਚ ਵੰਡਿਆ ਹੈ। ਇੱਕ ਹਿੱਸਾ ਕਾਲੇ-ਚਿੱਟੇ ਰੰਗਾਂ ਵਿੱਚ ਅਹਿੱਲ ਹੈ। ਦੂਜਾ ਹਿੱਸਾ ਸਰਗਰਮ ਹੈ; ਆਵਾਜ਼ ਆ ਰਹੀ ਹੈ ਅਤੇ ਤਸਵੀਰ ਚਲਦੀ ਹੈ। ਇਸ ਤੋਂ ਬਾਅਦ ਰੰਗ ਬਦਲਦੇ ਹਨ। ਪਹਿਲਾ ਹਿੱਸਾ ਅਹਿੱਲ ਹੋ ਜਾਂਦਾ ਹੈ ਅਤੇ ਦੂਜਾ ਹਿੱਸਾ ਸਰਗਰਮ ਹੋ ਜਾਂਦਾ ਹੈ। ਇਸ ਦ੍ਰਿਸ਼ ਨੂੰ ਆਹਮਣੇ-ਸਾਹਮਣੇ ਵਰਗੇ ਕਈ ਸ਼ਬਦਾਂ ਨਾਲ ਬਿਆਨ ਕੀਤਾ ਜਾਂਦਾ ਹੈ। ਟੈਲੀਵਿਜ਼ਨ ਨੇ ਇਹ ਤਰੀਕਾ ਫ਼ਿਲਮ ਤੋਂ ਸਿੱਖਿਆ ਹੈ ਜਿੱਥੇ ਦੋ ਕਿਰਦਾਰ ਆਹਮਣੇ-ਸਾਹਮਣੇ ਹੁੰਦੇ ਹਨ ਅਤੇ ਚੁਸਤ ਫ਼ਿਕਰੇ ਬੋਲਦੇ ਹਨ। ਫ਼ਿਲਮ ਵਿੱਚ ਆਹਮਣੇ-ਸਾਹਮਣੇ ਕਿਰਦਾਰ ਪਰਦਾ ਵੰਡ ਕੇ ਨਹੀਂ ਸਗੋਂ ਪਰਦੇ ਉੱਤੇ ਵਾਰੀ-ਵਾਰੀ ਜਾਂ ਇੱਕੋ ਵੇਲੇ ਆਉਂਦੇ ਹਨ। ਫ਼ਿਲਮਸਾਜ਼ ਇਨ੍ਹਾਂ ਕਿਰਦਾਰਾਂ ਦੇ ਮੇਲ ਦਾ ਸਬੱਬ ਬਣਾ ਕੇ ਉਨ੍ਹਾਂ ਨੂੰ ਆਹਮਣੇ-ਸਾਹਮਣੇ ਕਰਦਾ ਹੈ। ਉਨ੍ਹਾਂ ਦਾ ਟਕਰਾਵਾਂ ਸੰਵਾਦ ਇੱਕੋ ਥਾਂ ਉੱਤੇ ਹੁੰਦਾ ਹੈ ਜਾਂ ਕਿਸੇ ਤਰ੍ਹਾਂ ਦੋਵੇਂ ਕਿਰਦਾਰਾਂ ਦਾ ਰਾਬਤਾ ਬਣਿਆ ਹੁੰਦਾ ਹੈ। ਫ਼ਿਲਮ ਗਲਪ ਦਾ ਮੰਚ ਹੈ ਅਤੇ ਟੈਲੀਵਿਜ਼ਨ ਹਰ ਤਰ੍ਹਾਂ ਦੀ ਪੇਸ਼ਕਾਰੀ ਦਾ ਸਬੱਬ ਬਣਦਾ ਹੈ। ਖ਼ਬਰਾਂ ਅਤੇ ਚਲੰਤ ਮਾਮਲਿਆਂ ਵਾਲੇ ਟੈਲੀਵਿਜ਼ਨ ਨੇ ਹੁਣ ਫ਼ਿਲਮ ਦੀ ਸਿਨਫ਼ ਨਾਲ ਜੁੜੀਆਂ ਤਮਾਮ ਜੁਗਤਾਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਕਿਰਦਾਰ ਇੱਕ ਥਾਂ ਉੱਤੇ ਨਹੀਂ ਹਨ ਅਤੇ ਨਾ ਹੀ ਉਹ ਸਿੱਧੇ ਰੂਪ ਵਿੱਚ ਇੱਕ-ਦੂਜੇ ਨੂੰ ਮੁਖ਼ਾਤਬ ਹੋ ਰਹੇ ਹਨ। ਟੈਲੀਵਿਜ਼ਨ ਨੇ ਇੱਕ ਕਦਮ ਪੁੱਟ ਕੇ ਪਰਦਾ ਹਿੱਸਿਆਂ ਵਿੱਚ ਵੰਡ ਦਿੱਤਾ ਹੈ ਅਤੇ ਅਸਲ ਜ਼ਿੰਦਗੀ ਦੇ ਕਿਰਦਾਰਾਂ ਨੇ ਹੁੰਗਾਰਾ ਭਰਦਿਆਂ ਵਿੱਥ ਤੋਂ ਇੱਕ-ਦੂਜੇ ਨੂੰ ਮੁਖ਼ਾਤਬ ਹੋਣਾ ਸਿੱਖ ਲਿਆ ਹੈ।

ਟੈਲੀਵਿਜ਼ਨ ਦਾ ਇਹ ਅਖਾੜਾ ਅਸਲ ਜ਼ਿੰਦਗੀ ਅਤੇ ਨਾਟਕ ਨੂੰ ਰਲਗੱਡ ਕਰਦਾ ਹੈ। ਕਿਰਦਾਰਾਂ ਨੇ ਅਦਾਕਾਰੀ ਨੂੰ ਜ਼ਿੰਦਗੀ ਦਾ ਹਿੱਸਾ ਮੰਨ ਲਿਆ ਹੈ ਅਤੇ ਟੈਲੀਵਿਜ਼ਨ ਨੇ ਅਦਾਕਾਰੀ ਨੂੰ ਅਸਲ ਵਜੋਂ ਪਰੋਸ ਦਿੱਤਾ ਹੈ। ਦਰਸ਼ਕ ਹਰ ਤਰ੍ਹਾਂ ਦੇ ਮਸਲੇ ਅਤੇ ਮੌਕੇ ਵਿੱਚੋਂ ਮਨੋਰੰਜਨ ਅਤੇ ਮਾਰਾ-ਮਾਰੀ ਲੱਭਣ ਦੀ ਚੇਟਕ ਉੱਤੇ ਲੱਗ ਗਿਆ ਹੈ। ਇਹ ਹਾਲਾਤ ਇਸ਼ਤਿਹਾਰਬਾਜ਼ੀ ਲਈ ਸਾਜ਼ਗਾਰ ਹਨ। ਇਨ੍ਹਾਂ ਹਾਲਾਤ ਨੂੰ ਉਸਾਰਨ ਅਤੇ ਕਾਇਮ ਰੱਖਣ ਵਿੱਚ ਇਸ਼ਤਿਹਾਰਬਾਜ਼ੀ ਦੀ ਭੂਮਿਕਾ ਹੈ। ਵਸਤਾਂ ਦੀ ਇਸ਼ਤਿਹਾਰਬਾਜ਼ੀ ਵਿੱਚੋਂ ਕਈ ਸਮਾਜਿਕ-ਸਿਆਸੀ-ਸੱਭਿਆਚਾਰਕ ਮੁਹਿੰਮਾਂ ਆਪਣਾ ਪ੍ਰਚਾਰ ਲੱਭਦੀਆਂ ਹਨ। ਕਈ ਸਮਾਜਿਕ-ਸਿਆਸੀ-ਸੱਭਿਆਚਾਰਕ ਮਸਲੇ ਇਸ਼ਤਿਹਾਰਬਾਜ਼ੀ ਦਾ ਵਿਸ਼ਾ ਬਣੇ ਹਨ। ਮਿਸਾਲ ਵਜੋਂ ਦੂਜੇ ਵਿਆਹ ਨਾਲ ਜੋੜ ਕੇ ਗਹਿਣਿਆਂ ਦਾ ਇਸ਼ਤਿਹਾਰ ਬਣਦਾ ਹੈ ਅਤੇ ਗੂਗਲ ਸਰਚ ਇੰਜਣ ਆਪਣੀ ਪਹੁੰਚ ਨਾਲ 1947 ਦੀ ਵੰਡ ਦੇ ਵਿਛੜਿਆਂ ਨੂੰ ਮਿਲਾਉਣ ਦਾ ਸਬੱਬ ਬਣਦਾ ਹੈ। ਇਹ ਮਿਸਾਲਾਂ ਸਮੁੱਚੀ ਇਸ਼ਤਿਹਾਰ ਸਨਅਤ ਦੀ ਨੁਮਾਇੰਦਗੀ ਨਹੀਂ ਕਰਦੀਆਂ ਪਰ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਸ਼ਤਿਹਾਰਬਾਜ਼ੀ ਦਾ ਭਾਰੂ ਰੁਝਾਨ ਟਕਰਾਅ ਅਤੇ ਮੁਕਾਬਲੇ ਉੱਤੇ ਟਿਕਿਆ ਹੋਇਆ ਹੈ ਜਿਸ ਦਾ ਮਕਸਦ ਫ਼ੌਰੀ ਲਾਹਾ ਖੱਟਣਾ ਹੈ।

ਮੌਜੂਦਾ ਦੌਰ ਦੀ ਸਿਆਸਤ ਵੀ ਇਸੇ ਰੁਝਾਨ ਵਿੱਚੋਂ ਪੇਸ਼ ਹੁੰਦੀ ਹੈ। ਇੱਕ ਪਰਦੇ ਨੂੰ ਹਿੱਸਿਆਂ ਵਿੱਚ ਵੰਡ ਕੇ ਸਿਆਸਤਦਾਨ ਪੇਸ਼ ਹੁੰਦੇ ਹਨ ਜਾਂ ਕੀਤੇ ਜਾਂਦੇ ਹਨ। ਇੱਕ ਪਰਦੇ ਉੱਤੇ 'ਮੁਲਕ ਵਜੋਂ ਜਵਾਬਤਲਬੀ' ਕੀਤੀ ਜਾਂਦੀ ਹੈ ਅਤੇ ਦੂਜੇ ਪਰਦੇ ਉੱਤੇ 'ਸ਼ੇਰ ਦੀ ਥਾਂ ਅਕਲਮੰਦੀ ਨਾਲ ਸੰਵਾਦ' ਕੀਤਾ ਜਾਂਦਾ ਹੈ। ਕਦੇ 'ਕੋਕਾ-ਕੋਲਾ' ਬਨਾਮ 'ਪੈਪਸੀ' ਹੋਣ ਵਾਲਾ ਮੁਕਾਬਲਾ ਹੁਣ ਜ਼ਿੰਦਗੀ ਦੇ ਕਈ ਪੱਖਾਂ ਵਿੱਚ ਤਰਜਮਾਨ ਹੋਣ ਲੱਗਿਆ ਹੈ। ਇਹ ਮੁਕਾਬਲਾ ਪਰਦੇ ਦੇ ਹਿੱਸਿਆਂ ਦਾ ਆਪਸ ਵਿੱਚ ਹੁੰਦਾ ਹੈ ਅਤੇ ਇੱਕ ਪਰਦੇ ਦਾ ਦੂਜੇ ਪਰਦੇ ਨਾਲ ਵੀ ਹੁੰਦਾ ਹੈ। ਇਸ ਵਿੱਚ ਮੁੱਕੇਬਾਜ਼ੀ ਅਤੇ ਫ਼ਿਲਮ ਵਾਲੇ ਤੱਤ ਸ਼ਾਮਿਲ ਹੋ ਗਏ ਹਨ। ਟੈਲੀਵਿਜ਼ਨ ਪਰਦੇ ਨੂੰ ਹਿੱਸਿਆਂ ਵਿੱਚ ਵੰਡ ਕੇ ਮੁੱਕੇਬਾਜ਼ੀ ਦਾ ਮਾਹੌਲ ਸਿਰਜਦਾ ਹੈ ਅਤੇ ਫ਼ਿਲਮ ਜਾਂ ਇਸ਼ਤਿਹਾਰ ਲੇਖਕ ਸਿਆਸਤਦਾਨਾਂ ਦੀਆਂ ਤਕਰੀਰਾਂ ਜਾਂ ਜੁਆਬੀ ਇੰਟਰਵਿਊ ਲਿਖ ਰਹੇ ਹਨ। ਇਸ ਤੋਂ ਬਾਅਦ ਚੁਸਤ ਫ਼ਿਕਰਿਆਂ ਨਾਲ ਸਿਆਸੀ ਬੁਲਾਰੇ ਅਤੇ ਮਾਹਰ ਜਾਂ ਪੱਤਰਕਾਰ ਟੈਲੀਵਿਜ਼ਨ ਉੱਤੇ ਪੇਸ਼ ਹੁੰਦੇ ਹਨ। ਇਨ੍ਹਾਂ ਤੋਂ ਸੰਕਟ ਮੋਚਨ ਜਾਂ ਦ੍ਰਿੜ੍ਹਤਾ ਨਾਲ ਪੈਂਤੜੇ ਦੀ ਰਾਖੀ ਦੀ ਤਵੱਕੋ ਕੀਤੀ ਜਾਂਦੀ ਹੈ। ਇਹ ਸੰਕਟ ਅਤੇ ਪੈਂਤੜੇ ਦਿਨਾਂ, ਘੰਟਿਆਂ ਅਤੇ ਕਈ ਵਾਰ ਹਰ ਬਿਆਨ ਨਾਲ ਬਦਲਦੇ ਹਨ।

ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸ਼ਾਦ ਯਾਦਵ ਅਤੇ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਵਰਗਿਆਂ ਦਾ ਚੁਸਤ ਫ਼ਿਕਰਿਆਂ ਦਾ ਮੁਕਾਬਲਾ ਖੁੱਲ੍ਹੀ ਮੰਡੀ ਦਾ ਸਭ ਤੋਂ ਦਿਲਕਸ਼ ਸਾਮਾਨ ਹੋ ਨਿਬੜਿਆ ਹੈ। ਸਿਆਸੀ ਆਗੂਆਂ ਦੇ ਬੋਲਾਂ ਵਿੱਚੋਂ ਸਿਆਣਪ ਜਾਂ ਸੂਝ ਜਾਂ ਵਿਚਾਰਧਾਰਕ ਮੁਹਾਣ ਲੱਭਣਾ ਚੋਣ ਅਖਾੜੇ ਵਿੱਚ ਬੇਮਾਅਨਾ ਹੋ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਹੋ ਸਕਦਾ ਕਿ ਚੋਣ ਤਕਰੀਰਾਂ ਅਤੇ ਬਿਆਨਾਂ ਵਿੱਚ ਕਿਸੇ ਦਾ ਦਿਮਾਗ਼ ਨਹੀਂ ਲੱਗਦਾ। ਇਹ ਦਿਮਾਗ਼ ਤਾਂ ਲੇਖਕਾਂ ਦਾ ਲੱਗਦਾ ਹੈ। ਸਿਆਸੀ ਆਗੂਆਂ ਦਾ ਅਦਾਕਾਰੀ ਹੁਨਰ ਹੈ ਜਿਸ ਦੀ ਨੁਮਾਇਸ਼ ਹੁੰਦੀ ਹੈ। ਜੇ ਇੱਕ ਆਗੂ ਕਿਸੇ ਸ਼ਾਇਰ ਦਾ ਇੱਕ ਸ਼ੇਅਰ ਬੋਲਦਾ ਹੈ ਤਾਂ ਸ਼ਾਮ ਤੱਕ ਉਸੇ ਸ਼ਾਇਰ ਦੇ ਜੁਆਬੀ ਸ਼ੇਅਰ ਸਿਆਸੀ ਅਖਾੜੇ ਵਿੱਚ ਹੁੰਦੇ ਹਨ। ਇਸ ਮਾਮਲੇ ਵਿੱਚ ਕਬੀਰ, ਰਹੀਮ, ਫ਼ਰੀਦ, ਰਵੀਦਾਸ, ਤੁਲਸੀਦਾਸ ਤੋਂ ਲੈ ਕੇ ਹਰ ਗ੍ਰੰਥ ਤੱਕ ਦੀਆਂ ਜੁਆਬੀ ਟੂਕਾਂ ਬਿਨਾਂ ਕਿਸੇ ਪਛੋਕੜ ਤੋਂ ਜੁਆਬ ਵਜੋਂ ਹਾਜ਼ਰ ਹੁੰਦੀਆਂ ਹਨ। ਪਰਦਾ ਵੰਡ ਚੁੱਕੇ ਟੈਲੀਵਿਜ਼ਨ ਨੂੰ ਜੁਆਬੀ ਟੂਕਾਂ ਚਾਹੀਦੀਆਂ ਹਨ। ਆਗੂਆਂ ਨੂੰ ਟੈਲੀਵਿਜ਼ਨ ਉੱਤੇ ਹਾਜ਼ਰੀ ਦਰਕਾਰ ਹੈ। ਆਗੂਆਂ ਦੀਆਂ ਜੁਆਬੀ ਟੂਕਾਂ ਲੱਭਣ ਵਾਲੀ ਫ਼ੌਜ ਲਗਾਤਾਰ ਸਰਗਰਮ ਰਹਿੰਦੀ ਹੈ। ਆਗੂ ਇਸ ਫ਼ੌਜ ਦੀ ਖੋਜ ਨੂੰ ਅਦਾਕਾਰ ਵਜੋਂ ਪਰਦੇ ਉੱਤੇ ਪੇਸ਼ ਕਰਦੇ ਹਨ। ਟੈਲੀਵਿਜ਼ਨ 'ਸਭ ਤੋਂ ਪਹਿਲਾਂ' ਅਤੇ 'ਸਭ ਤੋਂ ਤੇਜ਼' ਦਾ ਦਾਅਵਾ ਕਰਦਾ ਰਹਿੰਦਾ ਹੈ।

ਪਿਛਲੇ ਦਿਨਾਂ ਵਿੱਚ ਪ੍ਰਧਾਨ ਮੰਤਰੀ ਨੇ ਰੈਲੀਆਂ ਵਿੱਚ ਬਿਹਾਰ ਦੇ ਹਾਲਾਤ ਅਤੇ ਦੂਜੀਆਂ ਧਿਰਾਂ ਦੇ ਆਗੂਆਂ ਬਾਰੇ ਟਿੱਪਣੀਆਂ ਕੀਤੀਆਂ। ਜੁਆਬੀ ਕਾਨਫ਼ਰੰਸਾਂ ਵਿੱਚ ਨਰਿੰਦਰ ਮੋਦੀ ਦੀਆਂ ਤਕਰੀਰਾਂ ਬਾਰੇ ਨੁਕਤਾਵਾਰ ਸੁਆਲ ਪੁੱਛੇ ਗਏ ਅਤੇ ਨੁਕਤਾਵਾਰ ਚੁਸਤ ਫ਼ਿਕਰਿਆਂ ਵਿੱਚ ਜੁਆਬ ਦਿੱਤੇ ਗਏ। ਟੈਲੀਵਿਜ਼ਨ ਉੱਤੇ ਆਹਮਣੇ-ਸਾਹਮਣੇ ਵਾਲੀ ਪਰਦਾ-ਵੰਡ ਪੇਸ਼ਕਾਰੀ ਦਾ ਸਾਰਾ ਮਸਾਲਾ ਤਿਆਰ ਹੋ ਗਿਆ। ਨਰਿੰਦਰ ਮੋਦੀ ਦੀਆਂ ਟਿੱਪਣੀਆਂ ਵਿੱਚ ਕੋਈ 'ਮੌਕੇ ਉੱਤੇ ਅਹੁੜਨ' ਜਾਂ 'ਸਿਆਸੀ ਸੂਝ' ਵਾਲੀ ਗੱਲ ਨਹੀਂ ਹੈ। ਇਹ ਗੁਣ ਜੁਆਬੀ ਹਮਲਿਆਂ ਵਿੱਚ ਵੀ ਗ਼ੈਰ-ਹਾਜ਼ਰ ਹਨ। ਦੋਵੇਂ ਧਿਰਾਂ ਦੀਆਂ ਟਿੱਪਣੀਆਂ ਮਿੱਥ ਕੇ ਤਿਆਰੀ ਨਾਲ ਕੀਤੀਆਂ ਗਈਆਂ ਹਨ। ਇਹ ਤਿਆਰੀ ਇਸ਼ਤਿਹਾਰਬਾਜ਼ੀ ਅਤੇ ਫ਼ਿਲਮੀ ਦੁਨੀਆਂ ਨਾਲ ਜੁੜੇ ਲੇਖਕ ਕਰਦੇ ਹਨ। ਉਨ੍ਹਾਂ ਦੀਆਂ ਸਤਰਾਂ ਨੂੰ ਪੇਸ਼ ਕਰਨ ਦਾ ਹੁਨਰ ਆਗੂਆਂ ਦਾ ਹੈ ਜਿਸ ਦਾ ਨਿਰਦੇਸ਼ਨ ਕਰਨ ਵਾਲੇ ਉਨ੍ਹਾਂ ਦੇ ਕੱਪੜਿਆਂ, ਅਦਾਵਾਂ ਅਤੇ ਅੰਦਾਜ਼ ਦਾ ਧਿਆਨ ਰੱਖਦੇ ਹਨ। ਬੀਤੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇਹ ਨਿਰਦੇਸ਼ਕ ਮਾਹਰਾਂ ਵਜੋਂ ਤਜਰਬਾ ਸਾਂਝਾ ਕਰਨ ਲਈ ਟੈਲੀਵਿਜ਼ਨ ਉੱਤੇ ਪੇਸ਼ ਹੁੰਦੇ ਰਹੇ ਸਨ। ਨਰਿੰਦਰ ਮੋਦੀ ਨੇ ਬਿਹਾਰ ਨੂੰ 'ਜੰਗਲ ਰਾਜ' ਅਤੇ 'ਬੀਮਾਰੂ ਸੂਬਾ' ਕਰਾਰ ਦਿੱਤਾ। ਦੂਜੇ ਪਾਸੇ ਨਿਤੀਸ਼ ਕੁਮਾਰ ਨੇ ਭਾਜਪਾ ਨੂੰ 'ਭੜਕੀ ਹੋਈ ਝੂਠੀ' ਜਾਂ 'ਭਾਰਤੀ ਜੁਮਲਾ' ਪਾਰਟੀ ਕਰਾਰ ਦਿੱਤਾ।

ਦੋਵਾਂ ਆਗੂਆਂ ਦੀਆਂ ਪਾਰਟੀਆਂ ਦਾ ਗੱਠਜੋੜ ਸਤਾਰਾਂ ਸਾਲ ਰਿਹਾ ਹੈ। ਦੋਵਾਂ ਨੂੰ ਇਹ ਤਾਂ ਦੱਸਣਾ ਚਾਹੀਦਾ ਹੈ ਕਿ ਉਹ ਮੌਜੂਦਾ ਨਤੀਜੇ ਉੱਤੇ ਕਿਵੇਂ ਪਹੁੰਚੇ ਹਨ। ਮੋਦੀ ਨੂੰ ਦੱਸਣਾ ਚਾਹੀਦਾ ਹੈ ਕਿ ਬਿਹਾਰ ਵਿੱਚ 'ਬੀਮਾਰੂ ਸੂਬਾ ਹੋਣ ਦਾ ਮੌਜੂਦਾ ਦੌਰ' ਕਦੋਂ ਅਤੇ ਕਿਵੇਂ ਸ਼ੁਰੂ ਹੋਇਆ ਅਤੇ ਭਾਜਪਾ ਇਸ ਸਮਝ ਉੱਤੇ ਕਦੋਂ ਅਤੇ ਕਿਵੇਂ ਪਹੁੰਚੀ। ਦੂਜੇ ਪਾਸੇ ਨੀਤੀਸ਼ ਕੁਮਾਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਭਾਜਪਾ ਕਦੋਂ ਅਤੇ ਕਿਵੇਂ 'ਝੂਠ ਬੋਲਣ ਵਾਲੀ ਭੜਕੀ ਹੋਈ' ਜਾਂ 'ਜੁਮਲਾ ਪਾਰਟੀ' ਬਣੀ ਅਤੇ ਉਨ੍ਹਾਂ ਨੂੰ ਇਹ ਕਦੋਂ ਅਤੇ ਕਿਵੇਂ ਸਮਝ ਆਇਆ। ਮੌਜੂਦਾ ਸਿਆਸਤ ਦਾ ਇਹੋ ਸਭ ਤੋਂ ਅਹਿਮ ਪੇਚ ਹੈ ਕਿ ਬਹਿਸ ਨੂੰ ਸੰਜੀਦਾ ਨਾ ਹੋਣ ਦਿਓ ਅਤੇ ਚੁਸਤ ਫ਼ਿਕਰਿਆਂ ਨਾਲ ਸਨਸਨੀ ਪੈਦਾ ਕਰੋ। ਟੈਲੀਵਿਜ਼ਨ ਉੱਤੇ ਮਾਹਰ




ਰੋਜ਼ਾਨਾ ਚਰਚਾ ਕਰਦੇ ਹਨ ਕਿ ਕਿਹੜੇ ਫ਼ਿਕਰੇ ਨਾਲ ਕਿਹੜਾ ਆਗੂ ਬਾਜ਼ੀ ਮਾਰ ਗਿਆ। ਇਸ ਦਾ ਮੇਲ ਇਸ਼ਤਿਹਾਰਬਾਜ਼ੀ-ਮੁਖੀ ਖੇਡ ਕ੍ਰਿਕਟ ਨਾਲ ਕੀਤਾ ਜਾ ਸਕਦਾ ਹੈ। ਮੈਚਾਂ ਅਤੇ ਲੜੀਆਂ ਦੇ ਫ਼ੈਸਲੇ ਪਾਸੇ ਕਰਕੇ ਖੇਡ ਮਾਹਰ ਪਾਰੀ ਦਰ ਪਾਰੀ ਜਾਂ ਪੜਾਅ ਦਰ ਪੜਾਅ ਪੜਚੋਲ ਕਰਦੇ ਹਨ ਜਦੋਂ ਕਿ ਸੱਟੇਬਾਜ਼ੀ ਗੇਂਦ ਦਰ ਗੇਂਦ ਚਲਦੀ ਹੈ। ਇਸੇ ਤਰ੍ਹਾਂ ਚੋਣਾਂ ਨਤੀਜਾ ਦਰ ਨਤੀਜਾ ਵੇਖੀਆਂ ਜਾਂਦੀਆਂ ਹਨ ਪਰ ਆਗੂਆਂ ਬਾਰੇ ਚਰਚਾ ਫ਼ਿਕਰਾ ਦਰ ਫ਼ਿਕਰਾ ਹੁੰਦੀ ਹੈ।

ਇਹ ਵੇਖਣ ਵਾਲਾ ਮਸਲਾ ਹੈ ਕਿ ਇਹ ਰੁਝਾਨ ਮਹਿਜ਼ ਸਿਆਸਤ ਤੱਕ ਮਹਿਦੂਦ ਨਹੀਂ ਹੈ। ਇਸ ਰੁਝਾਨ ਦੀ ਨੁਮਾਇੰਦਗੀ ਯੂਨੀਵਰਸਿਟੀਆਂ ਦੇ ਸੈਮੀਨਾਰਾਂ ਤੋਂ ਸਾਹਿਤਕ ਸਮਾਗਮਾਂ ਅਤੇ ਫੇਸਬੁੱਕ ਤੱਕ ਹੁੰਦੀ ਹੈ। ਨਰਿੰਦਰ ਮੋਦੀ ਨੇ ਨਿਤੀਸ਼ ਕੁਮਾਰ ਉੱਤੇ ਨਸਲੀ ਅਤੇ ਨਿੱਜੀ (ਡੀ.ਐੱਨ.ਏ.) ਟਿੱਪਣੀ ਕੀਤੀ ਹੈ। ਇਸ ਤਰ੍ਹਾਂ ਦੀਆਂ ਟਿੱਪਣੀਆਂ ਫੇਸਬੁੱਕ ਉੱਤੇ ਆਮ ਵੇਖੀਆਂ ਜਾਂਦੀਆਂ ਹਨ। ਕਈ ਵਿਦਵਾਨ ਵੀ ਇਹ ਧਾਰਨਾਵਾਂ ਪੇਸ਼ ਕਰਦੇ ਹਨ ਕਿ ਕਿਹੜੀ ਗੱਲ ਕਿਸ ਨੂੰ (ਨਸਲੀ ਪੱਖੋਂ) ਸਮਝ ਆ ਸਕਦੀ ਹੈ। ਉਨ੍ਹਾਂ ਮੁਤਾਬਕ ਸਮਝਣ ਅਤੇ ਅਹਿਸਾਸ ਕਰਨ ਦਾ ਮਾਮਲਾ ਜਨਮ ਜਾਂ ਧਾਰਮਿਕ ਅਕੀਦਿਆਂ ਨਾਲ ਜੁੜਿਆ ਹੋਇਆ ਹੈ। ਇਹ ਧਾਰਨਾ ਵਾਰ-ਵਾਰ ਪੇਸ਼ ਕੀਤੀ ਜਾਂਦੀ ਹੈ ਕਿ ਕੁਝ ਗੱਲਾਂ ਸਿਰਫ਼ ਸ਼ਰਧਾ ਜਾਂ ਇਲਹਾਮ ਦੇ ਘੇਰੇ ਵਿੱਚ ਹੀ ਸਮਝੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ ਜਾਤ ਅਤੇ ਲਿੰਗ ਨਾਲ ਜੋੜ ਕੇ ਤਜਰਬੇ ਨੂੰ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ ਅਤੇ ਮਨੁੱਖੀ ਸੰਵੇਦਨਾ ਨੂੰ ਬਿਲਕੁਲ ਖ਼ਾਰਜ ਕੀਤਾ ਜਾਂਦਾ ਹੈ। ਇੱਕ ਧਾਰਾ ਦਾ ਮੰਨਣਾ ਹੈ ਕਿ ਵਿਗਿਆਨਕ ਸੋਚ ਅਤੇ ਨਾਸਤਿਕ ਹੋਣ ਨਾਲ ਹੀ ਮਨੁੱਖਤਾ ਦੇ ਸਾਰੇ ਗੁਣ ਜੁੜੇ ਹੋਏ ਹਨ। ਬੁਨਿਆਦੀ ਤੌਰ ਉੱਤੇ ਇਹ ਪੇਚੀਦਾ ਮਾਮਲਿਆਂ ਦੀ ਪੇਚੀਦਗੀ ਨੂੰ ਨਜ਼ਰਅੰਦਾਜ਼ ਕਰਕੇ 'ਅੰਤਿਮ ਸੱਚ' ਦੀ ਪੇਸ਼ਕਾਰੀ ਦਾ ਤਰੱਦਦ ਹੋ ਨਿਬੜਦਾ ਹੈ। ਸਿਆਸੀ ਆਗੂ ਇਸ ਰੁਝਾਨ ਦੀ ਸਭ ਤੋਂ ਉਲਾਰ ਅਤੇ ਮੂੰਹਜ਼ੋਰ ਨੁਮਾਇੰਦਗੀ ਕਰਦੇ ਹਨ।

ਕਈ ਵਾਰ ਇਹ ਦਲੀਲ ਪੇਸ਼ ਕੀਤੀ ਜਾਂਦੀ ਹੈ ਕਿ ਘੱਟ ਪੜ੍ਹੇ-ਲਿਖੇ ਜਾਂ ਅਧਪੜ੍ਹ ਜਾਂ ਅਣਪੜ੍ਹ ਆਗੂ ਪੇਚੀਦਾ ਅਤੇ ਅਹਿਮ ਮਸਲਿਆਂ ਨੂੰ ਉਲਾਰ ਬੋਲਾਂ ਰਾਹੀਂ ਸਨਸਨੀ ਤੱਕ ਮਹਿਦੂਦ ਕਰਦੇ ਹਨ। ਦਰਅਸਲ ਇਸ ਸਾਰੇ ਰੁਝਾਨ ਦਾ ਅਗਵਾਨ ਪੜ੍ਹਿਆ-ਲਿਖਿਆ, ਅੰਗਰੇਜ਼ੀ ਬੋਲਣ ਵਾਲਾ ਅਤੇ ਅਮੀਰ ਹੋ ਰਿਹਾ ਸ਼ਹਿਰੀ ਤਬਕਾ ਹੈ। ਇਸੇ ਦੀ ਨੁਮਾਇੰਦਗੀ ਟੈਲੀਵਿਜ਼ਨ ਅਤੇ ਫੇਸਬੁੱਕ ਉੱਤੇ ਹੋ ਰਹੀ ਹੈ। ਇਹ ਟਵਿੱਟਰ ਦੀ 140 ਹਿੰਦਸਿਆਂ ਦੀ ਹੱਦ ਅੰਦਰ ਚੁਸਤ ਫ਼ਿਕਰੇ ਲਿਖਣ ਅਤੇ ਟੈਲੀਵਿਜ਼ਨ ਦੇ ਦੋ-ਚਾਰ ਫ਼ਿਕਰਿਆਂ ਦੇ ਬਿਆਨ ਦੇਣ ਦਾ ਮਾਹਰ ਹੈ। ਕਦੇ ਇਸੇ ਤਬਕੇ ਦੇ ਬਿਆਨ ਸਿਆਸੀ ਆਗੂਆਂ ਦੇ ਮੂੰਹੋਂ ਸੁਣਾਈ ਦਿੰਦੇ ਹਨ ਅਤੇ ਕਦੇ ਇਹ ਆਪ ਮਾਹਰ ਵਜੋਂ ਪੇਸ਼ ਹੁੰਦਾ ਹੈ। ਇਸ ਦੀ ਉਘੜਵੀਂ ਮਿਸਾਲ ਵੱਖ-ਵੱਖ ਸਿਆਸੀ ਪਾਰਟੀਆਂ ਦੇ ਸਫ਼ੇਦਪੋਸ਼ ਬੁਲਾਰੇ ਹਨ ਜੋ ਟੈਲੀਵਿਜ਼ਨ ਦੀ 'ਮੁੱਕੇਬਾਜ਼ੀ ਦੀ ਹਵਸ' ਨੂੰ ਟੂਕਾਂ ਰਾਹੀਂ ਪੂਰਾ ਕਰਦੇ ਹਨ। ਇਹ ਸਫ਼ੇਦਪੋਸ਼ ਸਿਆਸਤ ਵਿੱਚ ਪਿਛਲੇ ਦਰਵਾਜ਼ਿਓਂ ਆਏ ਹਨ। ਇਨ੍ਹਾਂ ਦੀ ਪਿਛਲਾ ਦਰਵਾਜ਼ਾ ਖੋਲ੍ਹਣ ਵਾਲੇ 'ਮਾਲਕਾਂ' ਤੋਂ ਬਿਨਾਂ ਕਿਸੇ ਲਈ ਕੋਈ ਜਵਾਬਦੇਹੀ ਨਹੀਂ ਅਤੇ ਕੋਈ ਜੁਆਬਤਲਬੀ ਨਹੀਂ ਹੋ ਸਕਦੀ। ਨਤੀਜੇ ਵਜੋਂ ਇਹ ਸਿਆਸਤ ਨੂੰ ਗ਼ੈਰ-ਸੰਜੀਦਾ ਕਰਨ ਦਾ ਅਹਿਮ ਕਾਰਜ ਕਰਦੇ ਹਨ। ਇਹ ਸਿਆਸਤ ਵਿੱਚ 'ਖੁੰਦਕੀ', 'ਲੱਚਰ' ਅਤੇ 'ਹੋਛਾ' ਬੋਲ ਲਿਆਏ ਹਨ ਜੋ ਫ਼ਿਲਮੀ ਤਜਰਬੇ ਵਿੱਚੋਂ ਪ੍ਰਵਾਨ ਹੋ ਕੇ ਆਈ ਹੈ। ਇਨ੍ਹਾਂ ਦੀ ਬਹੁ-ਅਰਥੀ ਬੋਲੀ ਇੱਕ ਪਾਸੇ ਅਗਲੇ ਦਿਨ 'ਮੀਡੀਆ ਰਾਹੀਂ ਤੋੜ-ਮਰੋੜ ਕੇ ਪੇਸ਼ ਕੀਤੇ ਬਿਆਨਾਂ' ਨੂੰ ਦਰੁਸਤ ਕਰਨ ਦਾ ਮੌਕਾ ਦਿੰਦੀ ਹੈ ਅਤੇ ਦੂਜੇ ਪਾਸੇ ਖੁਰਦੀ ਭਰੋਸੇਯੋਗਤਾ ਨੂੰ ਮਨੋਰੰਜਨ ਨਾਲ ਪੂਰਨ ਦਾ ਉਪਰਾਲਾ ਕਰਦੀ ਹੈ।

ਇਸ ਰੁਝਾਨ ਸਾਹਮਣੇ ਚੋਣ ਮਨੋਰਥ ਪੱਤਰਾਂ ਜਾਂ ਸੰਵਿਧਾਨ ਦੀ ਅਹਿਮੀਅਤ ਸੁਆਲਾਂ ਦੇ ਘੇਰੇ ਵਿੱਚ ਆ ਜਾਂਦੀ ਹੈ। ਇਹ ਸੁਆਲ ਤਾਂ ਪੁੱਛੇ ਹੀ ਜਾਣੇ ਚਾਹੀਦੇ ਹਨ ਕਿ ਕੀ ਸਿਆਸਤ ਚੁਸਤ ਫ਼ਿਕਰਾ ਬੋਲ ਕੇ ਸਨਸਨੀ ਪੈਦਾ ਕਰਨ ਦਾ ਨਾਮ ਹੈ? ਕੀ ਜਮਹੂਰੀਅਤ ਟਵਿੱਟਰ ਦੇ 140 ਹਿੰਦਸਿਆਂ ਜਿੰਨੀ ਸੰਖੇਪ ਹੋ ਗਈ ਹੈ ਜਾਂ ਨਸਲੀ ਪਛਾਣ ਨਾਲ ਇਸ ਦਾ ਪਸਾਰਾ ਹੋਣਾ ਹੈ? ਕੀ ਚੋਣ ਬਹਿਸ ਦਾ ਚਰਬਾ ਸੋਸ਼ਲ ਮੀਡੀਆ ਹੈ ਜਾਂ ਫੇਸਬੁੱਕ ਦਾ ਤਜਰਬਾ ਸਿਆਸਤਦਾਨਾਂ ਦੇ ਕੰਮ ਆ ਰਿਹਾ ਹੈ? ਇਨ੍ਹਾਂ ਸੁਆਲਾਂ ਤੋਂ ਬਾਅਦ ਸਮਾਜਿਕ ਇਨਸਾਫ਼, ਸ਼ਹਿਰੀ, ਮਨੁੱਖੀ ਅਤੇ ਜਮਹੂਰੀ ਹਕੂਕ ਦੇ ਮਸਲੇ ਕੀ ਮਾਅਨੇ ਰੱਖਦੇ ਹਨ?



# ਕੈਨੇਡਾ ਦਾ ਚੋਣ ਦੰਗਲ

(ਸਫ਼ਾ 1 ਦੀ ਬਾਕੀ)

ਡੀ ਪੀ ਦੇ ਹਰਬਲਜੀਤ ਕਾਹਲੋਂ ਮੁਕਾਬਲੇ ਵਿਚ ਹਨ ਤੇ ਦੂਜੇ ਵਿਚ ਇਨ੍ਹਾਂ ਹੀ ਪਾਰਟੀਆਂ ਦੇ ਕਰਮਵਾਰ ਅਜੋਕੇ ਐਮ ਪੀ ਪਰਮ ਗਿੱਲ, ਰੂਬੀ ਸਹੋਤਾ ਤੇ ਸਿੰਘ ਸਜੇ ਗੋਰੇ ਮਾਰਟਿਨ ਚੋਣਾਂ ਲੜਨਗੇ।

ਮਿਸੀਸਾਗਾ ਮਾਲਟਨ ਤੋਂ ਉੱਘੇ ਲਿਬਰਲ ਆਗੂ ਨਵਦੀਪ ਬੈਂਸ ਦਾ ਮੁਕਾਬਲਾ ਉੱਘੇ ਪੱਤਰਕਾਰ ਜਗਦੀਸ਼ ਗਰੇਵਾਲ ਨਾਲ ਹੋਣ ਵਾਲਾ ਹੈ, ਬਰੈਂਪਟਨ ਸੈਂਟਰ ਤੋਂ ਸਾਬਕਾ ਮੰਤਰੀ ਬੱਲ ਗੋਸਲ ਕੰਸਰਵਟਿਵ ਦਾ ਮੁਕਾਬਲਾ ਵਕੀਲ ਰਮੇਸ਼ ਸੰਘਾ ਲਿਬਰਲ ਨਾਲ, ਬਰੈਂਪਟਨ ਵੈਸਟ ਤੋਂ ਕੰਸਰਵਟਿਵ ਨਿੰਦਰ ਥਿੰਦ ਦਾ ਮੁਕਾਬਲਾ ਲਿਬਰਲ ਕਮਲ ਖਹਿਰਾ ਨਾਲ ਅਤੇ ਬਰੈਂਪਟਨ ਸਾਊਥ ਤੋਂ ਸੋਨੀਆਂ ਸਿੱਧੂ ਲਿਬਰਲ ਦਾ ਕਾਇਲ ਸੀਬੈਕ ਕੰਸਰਵਟਿਵ ਨਾਲ। ਕੁਝ ਹੋਰ ਸੀਟਾਂ ਤੇ ਵੀ ਪੰਜਾਬੀ ਉਮੀਦਵਾਰ ਹਨ। ਕਿਚਨਰ ਸੈਂਟਰ ਤੋਂ ਰਾਜ ਸੈਣੀ ਲਿਬਰਲ, ਮਿਲਟਨ ਤੋਂ ਗਰੀਨ ਪਾਰਟੀ ਵਲੋਂ ਮਿੰਨੀ ਬਤਰਾ, ਮਿਸੀਸਾਗਾ ਸਟਰੀਟਵਿਲ ਤੋਂ ਗਗਨ ਸਿਕੰਦ ਲਿਬਰਲ, ਸਕਾਰਬਰੋ ਨੌਰਥ ਤੋਂ ਕੰਸਰਵੇਟਿਵ ਰਵਿੰਦਰ ਮੱਲ੍ਹੀ ਚੋਣ ਲੜਨਗੇ।

ਬੀਸੀ ਵਿਚ ਸਰੀ ਨਿਊਟਨ ਹਲਕੇ ਤੋਂ ਜਿਨੀ ਸਿਮਜ, ਐਨ ਡੀ ਪੀ ਦੇ ਜੋ ਇਸ ਵਾਰ ਪਾਰਲੀਮੈਂਟ ਵਿਚ ਸਨ, ਲਿਬਰਲ ਪਾਰਟੀ ਦੇ ਸੁੱਖ ਧਾਲੀਵਾਲ ਅਤੇ ਕੰਸਰਵਟਿਵ ਹਰਪ੍ਰੀਤ ਸਿੰਘ ਦਾ ਮੁਕਾਬਲਾ ਕਰਨਗੇ। ਭੰਗ ਹੋਈ ਸਰਕਾਰ ਵਿਚ ਮੰਤਰੀ ਕੰਸਰਵਟਿਵ ਦੇ ਟਿਮ ਉਪਲ ਤੀਸਰੀ ਵਾਰ ਚੋਣ ਲੜਨਗੇ ਤੇ ਮੁਕਾਬਲਾ ਪੰਜਾਬੀ ਅਮਰਜੀਤ ਸਿੰਘ ਸੋਹੀ ਲਿਬਰਲ ਨਾਲ ਹੋਵੇਗਾ। ਦੀਪਕ ਓਬਰਾਏ ਕੈਲਗਰੀ ਫੋਰੈਸਟ ਤੋਂ 7ਵੀਂ ਵਾਰ ਚੋਣ ਲੜਨਗੇ। ਵਿਧਾਇਕ ਰਹੇ ਦਰਸ਼ਨ ਕੰਗ ਲਿਬਰਲ ਪਾਰਟੀ ਵਲੋਂ ਅਜੋਕੇ ਕੰਸਵਟਿਵ ਮੈਂਬਰ ਦਵਿੰਦ ਸ਼ੋਰੀ ਨਾਲ, ਬੀਬੀ ਨੀਨਾ ਗਰੇਵਾਲ ਫਰੀਟਵੁੱਡ ਪੋਰਟਕੈਲਜ ਤੋਂ ਕੰਸਰਵਟਿਵ ਦਾ ਮੁਕਾਬਲਾ ਐਨ ਡੀ ਪੀ ਦੇ ਗੈਰੀ ਬੈਗ ਨਾਲ, ਜਸਵੀਰ ਸੰਧੂ, ਐਨ ਡੀ ਪੀ ਦੇ ਐਮ ਪੀ ਦਾ ਸਰੀ ਸੈਂਟਰ ਵਿਚ ਕੰਨਸਰਵਟਿਵ ਸੁੱਚਾ ਸਿੰਘ ਥਿੰਦ ਨਾਲ, ਲਿਬਰਲ ਲੈਫਟੀਨੈਂਟ ਕਰਨਲ ਹਰਜੀਤ ਸਾਜਨ ਵੈਂਕੂਵਰ ਸਾਊਥ ਵਿਚ ਐਨ ਡੀ ਪੀ ਦੇ ਅਮਨਦੀਪ ਕੌਰ ਨਿੱਝਰ ਨਾਲ ਹੋਵੇਗਾ। ਪੁਲਿਸ ਵਿਭਾਗ ਵਿਚ ਰਹੇ ਜਤਿੰਦਰ ਸਿੰਘ ਸਿੱਧੂ ਐਬਟਸਫੋਰਡ ਮਾਸਕੀ ਫਰੇਜ਼ਰ ਕੈਨਨ ਤੋਂ ਲਿਬਰਲ ਪਾਰਟੀ ਵਲੋਂ ਤੇ ਕੈਮਲੂਪਸ ਥੋਮਸਨ ਕੈਰੀਬੂ ਤੋਂ ਵਕੀਲ ਬਲਵਿੰਦਰ ਸਿੰਘ ਬਿਲ ਸੰਧੂ ਐਨ ਡੀ ਪੀ ਵਲੋਂ ਉਮੀਦਵਾਰ ਹੋਣਗੇ।ਐਡਮਿੰਟਨ ਮੈਨਿੰਗ ਹਲਕੇ ਤੋਂ ਵਕੀਲ ਸੁਖਦੇਵ ਸਿੰਘ ਔਜਲਾ ਤੇ ਨਿਰਮਲਾ ਨਾਇਡੂ ਕੈਲਗਰੀ ਰੌਕੀਰਿੱਜ ਤੋਂ ਲਿਬਰਲ ਵਲੋਂ ਚੋਣ ਲੜ ਰਹੇ ਹਨ। ਹਰਪ੍ਰੀਤ ਤੁੜਕਾ ਵਿਨੀਪੈਗ ਨੌਰਥ ਤੋਂ ਕੰਨਸਰਵਟਿਵ ਪਾਰਟੀ ਵਲੋਂ ਤੇ ਲੇਂਗਲੀ ਐਲਡਰਗਰੋਵ ਵਿਚ ਸਿੰਮੀ ਢਿਲੋਂ ਗਰੀਨ ਪਾਰਟੀ ਵਲੋਂ ਉਮੀਦਵਾਰ ਹੋਣਗੇ। ਅੰਜੂ ਢਿਲੋਂ ਲਿਬਰਲ ਪਾਰਟੀ ਦੀ ਟਿਕਟ ਤੇ ਕਿਊਬੈਕ ਵਿਚ ਉਮੀਦਵਾਰ ਹਨ।

ਕਨੇਡਾ ਦੀ ਸਿਆਸਤ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਇਥੋਂ ਦੀਆਂ ਮੁੱਖ ਪਾਰਟੀਆਂ ਦੇ ਇਤਿਹਾਸ ਨੂੰ ਜਾਣ ਲਿਆ ਜਾਵੇ। ਕੰਸਰਵਟਿਵ ਪਾਰਟੀ ਦਾ ਗਠਨ ਬਰਤਾਨੀਆਂ ਵਿਚ ਜੰਮੇਂ ਇਸਾਈ ਧਰਮ ਦੀ ਪ੍ਰੋਟੈਸਟੈਂਟ ਸ਼ਾਖ ਵਿਚ ਵਿਸ਼ਵਾਸ਼ ਰਖਦੇ,ਅਮੀਰ ਲੋਕਾਂ ਨੇ ਜੋ ਜ਼ਮੀਨਾਂ ਦੇ ਮਾਲਿਕ ਸਨ ਅਤੇ ਇਨ੍ਹਾ ਬਸਤੀਆਂ ਵਿਚ ਕਾਰਖਾਨੇਦਾਰ ਸਨ, ਕੀਤਾ। ਉਨ੍ਹਾਂ ਨੂੰ ਗਰੀਬੀ ਅਮੀਰੀ ਵਿਚ ਵੰਡਿਆ ਸਮਾਜ ਲਾਹੇਵੰਦ ਸੀ, ਕਿਉਂਕਿ ਇਸ ਵਿਚ ਹੀ ਉਨ੍ਹਾਂ ਦੀ ਸਰਦਾਰੀ ਕਾਇਮ ਰਹਿ ਸਕਦੀ ਸੀ ਅਤੇ ਪ੍ਰਜਾਤੰਤਰ ਤੋਂ ਉਨ੍ਹਾਂ ਨੂੰ ਅਪਣੇ ਸੁੱਖੀ ਜੀਵਨ ਲਈ ਖਤਰਾ ਜਾਪਦਾ ਸੀ। ਇਨ੍ਹਾਂ ਲੋਕਾਂ ਨੂੰ ਟੋਰੀਦੇ ਤੌਰ ’ਤੇ ਜਾਣਿਆਂ ਜਾਂਦਾ ਸੀ। ਉਹ ਖੁਲ੍ਹੀ ਮੰਡੀ ’ਤੇ ਸਾਮਰਾਜਵਾਦ ਦੇ ਹੱਕ ਵਿਚ, ਕਲਿਆਣਕਾਰੀ ਰਾਜ ਦੇ ਵਿਰੋਧੀ ਅਤੇ ਇੰਗਲੈਂਡ ਦੇ ਤਾਜ ਨੂੰ ਸਮਰਪਿਤ ਸਨ। ਦੂਜੀ ਵੱਡੀ ਪਾਰਟੀ, ਲਿਬਰਲ, ਦੀ ਨੀਂਹ ਰੱਖਣ ਵਾਲਿਆਂ ਨੂੰ ਲੋਕ ਗਰਿਟ ਕਹਿੰਦੇ ਸਨ, ਜੋ ਇਸਾਈ ਧਰਮ ਦੀ ਕੈਥੋਲਿਕ ਸ਼ਾਖਾ ਵਿਚ ਵਿਸ਼ਵਾਸ਼ ਰੱਖਣ ਵਾਲੇ, ਜ਼ਿਆਦਾਤਰ ਫ਼ਰਾਂਸੀਸੀ, ਇਸ ਵਖਰੇਵੇਂ ਵਾਲੇ ਸਿਸਟਮ ਨੂੰ ਬਦਲਣ ਲਈ ਯਤਨਸ਼ੀਲ ਲੋਕ, ਜੋ ਅਮੀਰੀ ਗਰੀਬੀ ਦਾ ਫਰਕ ਹੋਣ ਦੇ ਬਾਵਜੂਦ, ਅਮਰੀਕਾ ਵਿਚ ਉਸ ਵੇਲੇ ਬਣੇ ਕਾਨੂੰਨਾਂ ਨੂੰ ਵੇਖਦਿਆਂ, ਸਭ ਨੂੰ ਬਰਾਬਰ ਦੇ ਅਧਿਕਾਰ ਦੇਣ ਦੇ ਆਲੰਬਰਦਾਰ ਸਨ। ਇਹ ਪਾਰਟੀ ਬਸਤੀਆਂ ਵਿਚ ਬਰਤਾਨੀਆਂ ਸਰਕਾਰ ਵਲੋਂ ਲਾਏ ਜਾਂਦੇ ਗਵਰਨਰਾਂ ਦੀਆਂ ਤਾਕਤਾਂ ਨੂੰ ਘਟਾਉਣ, ਇਥੋਂ ਦੀਆਂ ਚੁਣੀਆਂ ਸਰਕਾਰਾਂ ਨੂੰ ਵੱਧ ਅਧਿਕਾਰ ਦੇਣ ਅਤੇ ਆਖਿਰ ਬਰਤਾਨੀਆਂ ਨਾਲੋਂ ਬਿਲਕੁਲ ਅਜ਼ਾਦ ਹੋਣ ਜਾਂ ਅਮਰੀਕਾ ਨਾਲ ਮਿਲਣ ਦੇ ਹਾਮੀ ਸਨ।

ਦੋਨੋਂ ਪਾਰਟੀਆਂ ਕੁਝ ਕੁ ਮੂੰਹ ਮੁਹਾਂਦਰਾ ਬਦਲ ਕੇ ਅਜੋਕਾ ਰੂਪ ਧਾਰਨ ਕਰ ਗਈਆਂ ਹਨ। ਭਾਰਤ ਦੀ ਰਾਜਨੀਤੀ ਨਾਲ ਜੋੜ ਕੇ ਵੇਖਣ ਦੀ ਕੋਸ਼ਿਸ਼ ਵਿਚ ਅਸੀਂ ਕੰਸਰਵਟਿਵ ਪਾਰਟੀ ਨੂੰ ਬੀ ਜੇ ਪੀ ਅਤੇ ਲਿਬਰਲ ਨੂੰ ਕਾਂਗਰਸ ਦੇ ਨੇੜ ਤੇੜ ਕਹਿ ਸਕਦੇ ਹਾਂ। ਦੂਜੀ ਵੱਡੀ ਜੰਗ ਤੋਂ ਬਾਅਦ ਲਿਬਰਲ ਪਾਰਟੀ ਦੇਸ਼ ਵਿਚ ਕਲਿਆਣਕਾਰੀ ਪ੍ਰਬੰਧ ਸਥਾਪਿਤ ਕਰਨ ਵਾਲੀ ਪਾਰਟੀ ਦੇ ਤੌਰ ’ਤੇ ਉਭਰ ਕੇ ਸਾਹਮਣੇ ਆਈ, ਜਿਸ ਵਿਚ ਉਨ੍ਹਾਂ ਦਾ ਮੰਨਣਾ ਹੈ ਕਿ ਸਿਹਤ ਸੇਵਾਵਾਂ, ਵਿਦਿਆ, ਬੁਢੇਪਾ ਪੈਨਸ਼ਨ, ਬੇਰੁਜ਼ਗਾਰੀ ਭੱਤਾ ਆਦਿ ਸਰਕਾਰ ਦੀਆਂ ਜ਼ਿਮੇਵਾਰੀਆਂ ਹਨ। ਲਿਬਰਲ ਪਾਰਟੀ ਦੇ 1968 ਤੋਂ 1984 ਤੱਕ ਪ੍ਰਧਾਨ ਮੰਤਰੀ ਰਹੇ ਟਰੂਡੋ ਨੇ ਖੁੱਲ੍ਹੇ ਬਜ਼ਾਰ ਤੇ ਵਿਸ਼ਵਾਸ਼ ਨਾ ਰਖਦਿਆਂ ਦੇਸ਼ ਵਿਚ ਸਰਕਾਰ ਦੀ ਭੂਮਿਕਾ ਤੇ ਜ਼ਿਆਦਾ ਜ਼ੋਰ ਦਿੱਤਾ ਅਤੇ ਸਰਕਾਰੀ ਤੰਤਰ ਵਧਾਇਆ, ਜਿਸ ਨਾਲ ਸਰਕਾਰੀ ਖਰਚੇ ਵਧੇ ਤੇ ਬਜਟ ਵੀ ਘਾਟੇ ਵਾਲੇ ਰਹੇ। ਹੁਣ ਦੀ ਲਿਬਰਲ ਪਾਰਟੀ, ਕੁਝ ਕੁ ਖੁੱਲ੍ਹੀ ਮੰਡੀ, ਸਮਾਜ ਦੇ ਵਰਤਾਰਿਆਂ ਲਈ ਖੁੱਲ੍ਹੇ ਵਿਚਾਰ ਤੇ ਸੰਯੁਕਤ ਰਾਸ਼ਟਰ ਨਾਲ ਤੇ ਹੋਰ ਅੰਤਰ ਰਾਸ਼ਟਰੀ ਵਾਅਦਿਆਂ ਦੇ ਪੂਰੇ ਉਤਾਰਨ ਵਿਚ ਵਿਸ਼ਵਾਸ਼ ਰਖਦੀ ਹੈ। ਇਸ ਪਾਰਟੀ ਦਾ ਅਧਾਰ ਓਨਟਾਰੀਓ ਅਤੇ ਕਿਊਬਿਕ ਦੇ ਜਿਆਦਾਤਰ ਸ਼ਹਿਰੀਆਂ, ਪ੍ਰਵਾਸੀਆਂ ’ਤੇ ਫਰਾਂਸੀਸੀ-ਕਨੇਡੀਅਨ ਕੈਥੋਲਿਕਾਂ ਵਿਚ ਹੈ।

ਅਜੋਕੀ ਰਾਜ ਕਰ ਰਹੀ ਕੰਸਰਵਟਿਵ ਪਾਰਟੀ ਨੂੰ ਨਵਾਂ ਰੂਪ ਪ੍ਰੋਗਰੈਸਿਵ ਕੰਸਰਵਟਿਵ ਅਤੇ ਕਨੇਡੀਅਨ ਅਲਾਇੰਸ ਪਾਰਟੀਆਂ ਨੂੰ 2003 ਵਿਚ ਇਕੱਠਿਆਂ ਕਰਕੇ ਕੀਤਾ ਗਿਆ। ਪ੍ਰੋਗਰੈਸਿਵ ਕੰਸਰਵਟਿਵ ਦੇ ਬਰਾਇਨ ਮਲਰੋਨੀ ਜੋ ਟਰੂਡੋ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ, ਨੇ ਅਪਣੀ ਪਾਰਟੀ ਦੇ ਅਸੂਲ ਲਾਗੂ ਕਰਦਿਆਂ, ਸਰਕਾਰ ਦਾ ਅਕਾਰ ਤੇ ਖਰਚ ਘਟਾਇਆ, ਸਰਕਾਰੀ ਮਹਿਕਮੇਂ ਤੇ ਸੇਵਾਵਾਂ ਪ੍ਰਾਈਵੇਟ ਕੀਤੀਆਂ, ਮੰਡੀ ਤੋਂ ਕਾਫੀ ਰੋਕਾਂ ਹਟਾਈਆਂ ਤੇ ਅਮਰੀਕਾ ਨਾਲ ਨੇੜਤਾ ਵਧਾਈ। ਉਨ੍ਹਾਂ ਦੀਆਂ ਨੀਤੀਆਂ ਕਾਰਨ ਪਾਰਟੀ ਹੇਠਾਂ ਆਉਣੀ ਸ਼ੁਰੂ ਹੋ ਗਈ, ਜਿਸ ਨੂੰ ਪਾਰਟੀ ਵਿਚਲੇ ਉਨ੍ਹਾਂ ਦੇ ਵਿਰੋਧੀ ਸਟੀਫ਼ਨ ਹਾਰਪਰ ਅਤੇ ਪ੍ਰੀਸਟੋਨ ਮੈਨਿੰਗ ਨੇ ਰੀਫਾਰਮ ਪਾਰਟੀ (ਸੁਧਾਰਕ ਪਾਰਟੀ) ਬਣਾ, ਇਸ ਨੂੰ ਕਨੇਡੀਅਨ ਅਲਾਇੰਸ ਵਿਚ ਬਦਲ ਤੇ ਫਿਰ ਪ੍ਰੋਗਰੈਸਿਵ ਕੰਸਰਵਟਿਵ ਨਾਲ ਰਲਾ ਕੇ ਫਿਰ ਤੋਂ ਸੁਰਜੀਤ ਕੀਤਾ।

ਨਿਊ ਡੈਮੋਕਰੈਟਿਕ ਪਾਰਟੀ 1961 ਵਿਚ ਕੋਓਪਰੇਟਿਵ ਕਾਮਨਵੈਲਥ ਫੈਡਰੇਸ਼ਨ ਅਤੇ ਕਨੇਡੀਅਨ ਲੇਬਰ ਕਾਂਗਰਸ ਨੂੰ ਇਕੱਠਿਆਂ ਕਰਕੇ ਬਣਾਈ ਗਈ ਸੀ। ਇਸ ਪਾਰਟੀ ਨੂੰ ਭਾਰਤ ਦੀ ਸੀ ਪੀ ਆਈ ਨਾਲ ਕੁਝ ਕੁ ਬਰਾਬਰ ਕਰਕੇ ਵੇਖਿਆ ਜਾ ਸਕਦਾ ਹੈ। ਬੇਸ਼ਕ ਕੇਂਦਰ ਵਿਚ ਇਸ ਪਾਰਟੀ ਦੀ ਅਜੇ ਤੱਕ ਕੋਈ ਸਰਕਾਰ ਨਹੀਂ ਬਣ ਸਕੀ, ਪਰ ਸੂਬੇ, ਪ੍ਰੋਵਿੰਸ, ਦੇ ਪੱਧਰ ਤੇ ਮੈਨੀਟੋਬਾ ਅਤੇ ਅਲਬਰਟਾ ਵਿਚ ਇਸ ਪਾਰਟੀ ਦੀ ਸਰਕਾਰ ਹੈ ਅਤੇ ਪਹਿਲਾਂ ਬੀ ਸੀ, ਨੋਵਾ ਸਕੋਸ਼ੀਆ, ਓਨਟਾਰੀਓ ਅਤੇ ਸਸਕੈਚਵਾਨ ਵਿਚ ਇਸ ਪਾਰਟੀ ਦੀਆਂ ਸਰਕਾਰਾਂ ਰਹੀਆਂ ਹਨ। ਕਨੇਡਾ ਭਰ ਵਿਚ ਇਸ ਪਾਰਟੀ ਨੂੰ ਲੋਕਾਂ ਵਿਚ ਵੱਡੇ ਪੱਧਰ ਤੇ ਲੋਕ ਪ੍ਰੀਆ ਬਣਾਉਣ ਵਾਲੇ ਇਸ ਪਾਰਟੀ ਦੇ ਲੀਡਰ ਜੈਕ ਲੇਅਟਨ, ਜਿਨ੍ਹਾਂ ਨੇ ਪਾਰਟੀ ਨੂੰ ਇੱਕੋ ਹੱਲੇ ਬਹੁਤ ਸਾਰੀਆਂ ਸੀਟਾਂ ਤੋਂ ਜਿੱਤ ਪ੍ਰਾਪਤ ਕਰਵਾ ਕੇ ਇਸ ਨੂੰ ਵਿਰੋਧੀ ਪਾਰਟੀ ਦੇ ਤੌਰ ’ਤੇ ਮਾਨਤਾ ਪ੍ਰਾਪਤ ਕਰਵਾਈ, ਜੇਕਰ ਜਿੰਦਾ ਰਹਿੰਦੇ ਤਾਂ ਆਮ ਵਿਸ਼ਵਾਸ਼ ਸੀ ਕਿ ਇਸ ਵਾਰ ਐਨ ਡੀ ਪੀ ਦੀ ਸਰਕਾਰ ਬਣਨੀ ਸੀ। ਪਰ ਉਨ੍ਹਾਂ ਦੀ ਕੈਂਸਰ ਕਾਰਨ ਹੋਈ ਬੇਵਕਤ ਮੌਤ ਨੇ ਇਸ ਪਾਰਟੀ ਨੂੰ ਵੱਡਾ ਧੱਕਾ ਲਾਇਆ। ਅੱਜ ਕੱਲ੍ਹ ਥਾਮਸ ਮੁਲਕਲੇਅਰ ਇਸ ਪਾਰਟੀ ਨੂੰ ਜਿਤਾਉਣ ਲਈ ਸਿਰ ਤੋੜ ਯਤਨ ਕਰ ਰਹੇ ਹਨ। ਇਹ ਪਾਰਟੀ ਸਰਕਾਰੀ ਸਹੂਲਤਾਂ ਨੂੰ ਵਧਾਉਣ, ਗਰੀਬੀ ਹਟਾਉਣ ਦੀ ਜ਼ਿਮੇਦਾਰੀ ਸਰਕਾਰ ਤੇ ਪਾਉਣ, ਵੱਡੀਆਂ ਲਾਲਚੀ ਕਾਰਪੋਰੇਸ਼ਨਾਂ ਨੂੰ ਟੈਕਸ ਲਾਉਣ, ਜਿਆਦਾ ਟੈਕਸ ਇਕੱਠੇ ਕਰਕੇ ਕਲਿਆਣਕਾਰੀ ਕਾਰਜਾਂ ਤੇ ਲਾਉਣ, ਅਮਰੀਕਾ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਅਤੇ ਵਿਦੇਸ਼ ਨੀਤੀ ਵਿਚ ਕਨੇਡਾ ਦਾ ਇੱਕ ਸ਼ਾਂਤੀ ਸਥਾਪਤ ਕਰਨ ਵਾਲੇ ਦੇਸ਼ ਦੇ ਤੌਰ ’ਤੇ ਮੁੜ ਅਕਸ ਉਭਾਰਨ ਵਿਚ ਵਿਸ਼ਵਾਸ਼ ਰਖਦੀ ਹੈ। ਪਾਰਟੀ ਦਾ ਕਾਮਿਆਂ ਦੀਆਂ ਯੂਨੀਅਨਾਂ ਵਿਚ ਕਾਫੀ ਅਧਾਰ ਹੋਣ ਦੇ ਨਾਲ ਨਾਲ ਨੌਜਵਾਨ, ਖਾਂਦੇ ਪੀਂਦੇ ਅਗਾਂਹਵਧੂ ਸ਼ਹਿਰੀਆਂ ਵਿਚ ਵੀ ਅਸਰ ਹੈ।

ਬਲਾਕ ਕਿਊਬਕਵਾ ਪਾਰਟੀ ਦਾ ਮੁੱਖ ਅਧਾਰ ਕਿਊਬਿਕ ਵਿਚ ਹੀ ਹੈ, ਜੋ ਕਿਊਬਿਕ ਨੂੰ ਵੱਧ ਅਧਿਕਾਰ ਦੇਣ ਜਾਂ ਵੱਖਰਾ ਦੇਸ਼ ਬਣਾਉਣ ਲਈ ਯਤਨਸ਼ੀਲ ਹੈ। ਗਰੀਨ ਪਾਰਟੀ ਦਾ ਮੁੱਖ ਉਦੇਸ਼ ਦੇਸ਼ ਵਿਚ ਤਰੱਕੀ ਦੇ ਨਾਂ ਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਰੋਕਣਾ ਹੈ, ਉਹ ਅਜਿਹੀ ਅਧੁਨਿਕ ਤਰੱਕੀ ਦੀ ਗੱਲ ਕਰਦੇ ਹਨ, ਜੋ ਲੰਬੇ ਸਮੇਂ ਤੱਕ ਚਲੱਣ ਵਾਲੀ, ਬਿਨਾਂ ਅਗਲੀਆਂ ਪੁਸ਼ਤਾਂ ਲਈ ਖਤਰੇ ਸਹੇੜਨ ਵਾਲੀ ਹੋਵੇ। ਇਸ ਪਾਰਟੀ ਦਾ ਅਧਾਰ ਨੌਜਵਾਨ ਹਨ।

ਕੇਂਦਰ ਵਿਚ ਕਨੇਡਾ ਦੀ 1867 ਵਿਚ ਸਥਾਪਨਾ ਹੋਣ ਤੋਂ ਬਾਅਦ ਲਿਬਰਲ ਤੇ ਕੰਸਰਵਟਿਵ ਪਾਰਟੀਆਂ ਹੀ ਸਰਕਾਰਾਂ ਬਣਾਉਂਦੀਆਂ ਆਈਆਂ ਹਨ। ਹੇਠ ਦਿੱਤੀ ਸਾਰਨੀ ਵਿਚ ਸਾਲ 1900 ਤੋਂ ਬਾਅਦ ਕਿਸ ਪਾਰਟੀ ਦੀ ਕਿਨੀ ਦੇਰ ਸਰਕਾਰ ਰਹੀ ਦੇ ਅੰਕੜੇ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਜਿਆਦਾ ਸਮਾਂ ਲਿਬਰਲ ਪਾਰਟੀ ਹੀ ਕਨੇਡਾ ਵਿਚ ਰਾਜ ਕਰਦੀ ਰਹੀ ਹੈ। ਕੰਸਰਵਟਿਵ ਪਾਰਟੀ ਜੇਕਰ ਇਨ੍ਹਾਂ ਚੋਣਾਂ ਵਿਚ ਜਿੱਤ ਜਾਂਦੀ ਹੈ ਤਾਂ ਇਹ ਅਪਣੀ ਸਰਕਾਰ ਬਣਾਉਣ ਦੇ ਵੱਧ ਤੋਂ ਵੱਧ ਸਮੇਂ, ਜੋ ਹੁਣ ਤੱਕ 9 ਸਾਲ ਰਿਹਾ ਹੈ, ਦੇ ਰਿਕਾਰਡ ਨੂੰ ਵੀ ਤੋੜ ਰਹੀ ਹੋਵੇਗੀ।

| ਲਿਬਰਲ ਸਰਕਾਰ (ਸਮਾਂ ਸਾਲਾਂ ਵਿਚ) | | ਕੰਸਰਵਟਿਵ ਸਰਕਾਰ, 2003 ਤੋਂ ਪਹਿਲਾਂ ਪ੍ਰੋਗਰੈਸਿਵ ਕੰਸਰਵਟਿਵ (ਸਮਾਂ ਸਾਲਾਂ ਵਿਚ) | |
|---|---|---|---|
| 1900-1911 | 11 | 1911-1917 | 6 |
| 1922-1926 | 4 | 1926 | ਕੁਝ ਮਹੀਨੇ |
| 1926-1930 | 4 | 1930-35 | 5 |
| 1935-1957 | 22 | 1957-1963 | 6 |
| 1963-1979 | 6 | 1979 | ਕੁਝ ਮਹੀਨੇ |
| 1980-1984 | 4 | 1984-1993 | 9 |
| 1993-2005 | 12 | 2006-2015 | 9 |
| | 63 | | 35 |
| 1917-1922 ਵਿਚਕਾਰ ਯੂਨੀਅਨ ਕੋਲੀਸ਼ਨ ਤੇ ਫਿਰ ਨੈਸ਼ਨਲ ਲਿਬਰਲ ਅਤੇ ਕੰਸਰਵਟਿਵ ਪਾਰਟੀਆਂ ਦੀ ਸਰਕਾਰ ਰਹੀ | | | |

ਜਦ ਤੋਂ ਕੰਸਰਵਟਿਵ ਸਰਕਾਰ ਬਹੁਮਤ ਵਿਚ ਆਈ ਹੈ, ਇਸ ਨੇ ਕਨੇਡਾ ਨੂੰ ਪ੍ਰੀਭਾਸ਼ਿਤ ਕਰਦੀਆਂ ਕਦਰਾਂ ਕੀਮਤਾਂ ਅਤੇ ਨੀਤੀਆਂ ਵਿਚ ਵੱਡੇ ਪੱਧਰ ਤੇ ਤਬਦੀਲੀਆਂ ਕੀਤੀਆਂ। ਉਨ੍ਹਾਂ ਇਮੀਗਰੇਸ਼ਨ ਕਾਨੂੰਨਾਂ, ਅੰਦਰੂਨੀ ਸੁਰੱਖਿਆ, ਵਿਦੇਸ਼ ਨੀਤੀਆਂ ਵਿਚ ਵਿਸ਼ੇਸ਼ ਤੌਰ ’ਤੇ ਬਦਲਾਅ ਕੀਤੇ।

ਕਨੇਡਾ ਇਮੀਗਰਾਂਟਾਂ ਦਾ ਦੇਸ਼ ਹੈ, ਇਥੇ 189 ਦੇਸ਼ਾਂ ਦੇ ਲੋਕ ਵਸਦੇ ਹਨ। ਪਹਿਲੇ ਪਹਿਲ ਮੂਲ ਨਿਵਾਸੀ ਇਥੇ ਤਕਰੀਬਨ 15000 ਸਾਲ ਪਹਿਲਾਂ ਆਏ। ਉਹ ਬਾਕੀ ਦੁਨੀਆਂ ਨਾਲੋਂ ਟੁਟੇ ਰਹਿਣ ਕਾਰਨ, ਉਧਰ ਹੋਈਆਂ ਖੋਜਾਂ ਤੋਂ ਵਿਰਵੇ ਰਹੇ, ਜਿਸ ਦਾ ਨਤੀਜਾ, ਜਦ ਯੂਰਪੀਅਨ ਕਨੇਡਾ ਵਿਚ ਵਪਾਰ ਕਰਨ ਤੇ ਬਾਅਦ ਵਿਚ ਪੱਕੇ ਤੌਰ ’ਤੇ ਵਸਣ ਹਿੱਤ ਆਏ ਤਾਂ ਇਥੋਂ ਦੇ ਮੂਲ ਨਿਵਾਸੀ, ਉਨ੍ਹਾਂ ਦੇ ਅਪਣੀ ਧਰਤੀ ਤੇ ਹੋ ਰਹੇ ਕਬਜ਼ੇ ਨੂੰ ਰੋਕ ਨਾ ਸਕੇ, ਕਿਉਂਕਿ ਉਨ੍ਹਾਂ ਦੇ ਰਵਾਇਤੀ ਹਥਿਆਰ, ਯੂਰਪੀਅਨਾਂ ਦੀਆਂ ਬੰਦੂਕਾਂ ਪਸਤੌਲਾਂ ਅੱਗੇ ਨਿਤਾਣੇ ਸਨ। ਯੂਰਪ ਦੇ ਗੋਰੇ ਲੋਕਾਂ ਨੇ ਅਪਣੀਆਂ ਸਰਕਾਰਾਂ ਰਾਹੀਂ, ਇਸ ਦੇਸ਼ ਨੂੰ ਗੋਰਾ ਪ੍ਰਧਾਨ ਦੇਸ਼ ਹੀ ਬਣਾਈ ਰੱਖਿਆ। ਸਾਲ 1891 ਤੋਂ 1914 ਦਰਮਿਆਨ 1 ਲੱਖ 70 ਹਜ਼ਾਰ ਲੋਕ ਸਿਰਫ ਯੁਕਰੇਨ ਤੋਂ ਕਨੇਡਾ ਆਏ, ਜਦ ਕਿ ਇਨ੍ਹਾਂ ਹੀ ਸਾਲਾਂ ਵਿਚ ਭਾਰਤ ਤੋਂ 1914 ਵਿਚ ਕੁਝ ਕੁ ਸੌ ਭਾਰਤੀਆਂ ਨੂੰ ਲੈ ਕੇ ਆਏ ਕਾਮਾ ਗਾਟਾ ਮਾਰੂ ਨੂੰ ਸਮੁੰਦਰ ਵਿਚੋਂ ਹੀ ਵਾਪਿਸ ਕਰ ਦਿੱਤਾ ਗਿਆ। ਪ੍ਰਵਾਸੀ ਆਉਂਦੇ ਰਹੇ, ਪਰ ਕਾਨੂੰਨ ਇਸ ਤਰ੍ਹਾਂ ਦੇ ਸਨ ਕਿ ਉਹ ਜਿਆਦਾ ਯੂਰਪੀਅਨ ਹੀ ਹੁੰਦੇ ਸਨ। ਜਦ ਪੀਅਰ ਟਰੂਡੋ ਦੀ ਲਿਬਰਲ ਸਰਕਾਰ ਨੇ 1978 ਵਿਚ ਪੜ੍ਹੇ ਲਿਖੇ ਹੁੰਨਰਮੰਦ ਕਾਮਿਆਂ ਦੇ ਆਉਣ ਨੂੰ ਸੁਖਾਲਾ ਬਣਾਉਣ ਵਾਲੀ ਨੀਤੀ ਅਪਣਾਈ, ਜਿਸ ਤਹਿਤ ਬਿਨਾ ਰੰਗ ਭੇਦ ਦੇ ਕੋਈ ਵੀ, ਕਿਸੇ ਦੇਸ਼ ਤੋਂ ਵੀ ਆ ਸਕਦਾ ਸੀ ਤਾਂ ਜਿਆਦਾ ਪ੍ਰਵਾਸੀ ਫਿਲੀਪਾਈਨ, ਚੀਨ ਅਤੇ ਭਾਰਤ ਤੋਂ ਆਉਣ ਲੱਗੇ। ਕਨੇਡਾ ਵਿਚ ਸਾਲ 1971 ਤੋਂ ਪਹਿਲਾਂ 78% ਪ੍ਰਵਾਸੀ ਯੂਰਪ ਤੋਂ ਅਤੇ ਸਿਰਫ 8% ਏਸ਼ੀਆ ਤੋਂ ਆਉਂਦੇ ਸਨ, ਇਸ ਕਾਨੂੰਨ ਦੇ ਲਾਗੂ ਹੋਣ ਬਾਅਦ 2006 ਤੋਂ 2011 ਦਰਮਿਆਨ 57% ਏਸ਼ੀਆ ਤੋਂ ਅਤੇ ਸਿਰਫ 14% ਯੂਰਪ ਤੋਂ ਆਏ।

ਕੰਸਰਵਟਿਵ ਸਰਕਾਰ ਨੇ ਆਉਂਦੇ ਹੀ ਇਮੀਗਰੇਸ਼ਨ ਕਾਨੂੰਨ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ, ਜਿਸ ਨਾਲ ਏਸ਼ੀਆ ਤੋਂ ਆਉਣ ਵਾਲਿਆਂ ਲਈ ਅੰਕ ਸਿਸਟਮ ਤਹਿਤ ਆਉਣਾ ਔਖਾ ਹੋ ਗਿਆ ਹੈ, ਬੇਸ਼ਕ ਹੁਣ ਤੱਕ ਦੇ ਅੰਕੜਿਆਂ ਵਿਚ ਏਸ਼ੀਆ ਤੋਂ ਆ ਰਹੇ ਕੁਲ ਪ੍ਰਵਾਸੀਆਂ ਦੀ ਗਿਣਤੀ ਵਿਚ ਇਸ ਤਬਦੀਲੀ ਦਾ ਅਸਰ ਵਿਖਾਈ ਨਹੀਂ ਦੇਣ ਲੱਗਾ, ਪਰ ਅਗਲੇ ਕੁਝ ਸਾਲਾਂ ਵਿਚ ਇਨ੍ਹਾਂ ਨਿਯਮਾਂ ਦਾ ਅਸਰ ਪੈਣ ਦੀਆਂ ਸੰਭਾਵਨਾਵਾਂ ਹਨ। ਪੋਇੰਟ ਸਿਸਟਮ, (ਅੰਕ ਪ੍ਰਣਾਲੀ) ਵਿਚ ਮਾਪਿਆਂ ਦੇ ਨਾਲ ਆਉਣ ਵਾਲੇ ਬੱਚਿਆਂ ਦੀ ਉਮਰ 21 ਤੋਂ ਘਟਾ ਕੇ 18 ਕਰ ਦਿੱਤੀ ਗਈ ਅਤੇ ਜਦ ਪਹਿਲਾਂ ਜੇਕਰ ਉਹ ਪੜ੍ਹਦੇ ਰਹਿੰਦੇ ਸਨ, ਤਾਂ ਉਮਰ ਵੱਧ ਹੋਣ ਤੇ ਵੀ ਨਿਰਭਰ ਹੀ ਮੰਨੇ ਜਾਂਦੇ ਸਨ, ਉਸ ਨੁਕਤੇ ਨੂੰ ਵੀ ਕੱਢ ਦਿੱਤਾ ਗਿਆ।ਪ੍ਰਵਾਰਾਂ ਨੂੰ ਇਕੱਠਿਆਂ ਕਰਨ ਲਈ, ਜਦ ਪਹਿਲਾਂ ਮਾਂ ਬਾਪ ਅਤੇ ਉਨ੍ਹਾਂ ਤੇ ਨਿਰਭਰ ਬੱਚੇ ਆ ਸਕਦੇ ਸਨ, ਵਿਚ ਰੋਕਾਂ ਲਾ ਕੇ ਤੇ ਫਿਰ ਸੁਪਰ ਵੀਜ਼ਾ ਸ਼ੁਰੂ ਕਰਕੇ ਬਿਲਕੁਲ ਤਬਦੀਲ ਕਰ ਦਿੱਤਾ ਗਿਆ। ਪਹਿਲਾਂ ਵਿਦਿਆਰਥੀਆਂ ਨੂੰ ਸੌਖੇ ਪੱਕੇ ਕਰ ਦਿੱਤਾ ਜਾਂਦਾ ਸੀ, ਉਸ ਨੂੰ ਵੀ ਔਖਾ ਬਣਾ ਦਿੱਤਾ ਗਿਆ। ਸੋ ਪ੍ਰਵਾਸ ਦੇ ਨਿਯਮਾਂ ਵਿਚ ਬਹੁਤ ਤਬਦੀਲੀਆਂ ਕੀਤੀਆਂ ਗਈਆਂ। ਇਨ੍ਹਾ ਕਰਕੇ ਕੁਝ ਨਵੇਂ ਆਏ ਪ੍ਰਵਾਸੀਆਂ ਵਿਚ ਇਸ ਪਾਰਟੀ ਦੇ ਖਿਲਾਫ਼ ਭਾਵਨਾਵਾਂ ਹੋ ਸਕਦੀਆਂ ਹਨ, ਪਰ ਕਨੇਡਾ ਦੇ ਲੋਕਾਂ ਦੀ ਵੱਡੀ ਗਿਣਤੀ ਇਨ੍ਹਾਂ ਤਬਦੀਲੀਆਂ ਦੇ ਹੱਕ ਵਿਚ ਹੈ। ਇਹ ਉਸੇ ਤਰ੍ਹਾਂ ਹੀ ਹੈ, ਜਿਵੇਂ ਭੀੜ ਭਾੜ ਵਾਲੇ ਗੱਡੀ ਦੇ ਡੱਬੇ ਵਿਚ ਪਲੇਟਫਾਰਮ ਤੇ ਖੜ੍ਹਾ ਹਰ ਮੁਸਾਫਿਰ ਵੜਨਾ ਚਾਹੁੰਦਾ ਹੈ, ਪਰ ਜਦ ਆਪ ਉਸ ਵਿਚ ਸਵਾਰ ਹੋ ਜਾਂਦਾ ਹੈ ਤਾਂ ਬਹੁਤ ਭੀੜ ਹੈ, ਬਹੁਤ ਭੀੜ ਹੈ ਦਾ ਅਲਾਪ ਖੁਦ ਵੀ ਕਰਨ ਲਗਦਾ ਹੈ ਤੇ ਹੋਰਾਂ ਨੂੰ ਉਸ ਡੱਬੇ ਵਿਚ ਵੜ੍ਹਨ ਤੋਂ ਰੋਕਣ ਲਗਦਾ ਹੈ।

ਵਿਦੇਸ਼ ਨੀਤੀ ਵਿਚ ਕੰਸਰਵਟਿਵ ਸਰਕਾਰ ਦੇ ਬਣਨ ਸਮੇਂ ਤੋਂ ਹੀ, ਸਟੀਫਨ ਹਾਰਪਰ ਨੇ ਬੜੀ ਗਰਮਜੋਸ਼ੀ ਨਾਲ ਅਮਰੀਕਾ ਦੀਆਂ ਨੀਤੀਆਂ ਦੀ ਪ੍ਰੋੜਤਾ ਕਰਨੀ ਸ਼ੁਰੂ ਕੀਤੀ, ਉਹ ਹਮੇਸ਼ਾ ਉਸ ਸਮੇਂ ਅਮਰੀਕਾ ਦੇ ਪ੍ਰਧਾਨ ਜਾਰਜ਼ ਬੁੱਸ਼ ਦੀਆਂ ਨੀਤੀਆਂ ਦਾ ਸਮਰਥਨ ਕਰਦੇ, ਪਰ ਉਬਾਮਾ ਦੇ ਆਉਣ ਤੇ ਅਮਰੀਕਾ ਦੀਆਂ ਕੁਝ ਦੇਸ਼ਾਂ ਸਬੰਧੀ ਨੀਤੀਆਂ ਵਿਚ ਆਈ ਨਰਮੀ ਤੋਂ ਬਾਅਦ ਸਗੋਂ ਪ੍ਰਧਾਨ ਮੰਤਰੀ ਹਾਰਪਰ ਅਮਰੀਕਾ ਨਾਲੋਂ ਵੀ ਅੱਗੇ ਹੋ ਕੇ ਇਸਰਾਇਲ ਦੀ ਸਰਕਾਰ ਦੀਆਂ ਵੱਡੇ ਪੱਧਰ ਤੇ ਹੋਰਨਾਂ ਦੇਸ਼ਾਂ ਵਲੋਂ ਨਿੰਦੀਆਂ ਜਾ ਰਹੀਆਂ ਕਾਰਵਾਈਆਂ ਨੂੰ ਵੀ ਜਾਇਜ਼ ਠਹਿਰਾਉਂਦੇ ਰਹੇ। ਇਹ ਉਨ੍ਹਾਂ ਦਾ ਯਹੂਦੀ ਵੋਟ ਬੈਂਕ ਪੱਕਾ ਕਰਨ ਦਾ ਇਕ ਯਤਨ ਸੀ। ਇਸੇ ਤਰ੍ਹਾਂ ਜਦ ਯੁਕਰੇਨ ਅਤੇ ਰੂਸ ਵਿਚ ਤਨਾ ਤਨੀ ਹੋਈ ਤਾਂ ਸਟੀਫ਼ਨ ਹਾਰਪਰ ਸਾਹਿਬ ਨੇ ਅਮਰੀਕਾ ਨਾਲੋਂ ਵੀ ਅੱਗੇ ਹੋ ਕੇ ਰੂਸ ਦਾ ਵਿਰੋਧ ਕੀਤਾ, ਇਹ ਯੁਕਰੇਨੀ ਮੂਲ ਦੇ 12 ਲੱਖ ਤੋਂ ਵੱਧ ਲੋਕਾਂ ਦੀਆਂ ਵੋਟਾਂ ਪੱਕੀਆਂ ਕਰਨ ਲਈ ਖੇਡਿਆ ਪੱਤਾ ਸੀ। ਕੀ ਇਹ ਵੋਟ ਬੈਂਕ ਕੰਸਰਵਟਿਵ ਪਾਰਟੀ ਦੇ ਕੰਮ ਆਉਣਗੇ? ਸਮਾਂ ਹੀ ਦਸੇਗਾ।

ਕੰਸਰਵਟਿਵ ਸਰਕਾਰ ਨੇ ਕਨੇਡਾ ਦਾ ਇੱਕ ਸ਼ਾਂਤੀ ਸਥਾਪਕ, ਔਖ ਵਿਚ ਫਸੇ ਲੋਕਾਂ ਦੇ ਮਦਦਗਾਰ ਦੇਸ਼ ਦੇ ਤੌਰ ਉਤੇ ਦੁਨੀਆਂ ਵਿਚ ਜੋ ਅਕਸ ਸੀ, ਉਸਨੂੰ ਬਿਲਕੁਲ ਬਦਲ ਕੇ, ਝਗੜਿਆਂ ਵਿਚ ਇੱਕ ਧਿਰ ਦੀ ਮਦਦ ਕਰਨ ਵਾਲਾ ਬਣਾ ਦਿੱਤਾ ਹੈ। ਪਹਿਲਾਂ ਅਫਗਾਨਿਸਤਾਨ ਵਿਚ ਫੌਜ ਭੇਜ ਕੇ, ਤੇ ਹੁਣ ਆਈ ਐਸ (ਇਸਲਾਮਿਕ ਸਟੇਟ) ਵਿਰੁਧ ਇਰਾਕ ਵਿਚ ਬੰਬਾਰੀ ਕਰਕੇ, ਹਾਰਪਰ ਸਾਹਿਬ ਕਨੇਡਾ ਨੂੰ ਇੱਕ ਸ਼ਕਤੀਸ਼ਾਲੀ ਤਾਕਤ ਵਜੋਂ ਉਭਾਰਨ ਦੀਆਂ ਕੋਸ਼ਿਸ਼ਾਂ ਵਿਚ ਹਨ।

ਸਟੀਫ਼ਨ ਹਾਰਪਰ ਸਾਹਿਬ ਨੇ ਅਪਣੀ ਸਰਕਾਰ ਬਣਾਉਣ ਵੇਲੇ ਤੋਂ ਹੀ ਅਪਣੇ ਮੰਤਰੀਆਂ ਤੱਕ ਨੂੰ ਕਿਸੇ ਵੀ ਸਰਕਾਰੀ ਜਾਣਕਾਰੀ ਨੂੰ ਪ੍ਰਧਾਨ ਮੰਤਰੀ ਦਫਤਰ ਨੂੰ ਪੁੱਛੇ ਬਗੈਰ ਕਿਸੇ ਪਤਰਕਾਰ ਵਗੈਰਾ ਨਾਲ

ਸਾਂਝੀ ਕਰਨ ਤੋਂ ਰੋਕਿਆ ਹੋਇਆ ਹੈ, ਇਥੋਂ ਤੱਕ ਕਿ ਸਾਇੰਸਦਾਨ ਵੀ ਅਪਨੀ ਖੋਜ ਖੁੱਲ ਕੇ ਕਿਸੇ ਨੂੰ ਨਹੀਂ ਦੱਸ ਸਕਦੇ, ਇਹ ਖਾਸ ਕਰ ਸਾਇੰਸਦਾਨਾਂ ਦੇ ਬੋਲਣ ਦੀ ਅਜ਼ਾਦੀ ਤੇ ਰੋਕ ਹੈ, ਜੋ ਹੋਰ ਕਿਸੇ ਵੀ ਦੇਸ਼ ਵਿਚ ਵੇਖਣ ਨੂੰ ਨਹੀਂ ਮਿਲਦੀ।

ਦੁਨੀਆਂ ਵਿਚ ਵੱਧ ਰਹੇ ਤਾਪਮਾਨ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਵਲੋਂ ਕੀਤੇ ਜਾ ਰਹੇ ਯਤਨਾਂ ਨੂੰ ਵੀ ਹਾਰਪਰ ਸਰਕਾਰ ਵਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਉਹ ਇਸ ਨੂੰ ਕਨੇਡਾ ਦੇ ਤੇਲ ਕੱਢਣ ਦੇ ਯਤਨਾਂ ਵਿਚ ਰੋਕ ਸਮਝਦੇ ਹਨ। ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਦੀ ਕਨੇਡਾ ਵਿਚ ਮਨੁੱਖੀ ਅਧਿਕਾਰਾਂ ਬਾਰੇ, ਕੁਝ ਦੇਰ ਪਹਿਲਾਂ ਆਈ ਰਿਪੋਰਟ ਵਿਚ ਵੀ ਸਰਕਾਰ ਦੀ ਕਰੜੀ ਨੁਕਤਾਚੀਨੀ ਕੀਤੀ ਗਈ ਹੈ। ਸਰਕਾਰ ਵਲੋਂ ਅਤਿਵਾਦ ਵਿਰੋਧੀ ਕਾਨੂੰਨ, ਸੀ 51, ਬਾਰੇ ਚਿੰਤਾ ਜ਼ਾਹਰ ਕਰਦਿਆਂ ਇਸ ਰਿਪੋਰਟ ਵਿਚ, ਖੁਫੀਆ ਇਜੰਸੀਆਂ ਨੂੰ ਵੱਧ ਅਧਿਕਾਰ ਦੇਣਾ, ਸਮਾਜਿਕ ਅਜ਼ਾਦੀ ਲਈ ਖਤਰਾ ਦੱਸਿਆ ਗਿਆ ਹੈ ਅਤੇ ਇਹ ਵੀ ਕਿਹਾ ਹੈ ਕਿ, ਕਨੇਡਾ ਦੀਆਂ ਵੱਡੀਆਂ ਕੰਪਨੀਆਂ ਵਲੋਂ ਦੂਸਰੇ ਦੇਸ਼ਾਂ ਵਿਚ ਅਪਣੇ ਕੰਮ ਕਰਦਿਆਂ, ਮਨੁੱਖੀ ਅਧਿਕਾਰਾਂ ਦੀ ਕੀਤੀ ਜਾ ਰਹੀ ਉਲੰਘਣਾ, ਨੂੰ ਸਰਕਾਰ ਨਜ਼ਰ ਅੰਦਾਜ਼ ਕਰਦੀ ਹੈ। ਮੂਲ ਨਿਵਾਸੀ ਔਰਤਾਂ ਦੀ ਗੁਮਸ਼ੁਦਗੀ ਅਤੇ ਹੋ ਰਹੇ ਕਤਲਾਂ ਵੱਲ ਵੀ ਸਰਕਾਰ ਨੂੰ ਧਿਆਨ ਦੇਣ ਲਈ ਕਿਹਾ ਗਿਆ ਹੈ।

ਇਹ ਸਾਰੀਆਂ ਗੱਲਾਂ ਜੋ ਰਾਜ ਕਰ ਰਹੀ ਸਰਕਾਰ ਦੇ ਕੰਮਾਂ ਕਾਰਾਂ ਕਾਰਨ ਲੋਕਾਂ ਵਿਚ ਇੱਕ ਸਥਾਪਤੀ ਵਿਰੋਧੀ ਵਿਚਾਰ ਬਣਾਉਂਦੀਆਂ ਹਨ, ਇਸ ਵਾਰ ਦੀ ਚੋਣ ਵਿਚ ਕੰਸਰਵਟਿਵ ਪਾਰਟੀ ਦੇ ਖਿਲਾਫ ਹਨ। ਅਪਨੀ ਪਾਰਟੀ ਦੇ ਹੱਕ ਵਿਚ ਪ੍ਰਚਾਰ ਕਰਦਿਆਂ ਹਾਰਪਰ ਸਾਹਿਬ, ਕਨੇਡਾ ਦੇ ਅਰਥਚਾਰੇ ਨੂੰ ਵੱਡੇ ਮੰਦਵਾੜੇ ਵਿਚੋਂ ਉਭਾਰਨ ਦੇ ਅਪਣੇ ਯਤਨਾਂ ਦਾ ਵਰਨਣ ਕਰਦੇ ਹੋਏ ਕਹਿੰਦੇ ਹਨ, ਕਿ ਕਨੇਡਾ ਵਿਚ ਸਾਰੇ ਵਿਕਾਸਸ਼ੀਲ ਦੇਸ਼ਾਂ ਨਾਲੋਂ, ਕਾਰਖਾਨੇਦਾਰਾਂ ਤੇ ਵਪਾਰੀਆਂ ਤੇ ਘੱਟ ਟੈਕਸ ਹੋਣ ਕਾਰਨ, ਇਥੇ ਕਾਰਖਾਨੇ ਲੱਗੇ ਤੇ ਵਪਾਰ ਵਧਿਆ ਹੈ ਅਤੇ ਲੋਕਾਂ ਲਈ ਕੰਮ ਦੇ ਵੱਧ ਮੌਕੇ ਪੈਦਾ ਹੋਏ ਹਨ। ਉਹ ਕਹਿ ਰਹੇ ਹਨ ਕਿ ਇਨ੍ਹਾਂ ਚੋਣਾਂ ਵਿਚ ਜੇਕਰ ਕੰਸਰਵਟਿਵ ਸਰਕਾਰ ਨਹੀਂ ਚੁੱਣੀ ਜਾਂਦੀ ਤਾਂ ਲੋਕ, ਕਨੇਡੀਅਨ ਅਰਥਚਾਰੇ, ਪ੍ਰੀਵਾਰਾਂ ਅਤੇ ਦੇਸ਼ ਦੀ ਸੁਰੱਖਿਆ ਲਈ ਖਤਰਾ ਸਹੇੜ ਰਹੇ ਹੋਣਗੇ। ਉਹ ਲਿਬਰਲ ਪਾਰਟੀ ਦੇ ਲੀਡਰ ਜਸਟਿਨ ਟਰੂਡੋ ਨੂੰ, ਅਨੁਭਵਹੀਣ, ਅਨਾੜੀ ਕਹਿ ਰਹੇ ਹਨ, ਜਿਨ੍ਹਾਂ ਨੂੰ ਸਰਕਾਰ ਚਲਾਉਣ ਦਾ ਕੋਈ ਅਨੁਭਵ ਨਹੀਂ ਅਤੇ ਥਾਮਸ ਮੁਲਕਲੇਅਰ ਦੀ ਪਾਰਟੀ ਐਨ ਡੀ ਪੀ ਦੀਆਂ ਨੀਤੀਆਂ ਦੀ ਨੁਕਤਾਚੀਨੀ ਕਰ ਰਹੇ ਹਨ, ਜਿਨ੍ਹਾਂ ਦੀ ਪਾਰਟੀ ਦੀਆਂ ਨੀਤੀਆਂ ਕਾਰਨ, ਉਨ੍ਹਾਂ ਦਾ ਕਹਿਣਾ ਹੈ ਕਿ, ਵੱਡੇ ਕਾਰਖਾਨੇਦਾਰਾਂ ਜਾਂ ਵਪਾਰੀਆਂ ਤੇ ਟੈਕਸ ਲਗਣ ਤੇ ਉਨ੍ਹਾਂ ਵਲੋਂ ਇਥੋਂ ਕੰਮ ਬੰਦ ਕਰਨ ਦਾ ਖਤਰਾ ਹੈ, ਜਿਸ ਨਾਲ ਆਮ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਘਟ ਜਾਣਗੇ ਤੇ ਮੁਸ਼ਕਲਾਂ ਵਧਣਗੀਆਂ। ਉਹ ਇਹ ਵੀ ਕਹਿੰਦੇ ਹਨ, ਕਿ ਦੋਨੋ ਪਾਰਟੀਆਂ ਸਰਕਾਰ ਦੇ ਕਲਿਆਣਕਾਰੀ ਕੰਮਾਂ ਤੇ ਹੋਰ ਖਰਚ ਕਰਨ ਦੀ ਗੱਲ ਕਰਦੀਆਂ ਹਨ, ਪਰ ਇਹ ਫੰਡ ਆਉਣੇ ਕਿਥੋਂ ਹਨ, ਬਾਰੇ ਨਹੀਂ ਦਸਦੀਆਂ, ਜੋ ਉਨ੍ਹਾਂ ਮੁਤਾਬਿਕ ਲੋਕਾਂ ਤੇ ਟੈਕਸ ਵਧਾ ਕੇ ਹੀ ਇਕੱਠੇ ਕੀਤੇ ਜਾ ਸਕਦੇ ਹਨ। ਪਰ ਲਿਬਰਲ ਤੇ ਐਨ ਡੀ ਪੀ ਵਲੋਂ, ਇਹ ਟੈਕਸ ਜੋ ਸੌਖੇ ਦੇ ਸਕਦੇ ਹਨ, ਤੋਂ ਇਕੱਠੇ ਕਰਨ ਦੀ ਗਲ ਕੀਤੀ ਜਾ ਰਹੀ ਹੈ। ਇਸ ਵਾਰ ਦਾ ਚੋਣ ਪ੍ਰਚਾਰ ਲੰਬਾ ਸਮਾਂ ਚਲਣਾ ਹੈ, ਉਸ ਵੇਲੇ ਤੱਕ ਹਰ ਰੋਜ਼, ਸਾਰੇ ਲੀਡਰਾਂ ਵਲੋਂ ਆਪੋ ਅਪਣੇ ਵਿਚਾਰ ਅਤੇ ਦੇਸ਼ ਨੂੰ ਚਲਾਉਣ ਲਈ, ਕੀ ਚੰਗਾ ਹੋ ਸਕਦਾ ਹੈ, ਜਾਂ ਦੂਸਰੀਆਂ ਪਾਰਟੀਆਂ ਦੀਆਂ ਨੀਤੀਆਂ ਕਾਰਨ ਕੀ ਨੁਕਸਾਨ ਹੋ ਸਕਦਾ ਹੈ, ਸੁਣਨ ਨੂੰ ਮਿਲਣਗੇ। ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਸਭ ਦੇ ਵਿਚਾਰ ਸੁਣ ਕੇ ਅਤੇ ਉਨ੍ਹਾਂ ਤੇ ਵਿਚਾਰ ਕਰਕੇ ਅਪਨਾ ਮਨ ਬਣਾਉਣ ਅਤੇ ਸਹੀ ਪਾਰਟੀ ਨੂੰ ਵੋਟਾਂ ਪਾਉਣ।

# ਲੋਕਾਂ ਦੇ ਵਿਸ਼ਾਲ ਇਕੱਠ ਨੇ ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦੀ 18ਵੀਂ ਬਰਸੀ 'ਤੇ ਮਨਜੀਤ ਧਨੇਰ ਦੀ ਉਮਰ ਕੈਦ ਦੀ ਸਜ਼ਾ ਰੱਦ ਕਰਨ ਦੀ ਕੀਤੀ ਜ਼ੋਰਦਾਰ ਮੰਗ



(ਬਰਨਾਲਾ/ਮਹਿਲਕਲਾਂ : ਸੰਨ 1997 'ਚ ਮਹਿਲਕਲਾਂ ਵਿਖੇ ਬਾਰਵੀਂ ਜਮਾਤ ਦੀ ਵਿਦਿਆਰਥਣ ਕਿਰਨਜੀਤ ਕੌਰ ਨੂੰ ਪਿੰਡ ਦੇ ਕੁਝ ਸਿਆਸੀ ਸ਼ਹਿ ਪ੍ਰਾਪਤ ਗੁੰਡਿਆਂ ਵੱਲੋਂ ਅਗਵਾ/ ਸਮੂਹਿਕ ਜਬਰਜਿਨਾਹ ਤੋਂ ਬਾਅਦ ਕਤਲ ਕਰ ਦਿੱਤਾ ਗਿਆ ਸੀ। ਦੋਸ਼ੀਆਂ ਨੂੰ ਲੋਕ ਤਾਕਤ ਦੇ ਲੰਮੇ ਸੰਘਰਸ਼ ਆਸਰੇ ਸਖਤ ਸਜਾਵਾਂ ਦਿਵਾਈਆਂ ਗਈਆਂ ਸਨ। ਐਕਸ਼ਨ ਕਮੇਟੀ ਦੀ ਸੁਚੱਜੀ ਅਗਵਾਈ ਸਦਕਾ 18 ਵਰ੍ਹਿਆਂ 'ਚ ਤਿੰਨ ਲੋਕ ਆਗੂਆਂ 'ਚੋਂ ਦੋ ਨੂੰ ਝੂਠੇ ਕਤਲ ਕੇਸ ਤੋਂ ਬਰੀ ਕਰਵਾਇਆ ਗਿਆ ਅਤੇ ਔਰਤ ਮੁਕਤੀ ਲਈ 'ਸੰਘਰਸ਼ ਦਾ ਚਿੰਨ੍ਹ' ਬਣੀ ਕਿਰਨਜੀਤ ਕੌਰ ਦੀ ਯਾਦ ਨੂੰ ਅੱਜ ਵੀ 'ਔਰਤ ਮੁਕਤੀ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਹ ਸੰਘਰਸ਼ ਲੋਕਾਂ ਨੂੰ ਹਰ ਸਾਲ ਲੋਕ ਪੱਖੀ ਸਮਾਜ ਦੀ ਸਿਰਜਨਾ ਲਈ ਜੂਝਣ ਦਾ ਸੰਦੇਸ਼ ਦਿੰਦਾ ਹੈ। ਇਹ ਗੱਲ ਹਜ਼ਾਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਐਕਸ਼ਨ ਕਮੇਟੀ ਦੇ ਕਨਵੀਨਰ ਗੁਰਬਿੰਦਰ ਸਿੰਘ ਨੇ ਕਹੀ। ਇਸ ਸਮੇਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਦੇਸ਼ ਦੇ ਹਾਕਮ ਦੇਸੀ ਬਦੇਸੀ ਕਾਰਪੋਰੇਟ ਜਗਤ ਪੱਖੀ ਵਿਕਾਸ ਮਾਡਲ ਨੂੰ ਬੇਰੋਕ ਅੱਗੇ ਵਧਾਉਣ ਲਈ ਲੋਕਾਂ ਉਪਰ ਲੁੱਟ, ਜਬਰ ਤੇ ਦਾਬਾ ਪਾ ਰਹੇ ਹਨ। ਫਿਰਕੂ ਫਾਸ਼ੀਵਾਦੀ ਹਾਕਮ ਨਵਉਦਾਰਵਾਦੀ ਨੀਤੀਆਂ ਨੂੰ ਹੋਰ ਵੱਧ ਸਖਤੀ ਨਾਲ ਲਾਗੂ ਕਰਨ ਲਈ ਜਿੱਥੇ ਲੋਕਾਂ ਉੱਤੇ ਮਹਿੰਗਾਈ, ਟੈਕਸਾਂ ਆਦਿ ਦਾ ਬੋਝ ਪਾ ਰਹੇ ਹਨ ਉੱਥੇ ਉਹ ਕਾਲੇ ਕਾਨੂੰਨਾਂ ਰਾਹੀਂ ਲੋਕਾਂ ਦੀ ਜੁਬਾਨਬੰਦੀ ਕਰਨ ਦੇ ਵੀ ਰਾਹ ਪਏ ਹੋਏ ਹਨ। ਫਿਰਕੂ ਤਾਕਤਾਂ ਅਗਾਂਹਵਧੂ ਵਿਅਕਤੀਆਂ ਤੇ ਸ਼ਕਤੀਆਂ ਉੱਤੇ ਕਾਤਲਾਨਾ ਹਮਲੇ ਤੇਜ ਕਰ ਰਹੀਆਂ ਹਨ। ਜਮਹੂਰੀ ਹੱਕਾਂ ਦੀ ਅਵਾਜ ਨੂੰ ਦਬਾਇਆ ਜਾ ਰਿਹਾ ਹੈ। ਸੀਪੀਐਮ ਪੰਜਾਬ ਦੇ ਸਕੱਤਰ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਅੱਜ ਦੱਬੇ-ਲਤਾੜੇ ਜਾਂਦੇ ਤਬਕਿਆਂ ਵੱਲੋਂ ਸਾਮਰਾਜਪ੍ਰਸਤ ਲੋਕਮਾਰੂ ਨੀਤੀਆਂ ਖਿਲਾਫ ਡਟਵੀ ਜੱਦੋਜਹਿਦ ਕਰਨ ਦੀ ਅਹਿਮ ਲੋੜ ਹੈ। ਸਾਥੀ ਪਾਸਲਾ ਨੇ ਕਿਹਾ ਕਿ ਮੌਜੂਦਾ ਰਾਜ ਤੇ ਸਮਾਜ ਲਗਾਤਾਰ ਨਿਘਾਰ ਵੱਲ ਜਾ ਰਿਹਾ ਹੈ। ਇਸਨੂੰ ਚੰਗੇ ਪਾਸੇ ਲਿਜਾਣ ਲਈ ਲੋਕ ਏਕਤਾ ਦੀ ਵੱਡੀ ਲੋੜ ਹੈ ਸ਼ੀਪੀਆਈ ਦੇ ਕਾ. ਜਗਰੂਪ ਨੇ ਬੋਲਦਿਆਂ ਕਿਹਾ ਕਿ ਔਰਤ ਜਮਾਤ ਉੱਪਰ ਹਰ ਤਰ੍ਹਾਂ ਦਾ ਹਮਲਾ ਸਾਮਰਾਜੀ-ਸਰਮਾਏਦਾਰਾ ਪ੍ਰਬੰਧ ਦੁਆਰਾ ਕੀਤੀ ਜਾਂਦੀ ਹਰ ਤਰ੍ਹਾਂ ਦੀ ਲੁੱਟ ਦਾ ਇਕ ਅੰਗ ਹੈ। ਇਸ ਤੋਂ ਮੁਕਤੀ ਲਈ ਜ਼ਰੂਰੀ ਹੈ ਕਿ ਜਮਾਤੀ ਜੱਦੋਜਹਿਦ ਨੂੰ ਹੋਰ ਵੱਧ ਤੇਜ ਕੀਤਾ ਜਾਵੇ। ਡੀਟੀਐਫ ਦੇ ਭੁਪਿੰਦਰ ਵੜੈਚ ਨੇ ਸਿੱਖਿਆ ਦਾ ਬਜਾਰੀਕਰਨ, ਵਪਾਰੀਕਰਨ ਤੇ ਭਗਵਾਂਕਰਨ ਕਰਨ ਵਾਲੀਆਂ ਸਰਕਾਰੀ ਨੀਤੀਆਂ ਦਾ ਵਿਰੋਧ ਕੀਤਾ ਨਾਲ ਹੀ ਸਮਾਜ ਜਬਰ ਵਿਰੁੱਧ ਮਹਿਲਕਲਾਂ ਦੀ ਧਰਤੀ ਉੱਤੇ ਚੱਲ ਰਹੀ ਜੱਦੋਜਹਿਦ ਵਿੱਚ ਲਗਾਤਾਰ ਯੋਗਦਾਨ ਪਾਉਂਦੇ ਰਹਿਣ ਦਾ ਵਾਅਦਾ ਕੀਤਾ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਸੂਬੇ ਦਾ ਦਰਮਿਆਨਾ ਤੇ ਗਰੀਬ ਕਿਸਾਨ ਕਰਜੇ, ਖੁਦਕਸ਼ੀਆਂ, ਬੇਰੁਜਗਾਰੀ, ਬਿਮਾਰੀਆਂ, ਅਨਪੜ੍ਹਤਾ ਤੇ ਮਾਨਸਿਕ ਪ੍ਰੇਸ਼ਾਨੀਆਂ 'ਚ ਦਿਨ ਕੱਟ ਰਿਹਾ ਹੈ। ਕਿਸਾਨਾਂ ਦੀ ਮੁਕਤੀ ਲਈ ਕਿਸਾਨ ਲਹਿਰ ਨੂੰ ਮਜ਼ਬੂਤ ਕਰਦਿਆਂ ਚੇਤੰਨ ਤੇ ਜੁਝਾਰੂ ਸੰਗਰਾਮ ਛੇੜਣ ਦੀ ਲੋੜ ਹੈ। ਆਮ ਆਦਮੀ ਪਾਰਟੀ ਵੱਲੋਂ ਅਬਜਿੰਦਰ ਸਿੰਘ ਸੰਘਾ ਨੇ ਸਰਕਾਰਾਂ ਵੱਲੋਂ ਕੀਤੇ ਰਹੇ ਜਬਰ ਤਸ਼ੱਦਦ ਦੀ ਨਿਖੇਧੀ ਕਰਦਿਆਂ ਪਾਰਟੀ ਵੱਲੋਂ ਮਹਿਲਕਲਾਂ ਦੇ ਲੋਕ ਸੰਘਰਸ ਹਰ ਪੱਖ ਤੋਂ ਸਹਿਯੋਗ ਕਰਨ ਦਾ ਵਾਅਦਾ ਕੀਤਾ। ਅਧਿਆਪਕ ਦਲ ਪੰਜਾਬ ਦੇ ਜਨਰਲ ਸਕੱਤਰ ਹਰਜੀਤ ਸਿੰਘ ਨੇ ਸਮਾਜਿਕ ਜਬਰ ਖਾਸ ਕਰ ਔਰਤਾਂ ਉੱਤੇ ਜਬਰ ਦੇ ਵਰਤਾਰੇ ਉੱਪਰ ਚਿੰਤਾ ਕਰਦਿਆਂ ਇਸ ਵਰਤਾਰੇ ਨੂੰ ਨੱਥ ਪਾਉਣ ਲਈ ਮਹਿਲਕਲਾਂ ਵਾਂਗ ਸਾਂਝੇ ਵਿਸ਼ਾਲ ਸੰਘਰਸ਼ਾਂ ਦੀ ਲੋੜ'ਤੇ ਜੋਰ ਦਿੱਤਾ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਧੰਨਾ ਮੱਲ ਨੇ ਕਿਹਾ ਕਿ ਜਦੋਂ ਸਰਕਾਰ ਕਿਰਤੀ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਪ੍ਰਦਾਨ ਗਰੀਬ ਮੱਧਵਰਗੀ ਪੇਂਡੂ ਡਾਕਟਰਾਂ ਨੂੰ ਨਵੀਆਂ ਨੀਤੀਆਂ ਦੇ ਉਜਾੜਨ ਦੇ ਰਾਹ ਪਈ ਹੋਈ ਹੈ ਤਾਂ ਸਮਾਜਿਕ ਜਬਰ ਵੀ ਸਾਰੇ ਹੱਦਾਂ ਬੰਨੇ ਪਾਰ ਕਰ ਰਿਹਾ ਹੈ । ਇਸ ਲਈ ਸਾਂਝੇ ਸੰਘਰਸ਼ਾਂ ਨੂੰ ਸਹੀ ਬੁਨਿਆਦ ਰਾਹੀਂ ਅੱਗੇ ਵਧਾਇਆ ਜਾਵੇ।ਟੀ.ਐੱਸ.ਯੂ. ਦੇ ਸਰਕਲ ਆਗੂ ਗੁਰਦੇਵ ਸਿੰਘ ਨੇ ਨਿੱਜੀਕਰਨ, ਨਿਗਮੀਕਰਨ ਦੀਆਂ ਨੀਤੀਆਂ ਵਿਰੁੱਧ ਆਪਣੀ ਤਬਕਾਤੀ ਮੰਗਾਂ ਲਈ ਚੱਲ ਰਹੇ ਸੰਘਰਸ਼ ਦੀ ਗੱਲ ਕਰਦਿਆਂ ਕਿਹਾ ਕਿ ਹਾਕਮਾਂ ਦਾ ਹੱਲਾ ਵੱਡਾ ਹੈ। ਇਸ ਹੱਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਸੰਘਰਸ਼ਾਂ ਦਾ ਘੇਰਾ ਵਿਸ਼ਾਲ ਕਰਦਿਆਂ ਇਸ ਨੂੰ ਤੇਜ ਕਰਨਾ ਪਵੇਗਾ। ਐਕਸ਼ਨ ਕਮੇਟੀ ਦੇ ਆਗੂ ਨਰਾਇਣ ਦੱਤ, ਮਨਜੀਤ ਧਨੇਰ, ਕੁਲਵੰਤ ਰਾਏ ਨੇ ਸਾਂਝੇ ਸੰਬੋਧਨ 'ਚ ਕਿਹਾ ਕਿ ਅੱਜ ਔਰਤ ਸਮੇਤ ਦੇਸ਼ ਦਾ ਹਰ ਕਿਰਤੀ ਤਬਕਾ ਘੋਰ ਤੰਗੀਆਂ-ਤੁਰਸ਼ੀਆਂ 'ਚ ਕਰਾਹ ਰਿਹਾ ਹੈ ਤੇ ਗੁਲਾਮੀ ਦੀ ਜੂਨ ਭੋਗ ਰਿਹਾ ਹੈ। ਇਸ ਗੁਲਾਮੀ ਤੋਂ ਮੁਕਤੀ ਲਈ ਕਿਰਤੀ ਲੋਕਾਂ ਨੂੰ ਮਹਿਲਕਲਾਂ ਦੇ ਇਸ ਸਾਂਝੇ ਲੋਕ ਘੋਲ ਤੋਂ ਪ੍ਰੇਰਨਾ ਹਾਸਲ ਕਰਦਿਆਂ ਲੋਕ ਜੱਦੋਜਹਿਦ ਨੂੰ ਚੇਤੰਨ ਤੇ ਲਾਮਬੰਦ ਕੀਤਾ ਜਾਣਾ ਅਤੀ ਜਰੂਰੀ ਹੈ। ਐਕਸ਼ਨ ਕਮੇਟੀ ਵੱਲੋਂ ਵਿਦਿਆਰਥੀ ਸੰਘਰਸ਼ 'ਚ ਜੇਲ੍ਹ ਕੱਟਣ ਤੇ ਆਪਣੀ ਜਿੰਦਗੀ ਇਨਕਲਾਬ ਦੇ ਲੇਖੇ ਲਾਉਣ ਵਾਲੀ ਬਹਾਦਰ ਲੜਕੀ ਹਰਦੀਪ ਕੌਰ ਕੋਟਲਾ ਨੂੰ ਸਨਮਾਨਿਤ ਕੀਤਾ ਗਿਆ।ਇਹ ਸਨਮਾਨ ਸਮੁੱਚੀ ਐਕਸ਼ਨ ਕਮੇਟੀ ਵੱਲੋਂ ਤੇ ਇਸ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਔਰਤ ਆਗੂਆਂ ਐਕਸ਼ਨ ਕਮੇਟੀ ਦੇ ਕਨਵੀਨਰ ਰਹੇ ਮਰਹੂਮ ਆਗੂ ਸਾਥੀ ਭਗਵੰਤ ਸਿੰਘ ਦੀ ਜੀਵਨ ਸਾਥਣ ਭੈਣ ਪ੍ਰੇਮਪਾਲ ਕੌਰ, ਅਮਰਜੀਤ ਕੌਰ, ਪਰਮਜੀਤ ਕੌਰ ਜੋਧਪੁਰ, ਬਰਿੰਦਰ ਕੌਰ, ਪਰਮਜੀਤ ਕੌਰ ਸ਼ਹਿਣਾ ਦੇ ਸਹਿਯੋਗ ਨਾਲ ਦਿੱਤਾ ਗਿਆ।ਹਰਦੀਪ ਕੌਰ ਕੋਟਲਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਔਰਤ ਜਮਾਤ ਦੀ ਮੁਕਤੀ ਲਈ ਉਨ੍ਹਾਂ ਨੂੰ ਖੁਦ ਅਪਣੇ ਹੱਕਾਂ ਲਈ ਸਭ ਤਰ੍ਹਾਂ ਦੀਆਂ ਰੁਕਾਵਟਾਂ ਤੋੜਕੇ ਅੱਗੇ ਆਉਣਾ ਚਾਹੀਦਾ ਹੈ। ਇਸ ਸਮੇਂ ਐਕਸ਼ਨ ਕਮੇਟੀ ਵੱਲੋਂ ਮਨਜੀਤ ਧਨੇਰ ਦੀ ਸਜਾ ਰੱਦ ਕਰਨ, ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲਕਲਾਂ ਦਾ ਨਾਮ ਬਦਲੀ ਕਰਨ ਵਿਰੁੱਧ ਸਰਕਾਰ ਦੀ ਸ਼ਹਿ ਪ੍ਰਾਪਤ ਗੁੰਡਾ ਟੋਲੇ ਨੂੰ ਚਿਤਾਵਨੀ,ਸਾਜਿਸ਼ਾਂ ਰਚਣ ਵਾਲਿਆਂ ਨਾਲ ਲੋਕ ਤਾਕਤ ਦੇ ਆਸਰੇ ਕਰੜੇ ਹੱਥੀਂ ਨਜਿੱਠਣ ਦਾ ਫੈਸਲਾ,ਵਿੱਦਿਆ ਦਾ ਭਗਵਾਂਕਰਨ/ ਬਜਾਰੀਕਰਨ/ਵਿਸ਼ਵ ਵਪਾਰ ਸੰਸਥਾ ਦੇ ਹਵਾਲੇ ਕਰਨ ਵਿਰੁੱਧ, ਔਰਤਾਂ ਖਾਸ ਕਰ ਦਲਿਤ ਪ੍ਰੀਵਾਰ ਦੀਆਂ ਔਰਤਾਂ ਉਪਰ ਜਬਰ ਨੂੰ ਠੱਲ੍ਹਣ, ਨਸ਼ਾਖੋਰੀ ਤੇ ਲੱਚਰ-ਲੋਟੂ ਸੱਭਿਆਚਾਰ ਬੰਦ ਕਰਨ, ਕਿਸਾਨ ਆਗੂ ਸ਼ਹੀਦ ਸਾਧੂ ਸਿੰਘ ਤਖਤੂਪੁਰਾ ਦੇ ਕਾਤਲਾਂ ਨੂੰ ਅਦਾਲਤ ਵੱਲੋਂ ਬਰੀ ਕਰਨ ਵਿਰੁੱਧ, ਅਬਾਦਕਾਰ ਕਿਸਾਨਾਂ ਦੀਆਂ ਜਮੀਨਾਂ ਉੱਪਰ ਸਰਕਾਰ ਦੀ ਸ਼ਹਿ ਪ੍ਰਾਪਤ ਭੌਂ ਮਾਫੀਏ ਵੱਲੋਂ ਜਬਰੀ ਕਬਜੇ ਕਰਕੇ ਉਜਾੜਨ ਵਿਰੁੱਧ, ਸੰਘਰਸ਼ ਦੀ ਅਗਵਾਈ ਕਰ ਰਹੇ ਬੀ. ਕੇ. ਯੂ. ਏਕਤਾ ਡਕੌਂਦਾ ਦੇ 26 ਕਿਸਾਨਾਂ ਉੱਪਰ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਪਰਚੇ ਦਰਜ ਕਰਕੇ ਜੇਲ੍ਹੀਂ ਡੱਕਣ ਵਿਰੁੱਧ, ਬਿਜਲੀ ਬੋਰਡ ਦੇ ਨਿੱਜੀਕਰਨ/ ਨਿਗਮੀਕਰਨ ਵਿਰੁੱਧ ਸੰਘਰਸ਼ ਕਰ ਰਹੇ ਪਟਿਆਲਾ ਸਰਕਲ ਦੇ ਦੋ ਆਗੂਆਂ ਨੂੰ ਅਦਾਲਤੀ ਫੈਸਲੇ ਦੇ ਲੰਗੜੇ ਬਹਾਨੇ ਤਹਿਤ ਡਿਸਮਿਸ ਕਰਨ, ਪੰਜ ਆਗੂਆਂ ਦੀ ਪੈਨਸ਼ਨ ਵਿੱਚ 30 ਪ੍ਰਤੀਸ਼ਤ ਕਟੌਤੀ ਕਰਨ ਵਿਰੁੱਧ, ਕੇਂਦਰੀ ਹਕੂਮਤ ਵੱਲੋਂ ਕਿਸਾਨਾਂ ਦੀ ਜਬਰੀ ਜਮੀਨ ਹਥਿਆਉਣ ਵਾਲਾ "ਭੂਮੀ ਅਧਿਗ੍ਰਹਿਣ ਬਿੱਲ" ਰੱਦ ਕਰਨ, ਸੰਘਰਸ਼ ਕਰਨ ਵਾਲੇ ਤਬਕਿਆਂ ਉੱਪਰ ਪੰਜਾਬ ਸਰਕਾਰ ਵੱਲੋਂ ਮੜੀ ਅਣਐਲਾਨੀ ਐਮਰਜੈਂਸੀ ਵਿਰੁੱਧ, ਦਰਜ ਝੂਠੇ ਪੁਲਿਸ ਕੇਸ ਵਾਪਸ ਲੈਣ, ਕਿਰਤ ਕਾਨੂੰਨਾਂ ਵਿਰੁੱਧ ਕੀਤੀਆਂ ਜਾ ਰਹੀਆਂ ਕਿਰਤੀਆਂ ਵਿਰੋਧੀ ਸੋਧਾਂ ਵਾਪਸ ਲੈਣ, ਵੱਖ-ਵੱਖ ਤਬਕਿਆਂ ਦੇ ਚੱਲ ਰਹੇ ਹੱਕੀ ਅਤੇ ਜਾਇਜ ਸੰਘਰਸ਼ਾਂ ਦੀ ਡਟਵੀਂ ਹਮਾਇਤ ਕਰਨ ਦੇ ਮਤੇ ਪਾਸ ਕੀਤੇ ਗਏ। ਬੁਲਾਰਿਆਂ ਤੇ ਹਜ਼ਾਰਾਂ ਦੇ ਲੋਕ ਇਕੱਠ ਨੇ ਕਿਰਨਜੀਤ ਕੌਰ ਨੂੰ ਸ਼ਰਧਾਂਜਲੀ ਦਿੰਦਿਆਂ ਮਨਜੀਤ ਧਨੇਰ ਦੀ ਸਜਾ ਰੱਦ ਕਰਨ ਦੀ ਜੋਰਦਾਰ ਮੰਗ ਕੀਤੀ। ਇਸ ਸਮੇ ਆਜਾਦ ਰੰਗ ਮੰਚ ਬਰਨਾਲਾ (ਰਣਜੀਤ ਭੋਤਨਾ) ਦੀ ਨਾਟਕ ਟੀਮ ਵੱਲੋਂ ਖੂਬਸੂਰਤ ਕੋਰਿਓਗ੍ਰਾਫੀ "ਗੁਜਰਾਤ ਕਾ ਮੰਜਰ", ਚੇਤਨਾ ਕਲਾ ਕੇਂਦਰ ਬਰਨਾਲਾ (ਹਰਵਿੰਦਰ ਦੀਵਾਨਾ) ਦੀ ਟੀਮ ਵੱਲੋਂ ਕੋਰਿਓਗ੍ਰਾਫੀ "ਅੰਬਰਾਂ ਨੂੰ ਉਡ ਚੱਲੀਏ" ਅਤੇ ਪੀਪਲਜ ਥੀਏਟਰ ਲਹਿਰਾਗਾਗਾ (ਸੈਮੂਅਲ) ਦੀ ਨਾਟਕ ਟੀਮ ਵੱਲੋਂ ਨਾਟਕ "ਕਹਾਣੀ ਚੰਦ ਸਿੰਘ ਦੀ" ਪੇਸ਼ ਕੀਤਾ ਗਿਆ। ਜੁਗਰਾਜ ਧੌਲਾ, ਜਗਦੇਵ ਭੁਪਾਲ ਤੇ ਅਜਮੇਰ ਅਕਲੀਆ,ਰਾਮ ਸਿੰਘ ਹਠੂਰ ਨੇ ਇਨਕਲਾਬੀ ਗੀਤ ਪੇਸ਼ ਕੀਤੇ।ਇਸ ਸਮੇਂ ਗੁਰਦੇਵ ਸਹਿਜੜਾ, ਅਮਰਜੀਤ ਕੁੱਕੂ, ਮਲਕੀਤ ਸਿੰਘ ਵਜੀਦਕੇ,ਪ੍ਰੇਮ ਕੁਮਾਰ,ਜਰਨੈਲ ਸਿੰਘ,ਨਿਹਾਲ ਸਿੰਘ,ਮਲਕੀਤ ਸਿੰਘ ਮਹਿਲਕਲਾਂ,ਪ੍ਰੀਤਮ ਦਰਦੀ,ਸੁਰਿੰਦਰ ਸਿੰਘ, ਗੁਰਜੰਟ ਸਿੰਘ ਆਦਿ ਆਗੂ ਹਾਜ਼ਰ ਸਨ। ਅਗਾਂਹਵਧੂ ਕਿਤਾਬਾਂ ਦੀਆਂ ਡੇਢ ਦਰਜਨ ਦੇ ਕਰੀਬ ਸਟਾਲਾਂ ਲੱਗੀਆਂ ਹੋਈਆਂ ਸਨ। ਸਟੇਜ ਸਕੱਤਰ ਦੀ ਅਹਿਮ ਭੂਮਿਕਾ ਮਨਜੀਤ ਧਨੇਰ ਤੇ ਮਾ. ਗੁਰਦੇਵ ਸਿੰਘ ਨੇ ਨਿਭਾਈ।

# ਜਮਹੂਰੀ ਅਧਿਕਾਰ ਸਭਾ ਵਲੋਂ ਮਨੁੱਖੀ ਅਧਿਕਾਰ ਕਾਰਕੁਨ ਨੂੰ ਝੂਠੇ ਕੇਸ ਵਿਚ ਫਸਾਉਣ ਦੀ ਨਿਖੇਧੀ

ਇਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ ਅਤੇ ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਉੜੀਸਾ ਦੇ ਮਲਕਾਨਗਿਰੀ ਜ਼ਿਲ੍ਹੇ ਦੀ ਪੁਲਿਸ ਵਲੋਂ ਲੇਖਕ, ਫਿਲਮਸਾਜ਼ ਅਤੇ ਮਨੁੱਖੀ ਹੱਕਾਂ ਦੀ ਜਥੇਬੰਦੀ ਗਣਤੰਤਰਿਕ ਅਧਿਕਾਰ ਸੁਰੱਖਸ਼ਾ ਸੰਮਤੀ (ਉੜੀਸਾ) ਦੇ ਆਗੂ ਦੇਬਾ ਰੰਜਨ ਨੂੰ ਝੂਠੇ ਕੇਸ 'ਚ ਫਸਾਉਣ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਸ਼੍ਰੀ ਰੰਜਨ ਦੇਸ਼ ਦੇ ਹੋਰ ਵੱਖ-ਵੱਖ ਹਿੱਸਿਆਂ ਵਿਚ ਵਿਕਾਸ ਦੇ ਨਾਂ ਹੇਠ ਤਬਾਹੀ ਮਚਾ ਰਹੇ ਆਰਥਕ ਮਾਡਲ, ਬੇਲਗਾਮ ਖਣਨ, ਉਜਾੜੇ, ਪੁਲਿਸ ਵਲੋਂ ਦਲਿਤਾਂ, ਔਰਤਾਂ ਅਤੇ ਆਦਿਵਾਸੀਆਂ ਉਪਰ ਢਾਹੇ ਜਾਂਦੇ ਜ਼ੁਲਮਾਂ, ਹਿੰਦੂਤਵੀ ਹਮਲਿਆਂ ਅਤੇ ਤਿੱਖੇ ਜ਼ਰੱਈ ਸੰਕਟ ਕਾਰਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਮੁੱਦੇ ਉਪਰ ਲਗਾਤਾਰ ਆਵਾਜ਼ ਉਠਾ ਰਹੇ ਹਨ ਅਤੇ ਇਨ੍ਹਾਂ ਨੀਤੀਆਂ ਦਾ ਅਸਲ ਚਿਹਰਾ ਸਾਹਮਣੇ ਲਿਆ ਰਹੇ ਹਨ। ਹੁਣੇ ਜਹੇ ਉਹ ਕੋਰਾਪਟ ਜ਼ਿਲ੍ਹੇ ਦੇ ਇਕ ਆਦਿਵਾਸੀ ਕਿਸਾਨ ਨੂੰ ਗੋਲੀ ਮਾਰਕੇ ਬੇਰਹਿਮੀ ਨਾਲ ਮਾਰ ਦੇਣ ਲਈ ਬੀ. ਐੱਸ. ਐੱਫ. ਨੂੰ ਕਟਹਿਰੇ ਵਿਚ ਖੜ੍ਹਾਉਣ ਵਿਚ ਕਾਮਯਾਬ ਹੋਏ। ਉਨ੍ਹਾਂ ਨੇ ਕੇ. ਬਾਲਾਗੋਪਾਲ ਵਰਗੇ ਚੋਟੀ ਦੇ ਮਨੁੱਖੀ ਅਧਿਕਾਰ ਕਾਰਕੁੰਨਾਂ ਨਾਲ ਮਿਲਕੇ ਕੰਧਮਲ ਅਤੇ ਕਰਨਾਟਕਾ ਦੇ ਈਸਾਈਆਂ ਉਪਰ ਹਮਲਿਆਂ ਅਤੇ ਦੱਖਣੀ ਛੱਤੀਸਗੜ੍ਹ ਵਿਚ ਨੀਮ-ਫ਼ੌਜੀ ਤਾਕਤਾਂ ਵਲੋਂ ਆਮ ਲੋਕਾਂ ਦੇ ਕਤਲੇਆਮ ਬਾਰੇ ਤੱਥ ਖੋਜ ਮੁਹਿੰਮਾਂ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਮੁੱਦਿਆਂ ਨੂੰ ਬੇਥਾਹ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀਆਂ ਉਨ੍ਹਾਂ ਦੀਆਂ ਫਿਲਮਾਂ ਵੱਖ-ਵੱਖਰੇ ਸੂਬਿਆਂ ਅਤੇ ਕੌਮਾਂਤਰੀ ਮੰਚਾਂ ਉਪਰ ਦਿਖਾਈਆਂ ਜਾ ਚੁੱਕੀਆਂ ਹਨ। ਸਭਾ ਦੇ ਆਗੂਆਂ ਨੇ ਮੰਗ ਕੀਤੀ ਕਿ ਵਿਰੋਧ ਦੀ ਆਵਾਜ਼ ਨੂੰ ਦਬਾਉਣ ਲਈ ਹਕੂਮਤ ਅਜਿਹੇ ਘਟੀਆ ਹੱਥਕੰਡੇ ਵਰਤਣੇ ਬੰਦ ਕਰੇ ਅਤੇ ਪੁਲਿਸ ਸ਼੍ਰੀ ਦੇਬਾ ਨੂੰ ਤੰਗ-ਪ੍ਰੇਸ਼ਾਨ ਕਰਨਾ ਬੰਦ ਕਰੇ।

# ਡਾ. ਟੀ. ਕਾਵੂਰ ਨੂੰ ਯਾਦ ਕਰਦਿਆਂ



**ਜਸਵੰਤ ਜੀਰਖ**

ਅਜਿਹੇ ਲੋਕ ਬਹੁਤ ਘੱਟ ਪੈਦਾ ਹੁੰਦੇ ਹਨ ਜੋ ਸਮਾਜ ਦੀਆਂ ਗੁੰਝਲਦਾਰ ਸਮੱਸਿਆਵਾਂ ਦੇ ਹੱਲ ਲਈ ਨਵੀਂ ਰੌਸ਼ਨੀ ਪੈਦਾ ਕਰਦੇ ਹਨ। ਡਾ. ਟੀ. ਕਾਵੂਰ ਜਿਨ੍ਹਾਂ ਦਾ ਪੂਰਾ ਨਾਮ ਡਾ. ਅਬਰਾਹਮ ਥੌਮਸ ਕਾਵੂਰ ਸੀ, ਨੇ ਪਛੜੇ ਮੁਲਕਾਂ ਦੇ ਲੋਕਾਂ ਨੂੰ ਇਕ ਅਜਿਹਾ ਨਜ਼ਰੀਆ ਮੁਹੱਈਆ ਕੀਤਾ ਜਿਸ ਰਾਹੀਂ ਉਹ ਆਪਣੀ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੀਤੇ ਜਾ ਰਹੇ ਬੇਲੋੜੇ ਕਰਮ-ਕਾਂਡਾਂ ਤੋਂ ਮੁਕਤ ਹੋ ਸਕਦੇ ਹਨ। ਉਨ੍ਹਾਂ ਨੇ ਜ਼ਿੰਦਗੀ ਭਰ ਲੋਕਾਂ ਨੂੰ ਅੰਧਵਿਸ਼ਵਾਸਾਂ, ਦੇਵ ਪੁਰਸ਼ਾਂ, ਚਮਤਕਾਰ ਵਿਖਾਉਣ ਵਾਲਿਆਂ, ਭੂਤਾਂ ਕੱਢਣ ਵਾਲਿਆਂ ਅਤੇ ਜੋਤਸ਼ੀਆਂ ਆਦਿ ਦੀ ਅਸਲੀਅਤ ਆਮ ਲੋਕਾਂ ਸਾਹਮਣੇ ਨੰਗੀ ਕਰਕੇ ਇਹ ਸਿੱਧ ਕਰਦੇ ਸਨ ਕਿ ਇਨ੍ਹਾਂ ਪਿਛੇ ਕੋਈ ਵੀ ਗੈਬੀ ਸ਼ਕਤੀ ਕੰਮ ਨਹੀਂ ਕਰਦੀ। ਅੱਜ ਵੀ ਭਾਰਤ ਵਰਗੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਮੁਲਕ ਦੇ 95% ਤੋਂ ਵੀ ਵੱਧ ਲੋਕ ਆਪਣੀਆਂ ਘਰੇਲੂ ਸਮੱਸਿਆਵਾਂ ਦੇ ਹੱਲ ਲਈ ਅਜਿਹੇ ਅਖੌਤੀ ਚਮਤਕਾਰੀ ਬਾਬਿਆਂ, ਸੁਆਮੀਆਂ ਬਗੈਰਾ ਦੇ ਪਿਛੇ ਲੱਗਕੇ ਜਿਥੇ ਆਪਣੀ ਖੂਨ ਪਸੀਨੇ ਦੀ ਕਮਾਈ ਲੁਟਾ ਰਹੇ ਹਨ, ਉਥੇ ਸਮੇਂ ਦੀ ਬਰਬਾਦੀ ਅਤੇ ਮਾਨਸਿਕ ਤੌਰ 'ਤੇ ਬਿਮਾਰ ਹੋ ਕੇ ਆਪਣੀਆਂ ਸਮੱਸਿਆਵਾਂ ਵਿਚ ਹੋਰ ਵਾਧਾ ਕਰ ਰਹੇ ਹਨ।

ਡਾ. ਟੀ. ਕਾਵੂਰ ਦੇ ਪਿਤਾ ਇਕ ਗਿਰਜੇ ਦੇ ਪੁਜਾਰੀ ਸਨ, ਜਿਨ੍ਹਾਂ ਦੇ ਘਰ ਉਨ੍ਹਾਂ 10 ਅਪ੍ਰੈਲ 1897 ਨੂੰ ਕੇਰਲਾ ਦੇ ਸ਼ਹਿਰ ਤਿਰੂਵਾਲਾ ਵਿਖੇ ਜਨਮ ਲਿਆ। ਆਪਣੀ ਮੁਢਲੀ ਪੜ੍ਹਾਈ ਵੀ ਉਨ੍ਹਾਂ ਇਥੇ ਹੀ ਆਪਣੇ ਪਿਤਾ ਦੁਆਰਾ ਘਰ ਵਿਚ ਹੀ ਚਲਾਏ ਜਾ ਰਹੇ ਸਕੂਲ 'ਚੋਂ ਕੀਤੀ। ਉਸ ਤੋਂ ਬਾਅਦ ਆਪਣੇ ਛੋਟੇ ਭਰਾ ਨਾਲ ਉਚ ਵਿਦਿਆ ਪ੍ਰਾਪਤ ਕਰਨ ਲਈ ਕਲਕੱਤੇ ਵਿਚ ਚੰਗੀ ਮੁਹਾਰਤ ਹਾਸਲ ਕੀਤੀ। ਉਨ੍ਹਾਂ ਇਕ ਮਨੋਚਕਿਸਤਕ ਦੇ ਤੌਰ 'ਤੇ ਦੁਨੀਆ ਭਰ ਵਿਚ ਪ੍ਰਸਿੱਧ ਪ੍ਰਾਪਤ ਕੀਤੀ ਅਤੇ ਹਰ ਤਰ੍ਹਾਂ ਦੇ ਅੰਧ ਵਿਸ਼ਵਾਸਾਂ ਨੂੰ ਵਿਗਿਆਨਕ ਤਰਕਸ਼ੀਲ ਨਜ਼ਰੀਏ ਰਾਹੀਂ ਭਾਂਜ ਦੇ ਕੇ ਇਕ ਨਵੀਂ ਰੌਸ਼ਨੀ ਦੁਆਰਾ ਅੰਧ ਵਿਸ਼ਵਾਸਾਂ ਨੂੰ ਚਕਨਾਚੂਰ ਕੀਤਾ। ਉਹ ਸ੍ਰੀਲੰਕਾ ਵਿਚ ਤਰਕਸ਼ੀਲ ਵਿਦਵਾਨਾਂ ਦੀ ਜਥੇਬੰਦੀ ਦੇ ਪ੍ਰਧਾਨ ਸਨ।

ਜ਼ਿੰਦਗੀ 'ਚ ਅੱਗੇ ਵਧਣ ਲਈ ਉਨ੍ਹਾਂ ਅਧਿਆਪਕ ਦਾ ਕਿੱਤਾ ਅਪਣਾਇਆ। ਕਾਲਜ ਵਿਚ ਵਿਦਿਆਰਥੀਆਂ ਨੂੰ ਬਨਸਪਤੀ ਵਿਗਿਆਨ ਪੜ੍ਹਾਉਣ ਦੇ ਨਾਲ ਇਕ ਸਾਲ ਉਨ੍ਹਾਂ ਨੂੰ ਬਾਈਬਲ ਪੜ੍ਹਾਉਣ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ। ਨਤੀਜਾ ਆਉਣ ਸਮੇਂ ਉਨ੍ਹਾਂ ਦੇ ਸਾਰੇ ਵਿਦਿਆਰਥੀ ਬਾਈਬਲ ਵਿਚੋਂ ਬਹੁਤ ਚੰਗੇ ਨੰਬਰ ਲੈ ਕੇ ਪਾਸ ਹੋਏ ਪਰ ਅਗਲੇ ਸਾਲ ਕਾਲਜ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਬਾਈਬਲ ਦਾ ਵਿਸ਼ਾ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ। ਜਦੋਂ ਡਾ. ਕਾਵੂਰ ਨੇ ਕਾਲਜ ਪ੍ਰਿੰਸੀਪਲ ਪਾਸੋਂ ਇਸ ਕਾਰਨ ਪੁੱਛਿਆ ਗਿਆ ਤਾਂ ਪ੍ਰਿੰਸੀਪਲ ਨੇ ਮੁਸਕਰਾਕੇ ਜਵਾਬ ਦਿੱਤਾ-"ਡਾ. ਕਾਵੂਰ ਮੈਂ ਜਾਣਦਾ ਹਾਂ ਕਿ ਤੂੰ ਬਾਈਬਲ ਦਾ ਵਧੀਆ ਨਤੀਜਾ ਕੱਢਿਆ ਹੈ, ਪ੍ਰੰਤੂ ਤੁਹਾਡੇ ਸਾਰੇ ਵਿਦਿਆਰਥੀਆਂ ਦਾ ਧਰਮ ਵਿਚੋਂ ਵਿਸ਼ਵਾਸ ਉਠ ਗਿਆ ਹੈ।"


ਉਹ ਮਨੋਚਕਿਸਤਕਾਂ ਵਿਚੋਂ ਦੁਨੀਆ ਭਰ 'ਚ ਕੇਵਲ ਇਕੋ ਇਕ ਪਹਿਲਾ ਵਿਅਕਤੀ ਸੀ ਜਿਸ ਨੂੰ ਇਸ ਤਰ੍ਹਾਂ ਦੀ ਖੋਜ ਕਰਨ ਬਦਲੇ ਪੀ.ਐਚ.ਡੀ. ਦੀ ਡਿਗਰੀ ਮਿਲੀ। ਉਨ੍ਹਾਂ ਆਪਣੀ ਖੋਜ ਬਾਰੇ ਖੁਦ ਲਿਖਿਆ ਹੈ ਕਿ "ਮੇਰੀ ਖੋਜ ਨੇ ਮੈਨੂੰ ਇਸ ਸੱਚਾਈ ਦਾ ਅਹਿਸਾਸ ਕਰਵਾਇਆ ਹੈ ਕਿ ਲਾਈਲੱਗ ਵਿਅਕਤੀਆਂ ਵਿਚ ਅਜਿਹੇ ਵਹਿਮਾਂ ਅਤੇ ਵਿਸ਼ਵਾਸਾਂ ਦੀਆਂ ਜੜ੍ਹਾਂ ਰਹੱਸਮਈ ਵਿਅਕਤੀਆਂ ਅਤੇ ਸ਼ੈਤਾਨਾਂ ਨੇ ਲਗਾਈਆਂ ਹਨ, ਕਿਉਂਕਿ ਉਨ੍ਹਾਂ ਦੀ ਆਮਦਨ ਦਾ ਸਾਧਨ ਅਜਿਹੇ ਲਾਈਲਗ ਲੋਕਾਂ ਦੇ ਵਿਸ਼ਵਾਸ ਹੀ ਹਨ। ਪੂਜਾ, ਪ੍ਰਾਰਥਨਾ, ਭੇਟਾ ਅਤੇ ਬਲੀ ਦਾ ਅਸਰ ਤਾਂ ਅੰਧਵਿਸ਼ਵਾਸੀ ਲੋਕਾਂ ਤੇ ਮਨੋਵਿਗਿਆਨਕ ਤੌਰ 'ਤੇ ਹੁੰਦਾ ਹੈ। ਵੱਧ ਮਾਨਸਿਕ ਬੀਮਾਰੀਆਂ ਦਾ ਕਾਰਨ ਤਾਂ ਦੇਵਤਿਆਂ ਅਤੇ ਸ਼ੈਤਾਨਾਂ ਦਾ ਲਾਈਲੱਗ ਲੋਕਾਂ ਵਿਚ, ਅਖੌਤੀ ਪਵਿੱਤਰ ਵਸਤੂਆਂ ਦੀ ਅਪਵਿੱਤਰਤਾ ਅਤੇ ਉਲੰਘਣਾ ਬਾਰੇ ਪੈਦਾ ਕੀਤਾ ਹੋਇਆ ਡਰ ਹੀ ਹੈ।"

ਡਾ. ਕਾਵੂਰ ਨੇ ਲਿਖਿਆ ਹੈ ਕਿ "ਮੇਰੇ ਬਚਪਨ ਸਮੇਂ ਇਹ ਭੈੜੇ ਡਰ ਪ੍ਰੇਤਾਂ, ਟੂਣਿਆਂ, ਦੇਵਤਿਆਂ ਦੀ ਨਰਾਜ਼ਗੀ ਨਰਕ, ਰਾਖਸ਼ਿਸ਼ਾਂ ਅਤੇ ਸਰਾਪਾਂ ਆਦਿ ਬਾਰੇ ਸਨ। ਯੂਨੀਵਰਸਿਟੀ ਦੇ ਦਿਨਾਂ ਤੋਂ ਮੇਰੀ ਤਰਕਸ਼ੀਲ ਸੋਚ ਅਤੇ ਲੜੀਬੱਧ ਖੋਜ ਨੇ ਮੇਰੇ ਦਿਮਾਗ ਵਿਚ ਅਨੇਕਾਂ ਧਾਰਮਿਕ ਸਾਖੀਆਂ, ਗੁੱਝੀਆਂ ਪੈਗੰਬਰੀ ਭਵਿੱਖ ਬਾਣੀਆਂ, 'ਅਮਰ ਆਤਮਾਵਾਂ' ਅਤੇ ਚਮਤਕਾਰ ਕਰਨ ਵਾਲਿਆਂ ਦੇ ਦਾਅਵਿਆਂ ਪ੍ਰਤੀ ਕਿੰਤੂ ਪੈਦਾ ਕੀਤਾ।" "ਉਹ ਮਾਮਲੇ, ਉਹ ਸੈਂਕੜੇ ਭੂਤਾਂ ਦੇ ਘਰ ਅਤੇ ਪ੍ਰੇਤ ਆਤਮਾਵਾਂ, ਜਿਨ੍ਹਾਂ ਦੀ ਮੈਂ ਖੋਜ ਕੀਤੀ ਹੈ, ਹਰੇਕ ਵਿਚ ਮੈਂ ਕਿਸੇ ਨਾ ਕਿਸੇ ਮਨੁੱਖੀ ਏਜੰਟ ਨੂੰ ਇਨ੍ਹਾਂ ਅਜੀਬ ਘਟਨਾਵਾਂ ਕਰਨ ਦਾ ਜ਼ਿੰਮੇਵਾਰ ਪਾਇਆ ਹੈ। ਮੈਂ ਬਹੁਤ ਸਾਰੇ ਮਾਨਸਿਕ ਰੋਗੀਆਂ ਨੂੰ ਜਿਨ੍ਹਾਂ ਵਿਚ ਪ੍ਰੇਤ ਆਉਂਦੇ ਸਨ, ਠੀਕ ਕੀਤਾ ਹੈ। ਮੈਂ ਉਨ੍ਹਾਂ ਦਾ ਇਲਾਜ ਉਨ੍ਹਾਂ ਵਿਚੋਂ ਪ੍ਰੇਤਾਂ ਨੂੰ ਕੱਢਕੇ ਨਹੀਂ ਕੀਤਾ, ਸਗੋਂ ਹਿਪਨੋਟਾਈਜ਼ ਕਰਕੇ ਉਨ੍ਹਾਂ ਦੇ ਦਿਮਾਗ ਵਿਚੋਂ ਗਲਤ ਵਿਚਾਰਾਂ ਨੂੰ ਦੂਰ ਕਰਕੇ ਕੀਤਾ ਹੈ। ਮੇਰਾ ਅਨੁਭਵ ਹੈ ਕਿ ਕੁਝ ਧਾਰਮਿਕ ਪੁਜਾਰੀਆਂ ਜਾਂ ਸਾਧਾਂ ਸੰਤਾਂ ਨੂੰ ਸੰਯੋਗਵਸ ਜਿਹੜੀਆਂ ਸਫ਼ਲਤਾਵਾਂ ਮਿਲਦੀਆਂ ਹਨ, ਉਹ ਕੇਵਲ ਪੂਜਾ, ਪ੍ਰਾਰਥਨਾਵਾਂ ਜਾਂ ਮੰਤਰਾਂ ਦੇ ਰੋਗੀਆਂ ਦੇ ਮਨਾਂ ਉਤੇ ਹਿਪਨੋਟਿਜ਼ਮ ਦੇ ਪ੍ਰਭਾਵ ਕਰਕੇ ਹੀ ਪ੍ਰਾਪਤ ਹੁੰਦੀਆਂ ਹਨ, ਭੋਲੇ ਭਾਲੇ ਲੋਕ ਇਨ੍ਹਾਂ ਇਲਾਜਾਂ ਨੂੰ ਭੂਤ ਪ੍ਰੇਤ ਕੱਢਣ ਵਾਲਿਆਂ ਰਾਹੀਂ ਦੇਵੀ ਦੇਵਤਿਆਂ ਨਾਲ ਜੋੜ ਦਿੰਦੇ ਹਨ।"

ਡਾ. ਟੀ. ਕਾਵੂਰ ਨੇ ਆਪਣੀ ਕਿਤਾਬ Begone Godman ਜਿਸ ਦੇ 'ਤੇ ਦੇਵ ਪੁਰਸ਼ ਹਾਰ ਗਏ' ਪੰਜਾਬੀ ਅਨੁਵਾਦ ਉਪਰੰਤ ਤਰਕਸ਼ੀਲ ਸੁਸਾਇਟੀ ਪੰਜਾਬ ਹੋਂਦ ਵਿਚ ਆਈ ਹੈ, ਵਿਚ ਅਨੇਕਾਂ ਅਜਿਹੇ ਕੇਸਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦੌਰਾਨ ਉਨ੍ਹਾਂ ਵੱਖ-ਵੱਖ ਤਰ੍ਹਾਂ ਦੀਆਂ ਗੈਬੀ ਸ਼ਕਤੀਆਂ ਦੇ ਦਾਅਵੇਦਾਰਾਂ ਦੇ ਪਰਦੇਫਾਸ਼ ਕੀਤੇ ਹਨ। ਉਹ ਲਿਖਦੇ ਹਨ ਕਿ "ਮੈਂ ਪ੍ਰੇਤ ਘਰਾਂ ਵਿਚ ਸੁੱਤਾ ਹਾਂ।" ਮੈਂ ਅਤੇ ਮੇਰੀ ਪਤਨੀ, ਅੱਧੀਆਂ ਰਾਤਾਂ ਨੂੰ ਪ੍ਰੇਤਾਂ ਦੀ ਖੋਜ ਵਿਚ ਕਬਰਸਤਾਨ ਵਿਚ ਗਏ ਹਾਂ। ਮੈਂ ਰਾਤ ਨੂੰ ਕਨਾਟਾ ਦੇ ਕਬਰਸਤਾਨ ਤੋਂ ਲੰਕਾ ਰੇਡੀਓ ਤੋਂ ਬੋਲਿਆ ਹਾਂ। ਭਾਵੇਂ ਅਸੀਂ ਉਥੇ ਕਦੇ ਵੀ ਭੂਤ ਨਹੀਂ ਵੇਖੇ, ਫਿਰ ਵੀ ਜੇਕਰ ਸਾਨੂੰ ਉਥੇ ਕੁਝ ਲੋਕਾਂ ਨੇ ਅਜੀਬ-ਅਜੀਬ ਅਵਾਜ਼ਾਂ ਕੱਢਕੇ ਡਰਾਇਆ ਹੁੰਦਾ ਤਾਂ ਸਾਨੂੰ ਗੰਭੀਰ ਮਾਨਸਿਕ ਸਦਮੇ ਪਹੁੰਚਣੇ ਸੀ, ਕਿਉਂਕਿ ਭੂਤਾਂ ਦੀ ਮੌਜੂਦਗੀ ਬਾਰੇ ਵਿਚਾਰ ਸਾਡੇ ਸੁਚੇਤ ਮਨਾਂ ਵਿਚੋਂ ਤਾਂ ਨਿਕਲ ਚੁੱਕੇ ਸਨ, ਪ੍ਰੰਤੂ ਸਾਡੇ ਅਚੇਤ ਮਨਾਂ ਵਿਚ ਅਜੇ ਵੀ ਇਹ ਛੁਪੇ ਹੋਏ ਹਨ। ਦੂਜੇ ਪਾਸੇ ਸਾਡਾ ਪੁੱਤਰ, ਜਿਹੜਾ ਪ੍ਰੇਤਾਂ, ਸ਼ੈਤਾਨਾਂ ਅਤੇ ਦੇਵਤਿਆਂ ਦੇ ਡਰ ਤੋਂ ਬਗੈਰ ਪਲਿਆ ਹੈ, ਹੋ ਸਕਦਾ ਹੈ ਉਹ ਅਜਿਹੇ ਸਦਮਿਆਂ ਤੋਂ ਨਾ ਡਰੇ।"

ਉਨ੍ਹਾਂ ਨੇ ਪ੍ਰਚਲਤ ਵਹਿਮਾਂ-ਭਰਮਾਂ ਅਤੇ ਅੰਧ ਵਿਸ਼ਵਾਸਾਂ ਨੂੰ ਪਹਿਲਾਂ ਆਪਣੀ ਖੁਦ ਦੀ ਜ਼ਿੰਦਗੀ ਵਿਚ ਲਾਗੂ ਕਰਕੇ ਪਰਖਿਆ। ਉਨ੍ਹਾਂ ਦੋ ਸਾਲ ਹੱਥ ਵਿਦਿਆ ਅਤੇ ਜੋਤਿਸ਼ ਬਾਰੇ ਸਿੱਖਿਆ ਜਿਸ ਬਾਰੇ ਆਪਣਾ ਨਿਰਣਾ ਦਿੰਦਿਆਂ ਉਨ੍ਹਾਂ ਕਿਹਾ ਕਿ "ਇਸ ਪੜ੍ਹਾਈ ਨੇ ਮੈਨੂੰ ਇਸ ਦੇ ਵਿਅਰਥ ਹੋਣ ਦੀ ਖੋਜ ਵਿਚ ਸਹਾਇਤਾ ਦਿੱਤੀ ਹੈ।" "ਮੈਂ ਆਪਣੀ ਜ਼ਿੰਦਗੀ ਦੇ ਜ਼ਰੂਰੀ ਕਾਰਜਾਂ ਨੂੰ ਅਸ਼ੁੱਭ ਦਿਨਾਂ ਅਤੇ ਬੁਰੇ ਸ਼ਗਨਾਂ ਨਾਲ ਸ਼ੁਰੂ ਕੀਤਾ ਹੈ ਅਤੇ ਇਨ੍ਹਾਂ ਵਿਚਾਰਾਂ ਨੂੰ ਗਲਤ ਸਿੱਧ ਕੀਤਾ ਹੈ।" ਉਹ ਦੱਸਦੇ ਹਨ ਕਿ "ਮੇਰੇ ਮਾਤਾ ਜੀ ਬਹੁਤ ਦਿਨ ਇਸ ਕਰਕੇ ਰੋਂਦੇ ਰਹੇ, ਕਿਉਂਕਿ ਮੈਂ ਆਪਣੇ ਵਿਆਹ ਸਮੇਂ ਤੁਰਨ ਲੱਗਿਆਂ ਪਹਿਲਾਂ ਖੱਬਾ ਪੈਰ ਘਰੋਂ ਬਾਹਰ ਰੱਖਿਆ। ਪਾਮਾਲਕਾਂਡਾ ਲੋਕ ਕਲੰਬੋ -6 ਵਿਖੇ, ਮੈਂ ਆਪਣੀ ਕੋਠੀ 'ਤਿਰੂਵਾਲਾ' ਦਾ ਨੀਂਹ ਪੱਥਰ ਠੇਕੇਦਾਰ ਅਤੇ ਮਜ਼ਦੂਰਾਂ ਦੀ ਮਰਜ਼ੀ ਦੇ ਵਿਰੁੱਧ ਅਸ਼ੁਭ ਦਿਨ ਤੇ ਰੱਖਿਆ। ਉਹ ਲਿਖਦੇ ਹਨ ਕਿ ਸਾਡੇ ਵਿਚੋਂ ਲਗਭਗ ਹਰ ਕੋਈ ਹੇਠ ਲਿਖੀਆਂ ਗੱਲਾਂ ਵਿਚ ਵਿਸ਼ਵਾਸ ਕਰਦਾ ਹੈ :-ਜਿਵੇਂ ਕਿ ਸ਼ੁੱਭ ਸਮਾਂ, ਲੱਕੀ ਨੰਬਰ, ਸ਼ਗਨ, ਬੁਰੀ ਨਜ਼ਰ, ਕਿਸਮਤੀ ਰੰਗ, ਕਿਸਮਤੀ ਹੀਰੇ, ਕਾਲੀ ਜ਼ੁਬਾਨ, ਟੂਟੇ, ਜੋਤਿਸ਼, ਹੱਥ ਰੇਖਾ, ਸ਼ੈਤਾਨ ਵਿਦਿਆ, ਰੂਹਾਨੀ ਸ਼ਕਤੀ, ਹਵਾ ਵਿਚੋਂ ਚੀਜ਼ਾਂ ਫੜਨੀਆਂ, ਪ੍ਰਾਰਥਨਾਵਾਂ ਦੀਆਂ ਚਮਤਕਾਰੀ ਸ਼ਕਤੀਆਂ, ਪੂਜਾ, ਮੰਤਰ, ਬਲੀ, ਧਾਰਮਿਕ ਯਾਤਰਾਵਾਂ, ਦੇਵਤਿਆਂ ਨੂੰ ਭੇਟਾ, ਪਵਿੱਤਰ ਰਾਖ, ਪਵਿੱਤਰ ਅਸਥਾਨ, ਪਵਿੱਤਰ ਸਮਾਂ, ਟੈਲੀ ਪੈਥੀ, ਕੁੱਤੇ ਦਾ ਕੰਨ ਮਾਰਨਾ ਆਦਿ ਅਤੇ ਹੋਰ ਸਾਰੇ ਵਹਿਮ। ਪਰ ਇਹ ਸਭ ਵਿਅਰਥ ਦੀਆਂ ਗੱਲਾਂ ਹਨ ਜਿਨ੍ਹਾਂ ਦਾ ਸਾਡੀ ਜ਼ਿੰਦਗੀ ਦੇ ਕਿਸੇ ਕੰਮ 'ਤੇ ਕੋਈ ਮਾੜਾ ਚੰਗਾ ਪ੍ਰਭਾਵ ਨਹੀਂ ਪੈਂਦਾ। ਲਾਈਲੱਗ ਲੋਕਾਂ ਦੀ ਮਾਨਸਿਕਤਾ ਇਤਨੀ ਕਮਜ਼ੋਰ ਹੁੰਦੀ ਹੈ ਕਿ ਉਹ ਇਨ੍ਹਾਂ ਵਹਿਮਾਂ ਦੀ ਖੱਟਿਆ ਖਾਣ ਵਾਲੇ ਸ਼ੈਤਾਨਾਂ ਦੀ ਚੁੰਗਲ ਵਿਚ ਸੌਖਿਆਂ ਹੀ ਫਸ ਜਾਂਦੇ ਹਨ।

ਜਦੋਂ ਡਾ. ਕਾਵੂਰ ਨੇ ਅਜਿਹੇ ਸ਼ੈਤਾਨ ਧਾਰਮਿਕ ਪੁਜਾਰੀਆਂ, ਅਖੌਤੀ ਸਿਆਣਿਆਂ, ਜੋਤਸ਼ੀਆਂ, ਕਿਸਮਤ ਦੇਖਣ ਵਾਲਿਆਂ, ਟੈਲੀ ਪੈਥੀ ਵਾਲਿਆਂ ਅਤੇ ਆਪਣੇ ਵਿਚ ਕਿਸੇ ਗੈਬੀ ਸ਼ਕਤੀ ਦਾ ਦਾਅਵਾ ਕਰਨ ਵਾਲਿਆਂ ਆਦਿ ਵਿਰੁੱਧ ਲਿਖਣੇ ਤੇ ਪ੍ਰਚਾਰਨਾ ਸ਼ੁਰੂ ਕੀਤਾ ਤਾਂ ਅਜਿਹੇ ਦਾਅਵੇਦਾਰਾਂ ਦੇ ਢਿੱਡੀਂ ਪੀੜ ਹੋਣੀ ਸੁਭਾਵਿਕ ਹੀ ਸੀ, ਜਿਸ ਕਰਕੇ ਉਨ੍ਹਾਂ ਡਾ. ਕਾਵੂਰ ਦੀ ਵਿਚਾਰਧਾਰਾ ਖਿਲਾਫ਼ ਰੋਸ ਪ੍ਰਗਟ ਵੀ ਕੀਤੇ।



ਆਖਰਕਾਰ ਇਨ੍ਹਾਂ ਪਾਖੰਡੀਆਂ ਦੇ ਧੋਖਿਆਂ ਅਤੇ ਗੱਪਾਂ ਨੂੰ ਡਾ. ਕਾਵੂਰ ਨੇ ਇਸ ਚੁਣੌਤੀ ਦੁਆਰਾ ਨੰਗਾ ਕੀਤਾ ਕਿ ਉਹ ਆਪਣੇ ਕਿਸੇ ਵੀ ਚਮਤਕਾਰ ਨੂੰ ਅਜਿਹੀਆਂ ਹਾਲਤਾਂ ਵਿਚ ਸਿੱਧ ਕਰਕੇ ਵਿਖਾਉਣ ਜਿਥੇ ਧੋਖਾ ਨਾ ਹੋ ਸਕਦਾ ਹੋਵੇ। ਅਜਿਹੇ ਲੋਕਾਂ ਲਈ ਡਾ. ਕਾਵੂਰ ਵਲੋਂ ਜੂਨ 1963 ਵਿਚ ਇਕ ਇਨਾਮ ਵੀ ਘੋਸ਼ਿਤ ਕਰ ਦਿੱਤਾ, ਜਿਸ ਅਨੁਸਾਰ 1000/- ਰੁ. ਤੋਂ 25000/- ਰੁ. ਤੱਕ ਦੀ ਕੋਈ ਵੀ ਰਕਮ ਜਮ੍ਹਾਂ ਕਰਵਾਕੇ ਓਨਾ ਹੀ ਇਨਾਮ ਜਿੱਤਿਆ ਜਾ ਸਕਦਾ ਸੀ। ਇਹ ਇਨਾਮ ਸੀਲਬੰਦ ਲਿਫਾਫ਼ੇ ਵਿਚ ਰੱਖੇ ਨੋਟ ਦਾ ਲੜੀ ਨੰਬਰ ਦੱਸਣ ਬਾਰੇ ਸੀ, ਜੋ ਆਪਣੇ ਵਿਚ ਟੈਲੀਪੈਥੀ ਦੀ ਸ਼ਕਤੀ ਹੋਣ ਦਾ ਦਾਅਵਾ ਕਰਦੇ ਸਨ। 1965 ਵਿਚ ਇਸ ਸ਼ਰਤ ਨੂੰ ਵਧਾਕੇ 75000/- ਰੁ. ਕਰ ਦਿੱਤਾ ਗਿਆ ਤਾਂ ਜੋ ਚਮਤਕਾਰੀ ਅਖਵਾਉਣ ਵਾਲਾ ਆਦਮੀ ਬਾਹਰਲੇ ਦੇਸ਼ਾਂ ਤੋਂ ਕੋਲੰਬੋ ਆ ਕੇ ਹਵਾਈ ਜਹਾਜ਼ ਦੇ ਕਿਰਾਏ ਸਮੇਤ, ਵੱਡਾ ਲਾਭ ਪ੍ਰਾਪਤ ਕਰ ਸਕਣ। ਰੂਹ ਪ੍ਰਸਤਾਂ ਨੂੰ ਚੁਣੌਤੀ ਦਿੱਤੀ ਕਿ ਉਨ੍ਹਾਂ ਨੂੰ 5000/- ਰੁਪਏ ਦਾ ਇਨਾਮ ਦਿੱਤਾ ਜਾਵੇਗਾ ਜੇ ਉਹ ਅਜਿਹਾ ਭੂਤ/ਪ੍ਰੇਤ ਪੈਦਾ ਕਰ ਸਕਨ ਜਿਸ ਦੀ ਫੋਟੋ ਖਿੱਚੀ ਜਾ ਸਕਦੀ ਹੋਵੇ। ਜੋਤਸ਼ੀਆਂ ਨੂੰ 1000/- ਰੁ. ਦਾ ਇਨਾਮ ਰੱਖ ਦਿੱਤਾ ਗਿਆ ਜੋ ਕਿਸੇ ਵਿਅਕਤੀ ਦੇ ਹੱਥਾਂ ਦੀਆਂ ਰੇਖਾਵਾਂ ਵੇਖ ਕੇ ਉਸ ਦੀ ਜ਼ਿੰਦਗੀ ਬਾਰੇ ਸੱਚ ਦੱਸ ਦੇਣ। ਉਨ੍ਹਾਂ ਲਈ 5% ਗਲਤੀ ਮੁਆਫ਼ ਕਰਨ ਦਾ ਵੀ ਐਲਾਨ ਕੀਤਾ ਗਿਆ।

ਕਿਉਂਕਿ ਭਾਰਤ ਹਿੰਦੂਆਂ ਦੀ ਬਹੁਗਿਣਤੀ ਵਾਲਾ ਦੇਸ਼ ਹੈ ਜੋ ਜ਼ਿੰਦਗੀ ਦੀ ਹਰ ਗੱਲ ਜੋਤਸ਼ੀਆਂ ਦੀ ਸਲਾਹ ਨਾਲ ਕਰਦੇ ਹਨ। ਇਸ ਬਾਰੇ ਦੋ ਭਾਰਤੀ ਅਖ਼ਬਾਰਾਂ ਨੇ ਡਾ. ਕਾਵੂਰ ਵਲੋਂ ਇਹ ਪਰਖ ਕਰਨ ਦੀ ਜ਼ਿੰਮੇਵਾਰੀ ਲਈ। ਉਨ੍ਹਾਂ ਨੇ ਪ੍ਰੋਫ਼ੈਸਰ ਬੀ. ਵੀ. ਰਮਨ ਸਮੇਤ ਜੋਤਿਸ਼ ਦੇ ਹੋਰ ਸੈਂਕੜੇ ਪ੍ਰੋਫ਼ੈਸਰਾਂ ਨੂੰ ਅਖ਼ਬਾਰਾਂ ਵਿਚੋਂ ਚੈਲੰਜ ਦੀਆਂ ਖ਼ਬਰਾਂ ਕੱਟਕੇ ਭੇਜੀਆਂ, ਪ੍ਰੰਤੂ ਇਕ ਵੀ ਜੋਤਸ਼ੀ 75/- ਰੁ. ਜਮ੍ਹਾਂ ਕਰਵਾਕੇ ਇਸ ਚੁਣੌਤੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੋਇਆ।

ਡਾ. ਟੀ. ਕਾਵੂਰ ਨੇ ਸਿਨਹਾਲੀ, ਤਾਮਿਲ ਤੇ ਅੰਗਰੇਜ਼ੀ ਅਖ਼ਬਾਰਾਂ ਰਾਹੀਂ ਤਿੰਨ ਮੌਕਿਆਂ 'ਤੇ ਜਾਦੂ-ਟੂਣੇ ਵਾਲਿਆਂ ਨੂੰ ਇਸ ਗੱਲ 'ਤੇ ਚੈਲੰਜ ਕੀਤਾ ਕਿ ਉਹ, ਉਨ੍ਹਾਂ ਨੂੰ ਜਾਦੂ ਟੂਣਿਆਂ ਰਾਹੀਂ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਮਾਰ ਦੇਣ। ਲਗਭਗ 50 ਟੂਣੇ ਇਸ ਸਬੰਧੀ ਉਨ੍ਹਾਂ ਨੂੰ ਡਾਕ ਰਾਹੀਂ ਪ੍ਰਾਪਤ ਹੋਏ, ਪਰ ਕਿਸੇ ਦਾ ਵੀ ਕੋਈ ਅਸਰ ਨਹੀਂ ਹੋਇਆ।

ਭਾਰਤ ਦੇ ਅਖੌਤੀ ਦੇਵ ਪੁਰਸ਼ਾਂ ਬਾਰੇ ਡਾ. ਕਾਵੂਰ ਲਿਖਦੇ ਹਨ ਕਿ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ ਇਹ ਲੋਕ ਆਪਣੇ ਪਿੰਡੇ ਤੇ ਸੁਆਹ ਮਲਕੇ ਸਮਾਧੀ ਲਾ ਕੇ ਬੈਠ ਜਾਂਦੇ ਸਨ ਅਤੇ ਲੋਕਾਂ ਨੂੰ ਧੋਖੇ ਨਾਲ ਲੁੱਟਦੇ ਸਨ। ਇਸ ਕੰਮ ਲਈ ਇਹ ਕਈ ਵਾਰ ਜਾਦੂ ਦੇ ਤਮਾਸ਼ੇ ਵੀ ਵਰਤ ਲੈਂਦੇ ਸਨ ਪ੍ਰੰਤੂ ਆਜ਼ਾਦੀ ਤੋਂ ਬਾਅਦ ਉਨ੍ਹਾਂ ਨੇ ਇਸ ਕੰਮ ਲਈ ਵਿਦੇਸ਼ ਵਿਚ ਜਾ ਕੇ ਨਵੀਆਂ ਥਾਵਾਂ ਨੂੰ ਲੱਭਣਾ ਸ਼ੁਰੂ ਕਰ ਦਿੱਤਾ, ਖਾਸ ਕਰਕੇ ਪੱਛਮੀ ਦੇਸ਼ਾਂ ਵਿਚ, ਜਿਥੇ ਭਾਰਤ ਨੂੰ ਝੂਠੀ 'ਅਧਿਆਤਮਿਕ' ਸ਼ੋਹਰਤ ਪ੍ਰਾਪਤ ਹੈ। ਅਜਿਹਾ ਵਿਅਕਤੀ ਜਿਸ ਨੇ ਚੋਗਾ ਪਹਿਨਿਆ ਹੋਵੇ ਤੇ ਭਾਰਤੀ ਹੋਵੇ, ਉਹ ਯੂਰਪ ਅਤੇ ਅਮਰੀਕਾ ਵਾਲਿਆਂ ਲਈ ਅਧਿਆਤਮਿਕ ਮਾਮਲਿਆਂ ਦਾ ਠੇਕੇਦਾਰ ਹੈ। ਭਾਰਤੀ ਦੇਵ ਪੁਰਸ਼ਾਂ ਵਿਚੋਂ ਕੁਝ ਅਜਿਹੇ ਪੱਛਮੀ ਦੇਸ਼ਾਂ ਵਿਚ ਗਏ, ਆਪਣੇ ਨਾਲ ਅਮਰੀਕਨ ਅਤੇ ਯੂਰਪੀਨ ਚੇਲੇ ਲੈ ਕੇ ਮੁੜੇ। ਇਸ ਗੱਲ ਨੇ ਭਾਰਤ ਦੇ ਚਲਾਕ ਆਦਮੀਆਂ ਨੂੰ ਨਵੇਂ ਭੇਸ ਧਾਰਕੇ ਅਤੇ ਨਵੇਂ ਨਾਂ ਰੱਖਕੇ, ਜਿਵੇਂ 'ਗੁਰੂ ਸਵਾਮੀ ਜੀ', ਮਹਾਤਮਾ, ਅਨੰਦ, ਬਾਬਾ, ਭਗਵਾਨ, ਯੋਗੀ ਅਤੇ ਮਹਾਰਾਜ ਆਦਿ ਬਾਹਰ ਜਾਣ ਲਈ ਉਤਸ਼ਾਹਿਤ ਕੀਤਾ। ਬਹੁਤਿਆਂ ਨੂੰ ਆਪਣੀ ਆਸ ਤੋਂ ਵੱਧ ਰੁਪਏ ਅਤੇ ਅਮੀਰ ਭਗਤ ਪ੍ਰਾਪਤ ਹੋਏ। ਇਹ ਹੁਣ ਇਕ ਲਾਹੇਵੰਦ ਵਪਾਰ ਬਣ ਗਿਆ ਹੈ ਅਤੇ ਇਹ 'ਦੇਵ ਪੁਰਸ਼' ਭਾਰਤ ਲਈ ਵਿਦੇਸ਼ੀ ਮੁਦਰਾ ਪ੍ਰਾਪਤ ਕਰਨ ਦਾ ਇਕ ਚੰਗਾ ਸੋਮਾ ਬਣ ਗਏ ਹਨ।

ਡਾ. ਕਾਵੂਰ ਅਨੁਸਾਰ ਸੱਤਿਆ, ਸ੍ਰੀ ਸਾਈਂ ਬਾਬਾ, ਨੀਲਕਾਂਡਾ ਬਾਬਾ, ਪਾਦਰੀ ਮਾਲਾਈ ਸਵਾਮੀਗਲ, ਆਚਾਰੀਆ, ਰਜਨੀਸ਼, ਗੁਰੂ ਦੇਵ ਮੁਕਤਾਨੰਦ, ਨਿਰਮਲਾ ਦੇਵੀ ਅਤੇ ਗੁਰੂ ਮਹਾਰਾਜ ਜੀ ਵਰਗੇ ਅਨੇਕਾਂ ਦੇਵ ਪੁਰਸ਼ਾਂ ਅਤੇ ਦੇਵ ਇਸਤਰੀਆਂ ਦੀਆਂ ਜਾਦੂ ਭਰੀਆਂ ਚਲਾਕੀਆਂ ਅਤੇ ਝੂਠੇ ਦਾਅਵੇ, ਸਿਰਫ਼ ਇਸ ਕਰਕੇ ਹੀ ਚਮਤਕਾਰ ਨਹੀਂ ਹੋਣਗੇ ਕਿਉਂਕਿ ਪੜਤਾਲ ਕਰੇ ਬਿਨਾਂ ਹੀ ਗਵਰਨਰ ਕੇ.ਕੇ.

ਸ਼ਾਹ ਦਾ ਡਾ. ਭਗਵੰਥਮ ਜਿਹੇ ਵਿਗਿਆਨੀ ਨੂੰ ਉਨ੍ਹਾਂ ਵਿਚ ਡੂੰਘਾ ਵਿਸ਼ਵਾਸ ਹੈ। ਉਨ੍ਹਾਂ ਦੀ ਇਹ ਗੱਲ ਵੀ ਬਿਲਕੁਲ ਠੀਕ ਹੈ ਕਿ ਜੋ ਸਾਇੰਸਦਾਨ ਜਾਂਚ ਪੜਤਾਲ ਦੇ ਦ੍ਰਿਸ਼ਟੀਕੋਣ ਤੋਂ ਦੂਰ ਹੈ, ਉਸਨੂੰ ਵਿਗਿਆਨੀ ਨਹੀਂ ਕਿਹਾ ਜਾ ਸਕਦਾ। ਕੋਈ ਵੀ ਸੱਚਾ ਵਿਗਿਆਨੀ, ਕਿਸੇ ਆਦਮੀ ਜਾਂ ਵਸਤੂ ਦੀ ਪਵਿੱਤਰਤਾ ਦੇ ਡਰ ਤੋਂ ਉਸ ਦੀ ਪੜਤਾਲ ਕਰਨ ਤੋਂ ਪਿਛੇ ਨਹੀਂ ਹਟਦਾ। ਉਨ੍ਹਾਂ ਵਲੋਂ ਕਿਹਾ ਇਹ ਵੀ 100% ਸੱਚ ਹੈ ਕਿ *''ਜਿਹੜਾ ਆਪਣੇ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ, ਉਹ ਫਰੇਬੀ ਹੈ ਜਿਸ ਵਿਚ ਚਮਤਕਾਰਾਂ ਦੀ ਪੜਤਾਲ ਕਰਨ ਦਾ ਹੌਸਲਾ ਨਹੀਂ ਹੁੰਦਾ, ਉਹ ਲਾਈਲੱਗ ਹੁੰਦਾ ਹੈ ਜਿਹੜਾ ਬਗੈਰ ਪੜਤਾਲ ਕਰਨ ਤੋਂ ਵਿਸ਼ਵਾਸ ਕਰਦਾ ਹੈ, ਉਹ ਮੂਰਖ ਹੁੰਦਾ ਹੈ।''*

ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਲੋਕ ਅਜਿਹੇ ਫਰੇਬੀਆਂ ਦੇ ਧੋਖਿਆਂ ਦਾ ਸ਼ਿਕਾਰ ਇੰਨੀ ਜਲਦੀ ਕਿਉਂ ਹੋ ਜਾਂਦੇ ਹਨ? ਇਸ ਦਾ ਕਾਰਨ, ਲੋਕਾਂ ਦਾ ਪਿਛਲੱਗ ਹੋਣਾ ਹੈ। ਜਦੋਂ ਦੋ ਤਿੰਨ ਆਦਮੀ ਕਿਸੇ 'ਦੇਵ ਪੁਰਸ਼' ਦੇ ਪੈਰੀਂ ਹੱਥ ਲਾਉਂਦੇ ਹਨ ਤਾਂ ਦੂਸਰੇ ਵੀ ਇੰਜ ਹੀ ਨਕਲ ਕਰਦੇ ਹਨ। ਇਨ੍ਹਾਂ ਨਕਲ ਕਰਨ ਵਾਲੇ ਲੋਕਾਂ ਵਿਚ ਸੋਚਣ ਸ਼ਕਤੀ ਅਤੇ ਤਰਕਸ਼ੀਲਤਾ ਦੀ ਘਾਟ ਹੁੰਦੀ ਹੈ। ਜੋ ਕੋਈ ਉਚੀ ਆਵਾਜ਼ ਵਿਚ 'ਹਰੇ ਹਰੇ' ਕਹਿੰਦਾ ਹੈ ਤਾਂ ਦੂਜੇ ਵੀ ਉਸੇ ਤਰ੍ਹਾਂ ਕੂਕਣ ਲੱਗ ਪੈਣਗੇ। ਰਾਜ ਸੱਤਾ 'ਤੇ ਕਾਬਜ਼ ਲੋਕ ਅਜਿਹੇ 'ਦੇਵ ਪੁਰਸ਼' ਨੂੰ ਅਕਸਰ ਹੀ ਉਤਸ਼ਾਹਿਤ ਕਰਦੇ ਹਨ ਜਿਸ ਸਦਕਾ ਇਨ੍ਹਾਂ ਦੇ ਡੇਰਿਆਂ 'ਤੇ ਲਗਾਤਾਰ ਲੋਕਾਂ ਦੀਆਂ ਭੀੜਾਂ ਵਿਚ ਵਾਧਾ ਹੋ ਰਿਹਾ ਹੈ। ਡਾ. ਕਾਵੂਰ ਦੇ ਸਾਥੀ ਬੀ. ਪ੍ਰੇਮਾਨੰਦ ਅਨੁਸਾਰ ਸੱਤਾ 'ਤੇ ਕਾਬਜ਼ ਰਾਜ ਕਰ ਰਹੀਆਂ ਤਾਕਤਾਂ ਨੇ ਹਮੇਸ਼ਾ ਪੁਜਾਰੀ ਵਰਗ ਨਾਲ ਰਲ ਕੇ ਲੋਕਾਂ ਨੂੰ ਅੰਧਵਿਸ਼ਵਾਸੀ ਤੇ ਕਿਸਮਤਵਾਦੀ ਬਣਾਇਆ ਹੈ। ਸੱਤਾ 'ਤੇ ਕਾਬਜ਼ ਰਹਿਣ ਲਈ ਉਨ੍ਹਾਂ ਇਹ ਗੱਲ ਬਹੁਤ ਜ਼ੋਰ ਦੇ ਕੇ ਪ੍ਰਚਾਰੀ ਹੈ ਕਿ ਆਦਮੀ ਦੇ ਹੱਥ ਵਸ ਕੁਝ ਨਹੀਂ ਹੁੰਦਾ, ਜੋ ਹੁੰਦਾ ਹੈ ਉਹ ਧੁਰੋਂ ਲਿਖੀਆਂ ਤਕਦੀਰਾਂ ਕਰਕੇ ਹੁੰਦਾ ਹੈ। ਦੂਜਰਾ ਕਾਰਨ ਹੈ ਜੀਵਨ ਵਿਚ ਆਉਣ ਵਾਲੀਆਂ ਸਮੱਸਿਆਵਾਂ। ਜਦੋਂ ਲੋਕਾਂ ਨੂੰ ਇਹ ਲਗਦਾ ਹੈ ਕਿ ਉਹ ਆਪਣੀਆਂ ਸਮੱਸਿਆਵਾਂ ਦਾ ਖੁਦ ਹੱਲ ਨਹੀਂ ਕਰ ਸਕਦੇ ਤੇ ਉਹ ਆਪਣੇ ਦਿਮਾਗਾਂ ਵਿਚ ਪਹਿਲਾਂ ਬਿਠਾਈ ਇਸ ਧਾਰਨਾ ਕਾਰਨ ਕਿ ਕੋਈ ਦੈਵੀ ਸ਼ਕਤੀ ਉਨ੍ਹਾਂ ਦੀ ਮਦਦ ਕਰੇਗੀ, ਨਾਲ ਹੀ ਅਖੌਤੀ ਬਾਬਿਆਂ ਤੇ ਧਰਮ ਗੁਰੂਆਂ ਵਲੋਂ ਕਰਾਏ ਗਏ ਇਸ ਕੂੜ ਪ੍ਰਚਾਰ ਕਾਰਨ ਕਿ ਉਹ ਹਰ ਬੀਮਾਰੀ ਨੂੰ ਠੀਕ ਕਰ ਸਕਦੇ ਹਨ ਤੇ ਉਨ੍ਹਾਂ ਕੋਲ ਹਰ ਸਮੱਸਿਆਵਾਂ ਦਾ ਹੱਲ ਹੈ। ਲੋਕੀਂ ਇਨ੍ਹਾਂ ਦੇ ਮਗਰ ਲਗਦੇ ਹਨ ਤੇ ਸੋਚਦੇ ਹਨ ਕਿ ਬਾਬਾ ਉਨ੍ਹਾਂ ਨੂੰ ਬਚਾ ਲਵੇਗਾ।

ਸੋ ਡਾ. ਇਬਰਾਹਿਮ ਟੀ. ਕਾਵੂਰ ਇਸ ਤਰ੍ਹਾਂ ਦੇ ਮੁੱਲਵਾਨ ਵਿਚਾਰ ਜੋ ਸਮਾਜ ਦੇ ਹਾਂਪੱਖੀ ਵਿਕਾਸ ਲਈ ਬੇਹੱਦ ਜ਼ਰੂਰੀ ਹਨ। ਡਾ. ਕਾਵੂਰ ਜੋ ਇਨ੍ਹਾਂ ਵਿਚਾਰਾਂ ਦਾ ਪਸਾਰਾ ਕਰਦੇ ਹੋਏ ਸਾਡੇ ਕੋਲੋਂ 18 ਸਤੰਬਰ, 1978 ਨੂੰ ਹਮੇਸ਼ਾ ਲਈ ਭਾਵੇਂ ਸਰੀਰਕ ਪੱਖੋਂ ਜੁਦਾ ਹੋ ਗਏ, ਪਰ ਉਨ੍ਹਾਂ ਦੇ ਅਨਮੁੱਲੇ ਅਤੇ ਹਨ੍ਹੇਰਿਆਂ ਨੂੰ ਰੁਸ਼ਨਾਉਂਦੇ ਵਿਚਾਰ ਹਮੇਸ਼ਾ ਹੀ ਅਗਾਂਹਵਧੂ ਲੋਕਾਂ ਲਈ ਅਗਵਾਈ ਕਰਦੇ ਰਹਿਣਗੇ। ਅੱਜ ਦੇ ਅਖੌਤੀ 'ਦੇਵ ਪੁਰਸ਼' ਦੇ ਕਾਰਨਾਮੇ ਭਾਵੇਂ ਵੱਡੀ ਪੱਧਰੀ 'ਤੇ ਲੋਕਾਂ ਸਾਹਮਣੇ ਨੰਗੇ ਹੋ ਰਹੇ ਹਨ, ਪਰ ਉਨ੍ਹਾਂ ਦੇ ਵੱਡੀ ਗਿਣਤੀ 'ਭਗਤਾਂ' ਨੂੰ ਡਾ. ਟੀ. ਕਾਵੂਰ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਸਮਝਾਉਣ ਦੀ ਬਹੁਤ ਵੱਡੀ ਲੋੜ ਹੈ, ਜੋ ਕਿ ਡਾ. ਕਾਵੂਰ ਲਈ ਸਭ ਤੋਂ ਵੱਡੀ ਸ਼ਰਧਾਂਜਲੀ ਹੈ।

98151-69825

## ਭੋਗ 'ਤੇ ਵਿਸ਼ੇਸ਼

# ਨੇਹਚਾਵਾਨ ਇਨਕਲਾਬੀ ਸ਼ਖਸ਼ੀਅਤ ਸਨ : ਸਾਥੀ ਕਰੋੜਾ ਸਿੰਘ

**ਯਸ਼ਪਾਲ**

ਬਿਜਲੀ ਮੁਲਾਜ਼ਮਾਂ ਦੀ ਜੁਝਾਰ ਜਥੇਬੰਦੀ ਟੀ.ਐਸ.ਯੂ.ਦੇ ਸਾਬਕਾ ਸੂਬਾ ਜਨਰਲ ਸਕੱਤਰ ਸਾਥੀ ਕਰੋੜਾ ਸਿੰਘ ਨਹੀ ਰਹੇ । ਇੱਕ ਅਗਸਤ 2015 ਸਵੇਰ ਨੂੰ ਪਿੱਤੇ ਤੇ ਜਿਗਰ ਦੀ ਚੰਦਰੀ ਬਿਮਾਰੀ ਕੈਂਸਰ ਨੇ ਉਹਨਾਂ ਨੂੰ ਸਾਥੋਂ ਖੋਹ ਲਿਆ ਹੈ । ਉਹਨਾਂ ਦੇ ਘਰ ਪਰਿਵਾਰ ਤੇ ਇਨਕਲਾਬੀ ਕਾਫਲੇ ਦੀਆਂ ਸਿਰ ਤੋੜ ਕੋਸ਼ਿਸ਼ਾਂ ਦੇ ਬਾਵਜੂਦ ਉਹਨਾਂ ਨੂੰ ਬਚਾਇਆ ਨਹੀਂ ਜਾ ਸਕਿਆ ਪਰ ਸਾਥੀ ਕਰੋੜਾ ਸਿੰਘ ਉਹਨਾਂ ਨਿਵੇਕਲਾ ਲੋਕ ਆਗੂਆਂ ਵਿੱਚੋਂ ਇੱਕ ਸਨ ਜਿਹੜੇ ਕਿ ਮਰਕੇ ਵੀ ਨਹੀਂ ਮਰਦੇ। ਸਗੋਂ ਆਪਣੇ ਵਿਚਾਰਾਂ ਤੇ ਕਾਰਨਾਮਿਆਂ ਸਦਕਾ ਸਦਾ ਜਿਉਂਦੇ ਰਹਿੰਦੇ ਹਨ। ਅਜਿਹੇ ਲੋਕ ਨਾ ਸਿਰਫ ਲੋਕਾਂ ਦੇ ਪਿਆਰ ਤੇ ਸਤਿਕਾਰ ਦਾ ਪਾਤਰ ਬਣੇ ਰਹਿੰਦੇ ਹਨ ਸਗੋਂ ਉਹਨਾਂ ਨੂੰ ਬਿਹਤਰ ਜਿੰਦਗੀ ਦੇ ਸੰਘਰਸ਼ ਤੇ ਝੰਜੋੜਦੇ ਵੀ ਰਹਿੰਦੇ ਹਨ। ਸਾਥੀ ਕਰੋੜਾ ਸਿੰਘ ਭਾਵੇਂ ਆਪਣੀ ਰਿਟਾਇਰਮੈਂਟ 2006 ਤੱਕ ਸਰਕਾਰੀ ਬਿਜਲੀ ਮੁਲਾਜਮ ਰਹੇ ਤੇ ਇਸਦੀ ਜੁਝਾਰ ਜਥੇਬੰਦੀ ਟੀ.ਐਸ.ਯੂ. ਦੇ ਸਾਧਾਰਨ ਵਰਕਰ ਤੋਂ ਲੈ ਕੇ ਸੂਬਾ ਜਨਰਲ ਸਕੱਤਰ ਤੱਕ ਦੇ ਵੱਖ-ਵੱਖ ਰੋਲਾਂ ਬਿਜਲੀ ਮੁਲਾਜ਼ਮਾਂ ਦੀ ਬਿਹਤਰੀ ਲਈ ਜੂਝਦੇ ਰਹੇ। ਪਰ ਉਹਨਾ ਦੀ ਸੋਚ ਤੇ ਸਰਗਰਮੀ ਦਾ ਘੇਰਾ ਨਿੱਜੀ ਨੌਕਰੀ ਤੇ ਬਿਜਲੀ ਮੁਲਾਜ਼ਮਾਂ ਦੇ ਹੱਕਾਂ ਲਈ ਸੰਘਰਸ਼ ਕਰਨ ਤੱਕ ਹੀ ਸੀਮਿਤ ਨਹੀਂ ਸੀ। ਉਹ ਤਾਂ ਦਰਅਸਲ ਇੱਕ ਨੇਹਚਾਵਾਨ ਇਨਕਲਾਬੀ ਸਨ। ਜਿਹੜੇ ਆਪਣੀ ਨਿੱਜੀ ਤੇ ਮਹਿਕਮੇ ਦੀਆਂ ਸਾਰੀਆਂ ਮੁਸ਼ਕਲਾਂ ਤੇ ਔਹਰਾਂ ਨੂੰ ਸਾਰੀ ਲਤਾੜੀ ਜਾਂਦੀ ਲੋਕਾਈ ਦੀਆਂ ਮੁਸ਼ਕਲਾਂ ਤੇ ਔਕੜਾਂ ਦਾ ਹਿੱਸਾ ਹੀ ਗਿਣਦੇ ਸਨ ਤੇ ਇੰਨਾਂ ਸਾਧਨਾਂ ਦੇ ਨਿਵਾਰਨ ਲਈ ਸਮਾਜ ਅੰਦਰ ਵੱਡੀਆਂ ਤਬਦੀਲੀਆਂ ਰਾਹੀਂ ਦੇਖਦੇ ਸਨ।

ਖੱਬੀ ਪਾਹ ਵਾਲੇ ਵਿਚਾਰਾਂ ਦੀ ਗੁੜਤੀ ਤਾਂ ਸਾਥੋਂ ਕਰੋੜਾ ਸਿੰਘ ਨੂੰ ਆਪਣੇ ਪਿਤਾ ਸਰਦਾਰ ਕਾਲਾ ਸਿੰਘ ਤੋਂ ਮਿਲੀ ਜਿਹੜੇ ਲੰਬੀ ਬਲਾਕ ਦੇ ਪਿੰਡ ਘੁਮਿਆਰਾਂ ਦੇ ਇੱਕ ਗਰੀਬ ਕਿਸਾਨ ਸਾਬਕਾ ਫੌਜੀ ਤੇ ਸੀ. ਪੀ. ਆਈ. ਨਾਲ ਜੁੜੇ ਹੋਏ ਖੱਬੇਪੱਖੀ ਵਿਚਾਰਾਂ ਵਾਲੇ ਲੋਕ-ਪੱਖੀ ਸਰਪੰਚ ਵੱਜੋਂ ਇਲਾਕੇ ਵਿੱਚ ਮਸ਼ਹੂਰ ਸਨ। ਸਕੂਲ ਕਾਲਜ ਤੇ ਆਈ.ਟੀ.ਆਈ.ਦੀ ਪੜਾਈ ਸਮੇਂ ਭਗਤ ਸਿੰਘ ਦੇ ਵਿਚਾਰਾਂ ਨੇ ਤੇ ਪ੍ਰਿਥੀਪਾਲ ਰੰਧਾਵਾ ਦੀ ਅਗਵਾਈ ਵਾਲੀ ਪੀ.ਐਸ.ਯੂ.ਦੀਆਂ ਸਰਗਰਮੀਆਂ ਨੇ ਉਹਨਾਂ ਦੀ ਇਨਕਲਾਬੀ ਨੇਹਚਾ ਨੂੰ ਹੋਰ ਸਾਣ ਤੇ ਲਾਇਆ ਤੇ ਅਮੋੜ ਝੁਕਾਅ 'ਚ ਬਦਲ ਦਿੱਤਾ। ਸਿੱਟੇ ਵੱਜੋਂ ਸਾਥੀ ਕਰੋੜਾ ਸਿੰਘ ਉਮਰ ਭਰ ਆਪ ਦੇ ਇਹਨਾਂ ਵਿਚਾਰਾਂ ਨੂੰ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਅੰਦਰ ਅਮਲੀ ਜਾਮਾਂ ਪਹਿਨਾਉਣ ਲਈ ਵੱਡੀ ਘਾਲਣਾ ਘਾਲਦੇ ਰਹੇ ।

ਬਿਜਲੀ ਮੁਲਾਜ਼ਮ ਮੁਹਾਜ ਤੇ ਜਿਥੇ ਉਹ ਵੱਖ-2 ਅਹੁਦਿਆਂ 'ਤੇ ਕੰਮ ਕਰਦਿਆਂ ਮੁਲਾਜ਼ਮਾਂ ਦੇ ਆਰਥਿਕ ਹਿੱਤਾਂ, ਕੰਮ ਦੀਆਂ ਬਿਹਤਰ ਹਾਲਤਾਂ ਤੇ ਉਹਨਾਂ ਦੇ ਟ੍ਰੇਡ ਯੂਨੀਅਨ ਜਮਹੂਰੀ ਅਧਿਕਾਰਾਂ ਲਈ ਮੂਹਰੇਲ ਸਫਾਂ 'ਚ ਅਗਵਾਈ ਦਿੰਦਾ ਰਿਹਾ, ਉੱਥੇ ਪੁਲਿਸ ਜਬਰ, ਗੁੰਡਾਗਰਦੀ ਤੇ ਜਗੀਰੂ ਧੌਂਸ ਵਿਰੁੱਧ ਘੋਲਾਂ ਵਿੱਚ ਮੂਹਰੇ ਹੋ ਕੇ ਜੂਝਦਾ ਰਿਹਾ। ਐਮਰਜੈਂਸੀ ਦੌਰਾਨ ਟੀ.ਐਸ.ਯੂ. ਨੂੰ ਮੁੜ ਜਥੇਬੰਦ ਕਰਨ ਉਸਨੇ ਅਮਰ ਲੰਬੀ ਨਾਲ ਮਿਲ ਕੇ ਮੋਹਰੀ ਰੋਲ ਨਿਭਾਇਆ। ਪਿਛੋਂ ਬਿਜਲੀ ਬੋਰਡ ਦੇ ਨਿੱਜੀਕਰਨ ਵਿਰੁੱਧ ਘੋਲ ਵਰਗੇ ਲੰਮੇ ਤੇ ਵੱਕਾਰੀ ਘੋਲਾਂ ਵਿੱਚ ਅਹਿਮ ਆਗੂ ਭੂਮਿਕਾ ਨਿਭਾਈ। ਸਿੱਟੇ ਵੱਜੋਂ ਕਈ ਝੂਠੇ ਕੇਸਾਂ 'ਚ ਮੜ੍ਹਿਆ ਰਿਹਾ, ਜੇਲ ਗਿਆ ਤੇ ਨੌਕਰੀ ਤੋਂ ਮੁਅੱਤਲੀ ਵੀ ਝੱਲਣੀ ਪਈ। ਪਰ ਸਾਰਾ ਕੁੱਝ ਖਿੜੇ ਮੱਥੇ ਪੂਰੇ ਸਿੱਦਕ ਤੇ ਸਿਰੜ ਨਾਲ ਝੱਲਿਆ। ਮੁਲਾਜ਼ਮ ਮੁਹਾਜ 'ਤੇ ਮੌਕਾਪ੍ਰਸਤ ਤੇ ਸਮਝੌਤਾ ਪ੍ਰਸਤ ਰੁਝਾਨਾ ਵਿਰੁੱਧ ਡੱਟਵੀਂ ਲੜਾਈ ਦਿੰਦਿਆਂ ਅਮਰ ਲੰਬੀ ਤੇ ਹੋਰ ਸਾਥੀਆਂ ਨਾਲ ਜੁੜ ਕੇ ਮੁਲਾਜ਼ਮ ਮੁਹਾਜ ਨੂੰ ਇਨਕਲਾਬੀ ਲੀਹਾਂ ਤੇ ਜਥੇਬੰਦ ਕਰਨ ਲਈ ਲੰਬੀ ਗਰੁੱਪ 'ਚ ਸ਼ਾਮਲ ਹੋ ਕੇ ਪੰਜਾਬ ਪੱਧਰ ਤੇ ਅਹਿਮ ਆਗੂ ਭੂਮਿਕਾ ਨਿਭਾਈ। ਸਿੱਟੇ ਵੱਜੋਂ ਮੁਲਾਜ਼ਮ ਲਹਿਰ ਨੂੰ ਆਰਥਕਵਾਦ,



ਕਾਨੂੰਨਵਾਦ ਦੀ ਦਲਦਲ 'ਚੋਂ ਕੱਢਕੇ ਦ੍ਰਿੜ, ਖਾੜਕੂ ਲੰਬੇ ਘੋਲਾਂ ਦੇ ਨਾਅਰੇ ਦੁਆਲੇ ਤੇ ਦੂਜੇ ਪਾਸੇ ਜਮਹੂਰੀ ਲੀਹਾਂ ਤੇ ਜਥੇਬੰਦ ਕਰਨ ਲਈ ਵੱਡੇ ਉੱਦਮ ਜੁਟਾਏ। ਇਸ ਲਈ ਇਨਕਲਾਬੀ ਸਮਝ ਨੂੰ ਬਿਜਲੀ ਮੁਹਾਜ 'ਤੇ ਅਮਲੀ ਜਾਮਾ ਪਹਿਨਾਉਣ ਲਈ ਸਾਥੀ ਅਮਰ ਲੰਬੀ ਨਾਲ ਮਿਲਕੇ ਬਿਜਲੀ ਮੁਲਾਜ਼ਮਾਂ 'ਚ ਇਨਕਲਾਬੀ ਜਮਹੂਰੀ ਫਰੰਟ ਜਥੇਬੰਦ ਕੀਤਾ ਤੇ ਇਸਦੇ ਸਿਰ ਤੇ ਖੇਤ ਮਜ਼ਦੂਰ, ਕਿਸਾਨਾਂ ਤੇ ਹੋਰ ਮੁਲਾਜ਼ਮ ਤਬਕਿਆਂ ਨਾਲ ਸਾਂਝੇ ਘੋਲਾਂ ਦੀਆਂ ਪ੍ਰਿਤਾਂ ਪਾਉਣ 'ਚ ਆਗੂ ਰੋਲ ਨਿਭਾਇਆ। 1978 ਵਿੱਚ ਬੇਰਜ਼ਗਾਰ ਅਧਿਆਪਕਾਂ ਦਾ ਘੋਲ, 1979 'ਚ ਵਿਦਿਆਰਥੀ ਆਗੂ ਰੰਧਾਵਾ ਦੇ ਕਤਲ ਵਿਰੋਧੀ ਘੋਲ 1980 'ਚ ਪੰਜਾਬ ਪੱਧਰਾ ਬੱਸ ਕਿਰਾਇਆ ਘੋਲ, ਅੱਤਵਾਦ ਦੇ ਕਾਲੇ ਦਿਨਾਂ ਵਿੱਚ ਦੋਮੂੰਹੀ ਦਹਿਸ਼ਤਗਰਦੀ ਵਿਰੁੱਧ ਜਾਨ ਹੂਲਵੇਂ ਸੰਘਰਸ਼ , ਸੰਨ 2000 ਵਿੱਚ ਜੈਠੂਕੇ ਦਾ ਬੱਸ ਕਿਰਾਇਆ ਘੋਲ, ਬਿਜਲੀ ਬੋਰਡ ਦੇ ਨਿੱਜੀਕਰਨ ਵਿਰੋਧੀ ਘੋਲ ਆਦਿ ਅਜਿਹੇ ਇਤਿਹਾਸਕ ਘੋਲਾਂ ਦੀਆਂ ਉਦਾਹਰਨਾਂ ਹਨ ਜਿੰਨਾਂ ਵਿੱਚ ਅਮਰ ਲੰਬੀ ਤੇ ਪਿੱਛੋਂ ਗੁਰਦਿਆਲ ਭੰਗਲ ਨਾਲ ਮਿਲਕੇ ਸਾਂਝੇ ਲੋਕ ਘੋਲਾਂ 'ਚ ਬਿਜਲੀ ਮੁਲਾਜ਼ਮਾਂ ਦੀ ਅਗਵਾਈ ਕਰਨ 'ਚ ਮਿਸ਼ਾਲੀ ਆਗੂ ਭੂਮਿਕਾ ਨਿਭਾਈ ।

ਇਨਕਲਾਬੀ ਵਿਚਾਰਾਂ ਦੇ ਪ੍ਰਚਾਰ, ਪ੍ਰਸਾਰ ਦੇ ਖੇਤਰ 'ਚ ਸਾਥੀ ਕਰੋੜਾ ਸਿੰਘ ਨੇ ਭਗਤ ਸਿੰਘ ਦੇ ਜਨਮ ਸ਼ਤਾਬਦੀ ਸਮਾਗਮ ਮੌਕੇ ਬਰਨਾਲਾ ਦੀ ਪੱਗੜੀ ਸੰਭਾਲ ਕਾਨਫਰੰਸ ਮੌਕੇ ਤੇ ਮੋਗਾ ਦੀ ਇਨਕਲਾਬ ਜਿੰਦਾਬਾਦ ਰੈਲੀ ਮੌਕੇ ਬਿਜਲੀ ਮੁਲਾਜ਼ਮਾਂ ਤੇ ਆਮ ਲੋਕਾਂ ਅੰਦਰ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਨੂੰ ਅਜੋਕੀ ਹਾਲਤ ਨਾਲ ਜੋੜ ਕੇ ਪ੍ਰਚਾਰਨ 'ਚ ਅਹਿਮ ਭੂਮਿਕਾ ਨਿਭਾਈ। ਉਸਨੇ ਉੱਘੇ ਨਾਟਕਕਾਰ ਗੁਰਸ਼ਰਨ ਸਿੰਘ ਦੇ ਇਨਕਲਾਬੀ ਨੇਹਚਾ ਸਨਮਾਨ ਸਮਾਰੋਹ ਤੇ ਪਿੱਛੋਂ ਅਜਮੇਰ ਸਿੰਘ ਔਲਖ ਦੇ ਸਨਮਾਨ ਸਮਾਰੋਹ ਮੌਕੇ ਇਹਨਾਂ ਸਮਾਗਮਾਂ ਦੀਆਂ ਸੰਚਾਲਕ ਕਮੇਟੀਆਂ 'ਚ ਸ਼ਾਮਲ ਹੋ ਕੇ ਵੱਡੀ ਆਗੂ ਭੂਮਿਕਾ ਨਿਭਾਈ ।

ਕਮਾਲ ਦੀ ਗੱਲ ਇਹ ਹੈ ਕਿ ਸੱਚੇ ਸਿੱਦਕਵਾਨ ਇਨਕਲਾਬੀ ਵਾਂਗ ਸਾਥੀ ਕਰੋੜਾ ਸਿੰਘ ਨੇ ਆਪਣੀ ਇਹ ਲੜਾਈ ਧੜੱਲੇ ਤੇ ਜੋਸ਼ ਨਾਲ ਜਾਰੀ ਰੱਖੀ ਹੈ ਤੇ ਹੁਣ ਵੀ ਬਿਜਲੀ ਕਾਮਿਆਂ ਦੇ ਇਨਕਲਾਬੀ ਜਮਹੂਰੀ ਫਰੰਟ ਦੇ ਸੂਬਾ ਕਨਵੀਨਰ ਚੱਲੇ ਆ ਰਹੇ ਸਨ, ਮੁਲਾਜ਼ਮਾਂ ਅੰਦਰ ਇਨਕਲਾਬੀ ਵਿਚਾਰਾਂ ਦੇ ਪ੍ਰਚਾਰ ਲਈ ਉਹ ਅੰਤਿਮ ਸਾਹਾਂ ਤੱਕ 'ਵਰਗ ਚੇਤਨਾ ਪਰਚੇ 'ਚ ਅਹਿਮ ਸੰਪਾਦਕੀ ਜਿੰਮੇਵਾਰੀਆਂ ਨਿਭਾਉਂਦੇ ਰਹੇ ਤੇ ਅੰਤਲੇ ਸਾਹਾਂ ਤੱਕ ਜੁਝਾਰ ਜਨਤਕ ਘੋਲਾਂ 'ਚ ਸ਼ਮੂਲੀਅਤ ਤੇ ਅਗਵਾਈ ਵਿੱਚ ਜੀ ਜਾਨ ਨਾਲ ਜੂਝਦੇ ਰਹੇ ਹਨ। ਅੱਜ ਜਦੋਂ ਸਾਮਰਾਜੀਆਂ ਕਾਰਪੋਰੇਟ ਘਰਾਣਿਆਂ ਤੇ ਜਾਗੀਰਦਾਰਾਂ ਪੱਖੀ ਸਰਕਾਰਾਂ ਵੱਲੋਂ ਮੁਲਾਜ਼ਮਾਂ ਅਤੇ ਲੋਕਾਂ ਉੱਥੇ ਚੁਤਰਫਾ ਹਮਲਾ ਤੇਜ਼ ਕੀਤਾ ਜਾ ਰਿਹਾ ਹੈ, ਜਦੋਂ ਇਹਨਾਂ ਹਕੂਮਤਾਂ ਵੱਲੋਂ ਨਿੱਜੀਕਰਨ, ਸੰਸਾਰੀਕਰਨ ਦੇ ਏਜੰਡੇ ਅੱਗੇ ਵਧਾਉਂਦੇ ਹੋਏ ਲੋਕਾਂ ਦੇ ਆਰਥਿਕ ਹਿੱਤਾਂ ਦਾ ਘਾਣ ਕੀਤਾ ਜਾ ਰਿਹਾ ਹੈ। ਜਲ, ਜੰਗਲ, ਜ਼ਮੀਨਾਂ, ਰੁਜਗਾਰ, ਵਿੱਦਿਆ, ਆਵਾਜਾਈ ਤੇ ਸਿਹਤ ਸੇਵਾਵਾਂ ਖੋਹੀਆਂ ਜਾ ਰਹੀਆਂ ਹਨ। ਜਮਹੂਰੀ ਹੱਕਾਂ ਤੇ ਸੰਘਰਸ਼ਾਂ ਦੇ ਗਲ ਘੁੱਟਣ ਲਈ ਜਾਬਰ ਰਾਜ ਮਸੀਦੇ ਦੰਦੇ ਆਏ ਰੋਜ਼ ਹੋਰ ਤਿੱਖੇ ਕੀਤੇ ਜਾ ਰਹੇ ਹਨ। ਧਾਰਮਿਕ, ਜਾਤਪਾਤੀ ਤੇ ਕੌਮੀ ਜਨੂੰਨ ਭੜਕਾ ਕੇ ਲੋਕਾਂ 'ਚ ਵੰਡੀਆਂ ਪਾਉਣ ਦੇ ਪੱਤੇ ਵਰਤੇ ਜਾ ਰਹੇ ਹਨ ਤੇ ਜਦੋਂ ਦੂਜੇ ਪਾਸੇ ਥਾਂ-ਥਾਂ ਲੋਕਾਂ ਦੀ ਫੁੱਟ ਰਹੇ ਹਨ ਤਾਂ ਅੱਜ ਸਾਨੂੰ ਸਾਥੀ ਕਰੋੜਾ ਸਿੰਘ ਵਰਗੇ ਨੇਹਚਾਵਾਨ, ਸੂਝਵਾਨ, ਧੜੱਲੇਦਾਰ, ਸਮਰਪਤ ਲੋਕ ਆਗੂ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ। ਅਜਿਹੇ ਮੌਕੇ ਸਾਥੀ ਕਰੋੜਾ ਸਿੰਘ ਦਾ ਵਿਛੋੜਾ ਇਨਕਲਾਬੀ ਜਮਹੂਰੀ ਲਹਿਰ ਲਈ ਵੱਡਾ ਸਦਮਾ ਤੇ ਘਾਟਾ ਹੈ । ਇਸ ਸਦਮੇ 'ਚੋਂ ਨਿਕਲਣ ਤੇ ਉਸਦੇ ਘਾਟੇ ਨੂੰ ਪੂਰਾ ਕਰਨ ਦਾ ਅਹਿਦ ਕਰਨ ਅਤੇ ਇਸ ਇਨਕਲਾਬੀ ਨੇਹਚਾਵਾਨ ਆਗੂ ਨੂੰ ਸੂਹੀ ਸ਼ਰਧਾਂਜਲੀ ਭੇਂਦ ਕਰਨ ਲਈ ਅੱਜ ਪੰਜਾਬ ਦੇ ਕੌਨੇ-ਕੌਨੇ ਤੋਂ ਉਸਦੇ ਹਜ਼ਾਰਾਂ ਇਨਕਲਾਬੀ ਸਾਥੀ ਕਿਸਾਨ ਮਜ਼ਦੂਰ, ਮੁਲਾਜ਼ਮ ਤੇ ਨੌਜਵਾਨ ਅਤੇ ਔਰਤਾਂ ਦਾਨਾ ਮੰਡੀ ਕਿਲਿਆਂਵਾਲੀ (ਡੱਬਵਾਲੀ) ਪੁੱਜਣਗੇ।

ਮੋਬਾਇਲ ਨੰ:98145-35005




I need the support of everyone to live and see my kids grow. No treatment is available in Canada for the type of cancer I am suffering from. I have been advised to go for Clinical Trial treatment in USA. The drug is still not approved . They are still testing on human beings to see the results. Please pray for me in your prayers.

**Reena's Battle Against Cancer**


DONATION - ACCOUNT INFORMATION
ONLINE
http://www.gofundme.com/Reenabattlescancer
DONATION BY CHEQUE
REENA MARWAHA (IN TRUST)
89 Campwood Crescent
Brampton, Ontario L6P 3S9 CANADA
VIA BANK ACCOUNT
REENA MARWAHA (IN TRUST)
TD CANADA TRUST
3978 Cottrelle Boulevard, Brampton, Ontario L6P 2R1
Tel: (905) 794 5453 | Fax: (905) 794 5853

| CANADIAN FUNDS | USD FUNDS |
| --- | --- |
| Transit # 11792 | Transit # 11792 |
| Institution # 004 | Institution # 004 |
| Account # 6250440 | Account # 7141754 |

SWIFT CODE FOR INTERNATIONAL: TDOMCATTTOR
ROUTING NUMBER FOR USA : 026009593

# Battling political machines: Coming to a riding near you!

**Fenwick McKelvey**




Every party has its political machine; technology, software and infrastructure that it rolls out into battle every time the writ drops. While talking points change, the machine keeps running in the background, getting the message out, measuring its impact and mobilizing voters. With the entry of social media and sophisticated voter databases, we might even want to drop the horse race metaphor for something else—something like a spectacle where robots fight each other for the big prize.

[Illustration by Remie Geoffrol]

It's not as far-fetched as it sounds. More than ever before, this year's election resembles an episode of Robot Wars, a popular TV show from the early 2000s in which remote-controlled robots destroy one another in an unpredictable, dangerous arena. This election will offer a particularly tough arena—another testing ground of new techniques and machinations.

Given the unreliability of polls, each party is relying on its own proprietary data infrastructure to get a sense of what's going on with supporters and the general electorate. In addition, the pace of the election—though obviously not the length of the campaign—has quickened, forcing parties to respond to the 24/7 media environment.

You can see the machines in action by comparing the political messages in your inbox to what you're friend is receiving. The Liberals won the 2013 election in British Columbia by inches, relying on micro-targeting to find the few voters that could make all the difference in a close race. The federal parties' data analytics and staff know-how will make a difference in how they eke out a win.

Like Robot Wars contestants, political parties have been working on upgrades to their machines. Key to any upgrade is their national political campaign software. What was once a simple database of voter intentions now logs more and more campaign activity. Better campaign software helps party field organizers connect with voters and pull the vote.

The Internet also now allows for unprecedented contact with voters, but not without the technology to target, test and optimize messages, as well as to collect as much data as possible. Data analytics help find the right voters to target and determine the smart, personalized messages they will receive over social media and by email.

The Conservatives had a head start in all of this, but there have been setbacks. The party's CIMS database, originally developed by the Ontario Progressive Conservatives in the late-1990s, has been growing for at least 10 years, giving the federal party a special advantage in micro-targeting voters in key ridings. But it is not all rosy in the Blue Machine. The Conservatives attempted to switch to a new system known as C-Vote, but reports in 2013 suggest it was a fiasco, costing the party up to $9 million and forcing them back to CIMS. This year, the party launched C2G (CIMS To Go), a mobile interface that allows data entry while canvassing. Such real-time reporting from the field has been a long-sought-after goal of any political machine, but it is not an exclusively Conservative technology.

The Liberals, borrowing directly from the Obama campaigns, struck an exclusive contract with NGPVAN—one of the technology firms used by the Democratic Party—to integrate their database, mailing and web presence into a system known as Liberalist. Liberalist also features greater integration than CIMS since it runs their websites and email messaging.

Generally speaking, an integrated database helps keep track of voter activity across platforms. Expect to see Liberal canvassers with their own mobile solution, known as MiniVan, competing with Conservative volunteers on C2G. The Liberals have had a lot of time to optimize their machine since its launch in 2011, so staff and other volunteers might be better trained than other parties. The NDP have also gone the Obama route, hiring Blue State Digital to help with data analytics and the party's digital mobilization over email. Simultaneously, the NDP replaced its old NDP Vote database with Populus to keep track of voter records. Populus seems to run on foreAction, a campaign management system for political parties and non-profits developed by NetFore Systems in Ottawa.

This creates a lot of unknowns for the NDP. How will the federal party bring its local campaigns up to speed on the new system? Will Blue State Digital and Populus play well together? Whatever the answers, the effort demonstrates the NDP has invested in keeping up with the other parties, hoping the investment will pay off on election day. Those who've seen Robot Wars know it creates a lot of wreckage, and the party machines will likewise collide over the course of the campaign. There will (hopefully) be no flame-throwers or chainsaw arms—frequent additions to the TV show's battlebots—but the comparison is clearly useful.

The bots and party machines are built for battle, thrown into an unpredictable arena in a winner-takes-all contest. While some tweaks can be made mid-struggle, momentum will make too many alterations difficult. Some parts will break, some tools might not work together (or at all). And on October 19, if you don't like horse races, would you be comfortable with "May the best robot win?"

Fenwick McKelvey is an assistant professor in the department of communications studies at Concordia University. He studies algorithmic media—the intensification of software within communication infrastructure—with a focus on advanced Internet traffic management software and campaign management software.

# Raising RRSP withdrawal limit no solution to unaffordable housing

Far be it from me to school the Prime Minister on the laws of supply and demand. He is, after all, the one who has extensively studied neo-liberal economics.

But the Conservatives' plan to increase what first-time homebuyers can pull from their RRSPs for a down payment – from a maximum of $25K to $35K – would do nothing to help ease the unaffordability of housing. That's because an effective policy response either has to control prices (for example by means of a speculation tax), cool demand (by more tightly regulating speculative buyers), or increase the supply (by building more affordable housing). But a policy such as the one proposed, aimed at simply encouraging more demand, would only result in the bidding up of prices. That's how supply and demand works.

Of course, it's quite possible the policy would have no effect at all; it's not at all clear to me that another $10K for a down payment would make much of a difference to those unable to enter the housing market.

And if some were to withdraw more from their RRSPs for a down payment, it's quite possible that this policy would be encouraging an unwise decision; while many unpredictable factors are at play, sometimes the RRSP may be a better long-term investment than a large mortgage.

But this policy response is also typical Harper. It is a favored approach of the current government to seek to address important policy problems via registered tax-subsidized individual savings plans: address retirement security through the RRSP and Tax-Free Savings Accounts (TFSA); escalating post-secondary tuition via the RESP; disability expenses via the Registered Disability Savings Plans; etc. This government is loath to engage in direct public spending, preferring instead to have individual households manage these problems, with the aid of tax breaks. After all, as Margaret Thatcher said, "There is no such things as society, only individuals and families." Heaven forbid we try to tackle such problems collectively through our governments.

The problem is that plans such as the RRSP are hugely inequitable. The lion's share of these plans are held by the wealthiest Canadians, and the tax breaks just compound the injustice. So, for example, someone with $35,000 in an RRSP will tend to be older and wealthier (whereas most lower income people have no RRSPs at all, and many young people seeking to enter the housing market have not built up much in an RRSP).

The same day Prime Minister Harper also announced that the government will "study" the impact of foreign ownership on the housing market. That's welcome news. We do indeed need better data and research (and this is a pleasant surprise from a government who has frequently been inclined towards less data collection, not more). But the promise seems the bare minimum people of all political stripes should support.

But of course, sometimes you just have to appear to be doing something.

Seth Klein is Director of CCPA's BC Office. Follow Seth on Twitter @SethDKlein.

# Roundtable group to stoprising violence on Ontario Hospital Staff



**Dr. Hardeep Singh**

**Dr. Hardeep Singh is a Medical doctor and Masters in Mass communication having long managerial experience in health care System.7**

Rise in incidences of violence against hospital staff in Province Ontario of Canada, worried Ministry and a roundtable group created to prevent violence in hospitals. This group included by labour as well as health ministers, hospital CEOs and the head of the Ontario Nurses' Association, which will meet for the first time in this September.

In the province of Ontario of Canada, reports of violence on hospital staff by patients and families of patients have been on the rise. According to information provided by University Health Network (UHN), there has been a consistent increase in reports of assault in the past three years. The number of reported violent incidents doubled in two years, jumping from 166 in 2012 to 331incidents in 2014. A total of 11 workers who were injured were unable return to work for their shift following the assault in 2014. .Many times the incidence remained un-reported. UHN is a clinical healthcare and medical research organization in Toronto, Ontario, Canada that owns and operates Toronto General Hospital, Toronto Western Hospital, Princess Margaret Cancer Centre, and Toronto Rehabilitation Institute. This problem of violence has been reported in other parts of the Canada also.According to National study from Statistics Canada in 2005, 34 per cent of nurses surveyed reported being physically assaulted by a patient in the previous year and 47 per cent reported experiencing emotional abuse. In the field of psychiatry/mental health settings it is reported much more as 70 per cent of nurses reported experiencing emotional abuse.The labour ministry has admitted that workplace violence in hospitals costs the province $23.8 million annually. Violence claims make up 10 per cent of lost-time by injuries in hospitals. Instead of spending money on lost-time injuries, or nurses who are still not back to work because of severe injuries, that money can be reinvested in patient care.

In July 2014, Ontario Ministry launched an "enforcement initiative" for the health care sector in which all acute-care hospitals, as well as some long-term care homes and community-based health care services, would be inspected over three years. Law requires every employers to assess the risks of workplace violence, create workplace violence/harassment policies and develop programs to implement those policies and to take every precaution reasonable to protect workers from violence in the workplace.Currently, hospital employers are only required to report fatalities and critical incidents to the ministry, mandatory risk assessment of every patient, increased security and more healthcare providers hired.

Ontario Nurses association (ONA) has demanded for a violence strategy at hospitals include mandatory reporting of every violent incident to the Ministry of Labour. Representatives of ONA blamed that some employers usually discourage staff from reporting incidents, by telling workers that violence is just part of the job. ONA also demanded the Ministry to charge individual hospital CEOs for failure to protect the workers from violence.In one high-profile case, a nurse at the Centre for Addiction and Mental Health (CAMH) was allegedly beaten severely by a patient last December. The labour ministry laid charges against management of CAMH under the Occupational Health and Safety Act for failing to provide sufficient information and supervision to protect a worker from workplace violence and failing to implement measures to protect workers from workplace violence. In an open letter, NDP Party Health and labour critics have slammed the Ministry of Labour for being slow to investigate violent incidents and criticized the Liberals for budget cuts, saying staffing shortages jeopardize workplace safety.



The ONA wants to see increased hospital staffing levels, better trained security guards and more accountability from CEOs, including the possibility in extreme circumstances of CEOs being criminally charged. In response to ONA's demand for a violence strategy, the Ministry of Health has assured "Healthy and safe work environments for nurses and other health care workers are a high priority for the ministry and the government, that is essential in enabling health care workers to deliver high-quality patient care.""The hospital sector has a number of existing strategies and programs to prevent workplace violence, and we look forward to working with government and other system partners to develop an action plan that builds on what is already in place,"Official announced.

Now, the Ontario government has created a roundtable to address the growing problem, made up of some of the top leaders in Ontario's health care field with the power to make changes, including the deputy ministers of health and labour, hospital CEOs, the Ontario Hospital Association and the Ontario Nurses Association, to meet for the first time in this September.Over the next three years, the group has planned to look at how to prevent violence against nurses in hospitals before moving on to other areas of the health-care sector. Labour Minister wants the group's final report to call for better security in hospitals and to ensure that units are always properly staffed with nurses. Members of Hospital staff are hoping on these efforts and will make policies a pathway for other provinces of country to stop hospital violence which is part of worldwide problem in health sector.




Harbaljit Singh Kahlon is a successful business strategist and community leader. With Tom Mulcair's NDP, he's ready to draw on that experience to be an effective voice in Parliament for Brampton East.

Since 2009, with an MBA from York University's Schulich School of Business, Harbaljit has consulted for leading financial institutions on strategic initiatives to build a stronger economy for Canadian families. And those same values guide his community work.

Harbaljit helped pioneer Peel Region's new Seva Food Bank, first as an active volunteer and now as a full-time board member. He was also part of the original team that brought Hockey Night in Canada and NBA Raptors Basketball in Punjabi to the CBC-transforming a grassroots idea into a staple of Canadian multiculturalism.

In 2014, Harbaljit served as Campaign Chair and chief advisor to Jagmeet Singh, Deputy Leader of the Ontario NDP. Jagmeet was one of the community leaders who encouraged Harbaljit to take his contribution to the next level by running to represent Brampton East as our MP.

Harbaljit recently celebrated his first wedding anniversary with his wife Mindy Kahlon. They live in Brampton and plan to raise their family in the community they have proudly served for many years.

# ਜਦੋਂ ਮੈਂ ਹਿੰਦ-ਪਾਕਿ ਪੰਜਾਬਾਂ ਦੇ ਮੁਸ਼ਹਿਰੇ ਦੀ ਪ੍ਰਧਾਨਗੀ ਕੀਤੀ



**ਦਰਬਾਰਾ ਸਿੰਘ ਕਾਹਲੋਂ**

ਅਚਾਨਕ ਮੋਬਾਇਲ ਦੀ ਘੰਟੀ ਖੜਕੀ। ਨੰਬਰ ਮੇਰੇ ਇਕ ਅਜੀਜ਼ ਮਨਮੋਹਕ ਸੁਰਾਂ ਨਾਲ ਸਰੋਤਿਆਂ ਦੇ ਦਿਲਾਂ ਨੂੰ ਕੀਲਣ ਦੀ ਗਜ਼ਬ ਭਰੀ ਤੌਫ਼ੀਕ ਰੱਖਣ ਵਾਲੇ ਗਾਇਕ ਜਿੰਦ ਧਾਰੀਵਾਲ ਦੀ ਸੀ। ਵੈਸੇ ਮੈਂ ਉਹਦੇ ਤੇ ਕੁਝ ਕੌੜਿਆ ਹੋਇਆ ਸੀ ਕਿਉਂਕਿ ਮੈਂ ਉਸ ਨੂੰ ਵਿਹਲੇ ਪਲਾਂ ਵਿਚ ਦੋ ਕੁ ਵਾਰ ਫੋਨ ਕੀਤਾ ਸੀ ਜੋ ਮਿਲਿਆ ਹੀ ਨਾ। ਮੈਂ ਉਸ ਨੂੰ ਕੌੜ ਭਰੀ ਤਨਜ਼ ਕਰਦੇ ਕਿਹਾ, "ਪਈ, ਵਿਸ਼ਵ ਦਾ ਅੱਠਵਾਂ ਅਜੂਬਾ ਕਿਥੇ ਸੀ? ਉਹ ਕਾਕਾ, ਸਾਡੇ ਨਾਲ ਇਹ ਫਰਾਡ ਨਹੀਂ ਚਲਣੇ। ਉਹ ਤੂੰ ਕਿਥੇ ਗੁਆਚ ਗਿਆ ਸਾਂ, ਤੈਨੂੰ ਕਈ ਫੋਨ ਕੀਤ?" ਮੈਂ ਇਕੋ ਸਾਹੇ ਕਹਿੰਦਾ ਗਿਆ। ਉਸ ਨੈ ਅੱਗੋਂ ਬੜੀ ਹਲੀਮੀ ਨਾਲ ਕਿਹਾ, "ਸਰ ਜੀ, ਮੈਂ ਇਥੇ ਹੈ ਹੀ ਨਹੀਂਸੀ, ਮੈਂ ਅਮਰੀਕਾ ਲੰਬੇ ਫੇਰੇ 'ਤੇ ਗਿਆ ਹੋਇਆ ਸੀ।" "ਸਰ ਜੀ ਤੁਹਾਨੂੰ ਅੱਜ ਇਕ ਸਮਾਗਮ ਤੇ ਲਿਜਾਣਾ ਹੈ, ਦੋ ਕੁ ਵਜੇ (ਦੁਪਹਿਰ ਬਾਅਦ) ਤਿਆਰ ਰਹਿਣਾ", ਉਸਨੇ ਨਾਲ ਹੀ ਕਿਹਾ। "ਛੱਡ ਯਾਰ, ਮੈਂ ਨਹੀਂ ਸਮਾਗਮ ਵਿਚ ਜਾਣਾ ਚਾਹੁੰਦਾ", ਮੈਂ ਕਿਹਾ, " ਸਰ ਜੀ, ਮੈਂ ਤੁਹਾਡੀ ਕਿਤਾਬ ਲੈ ਰੱਖੀ ਹੈ, ਜੋ ਮੈਂ ਕਾਰ ਵਿਚ ਹੁਣੇ ਰੱਖ ਲਈ ਹੈ। ਸਰ ਜੀ, ਉਥੇ ਪੰਜਾਬੀ ਦੀ ਫਲਾਣੀ ਯੂਨੀਵਰਸਿਟੀ ਤੋਂ ਫਲਾਣਾ ਬੰਦਾ ਵੀ ਆ ਰਿਹਾ ਹੈ'', ਉਸ ਨੇ ਸ਼ਾਇਦ ਜ਼ਰਾ ਪ੍ਰਭਾਵਿਤ ਕਰਨ ਲਈ ਕਿਹਾ।

"ਕਾਕਾ, ਹੁਣ ਤਾਂ ਮੈਂ ਪੱਕਾ ਨਹੀਂ ਜਾਣਾ, ਉਹ ਬਹੁਤ ਫੁਕਰਾ ਆਦਮੀ ਹੈ ਤੇ ਮੈਨੂੰ ਉਸਦੀ ਸ਼ਕਲ ਤੋਂ ਅਲਰਜੀ ਹੈ," ਮੈਂ ਜਵਾਬ ਦਿੱਤਾ।

ਉਸਨੇ ਪੈਂਤੜਾ ਬਦਲਦੇ ਕਿਹਾ, "ਸਰ ਜੀ, ਮੈਨੂੰ ਵੀ ਇਸ ਵਿਅਕਤੀ ਤੋਂ ਬਹੁਤ ਨਫ਼ਰਤ ਹੈ, ਮੈਂ ਜਦੋਂ ਯੂਨੀਵਰਸਿਟੀ ਵਿਚ ਐਮ. ਐਸ. ਸੀ. ਬਾਅਦ ਖੋਜ ਸਹਾਇਕ ਹੁੰਦਾ ਸੀ, ਇਸ ਵਿਅਕਤੀ ਨੇ ਮੈਨੂੰ ਬਹੁਤ ਤੰਗ ਕੀਤਾ ਸੀ। ਹੁਣ ਮੈਂ ਤੁਹਾਨੂੰ ਲੈ ਕੇ ਜ਼ਰੂਰ ਜਾਣਾ ਹੈ ਅਤੇ ਉਸ ਨੂੰ ਦੱਸਣਾ ਹੈ ਕਿ ਮੈਂ ਕਿਸ ਮੁਕਾਮ 'ਤੇ ਹਾਂ।" "ਕਾਕਾ ਤੂੰ ਜਾ ਆਵੀਂ, ਮੈਨੂੰ ਰਹਿਣ ਦੇ,'' ਮੈਂ ਕਿਹਾ। ਉਸਨੇ ਫਿਰ ਪੈਂਤੜਾ ਬਦਲਿਆ ਤੇ ਕਿਹਾ, "ਸਰ ਜੀ, ਜ਼ਰੂਰੀ ਨਹੀਂ ਉਹ ਆਵੇ। ਉਸ ਨੂੰ ਕਿਸੇ ਨੇ ਸੱਦਿਆ ਨਹੀਂ, ਸ਼ਾਇਦ ਕਿਸੇ ਨਾਲ ਆ ਜਾਵੇ। ਪਰ ਜ਼ਰੂਰੀ ਨਹੀਂ। ਮੈਨੂੰ ਨਹੀਂ ਪਤਾ। ਤੁਸੀਂ ਦੋ ਵਜੇ ਤਿਆਰ ਰਹਿਣਾ, ਮੈਂ ਆ ਰਿਹਾ ਹਾਂ, ਅੱਛਾ, ਸਰ ਜੀ ਮਿਲਦੇ ਹਾਂ।" "ਚਲੋ, ਵੇਖਦੇ ਹਾਂ, ਅੱਛਾ ਫਿਰ," ਕਹਿੰਦੇ ਮੈਂ, ਫੋਨ ਬੰਦ ਕਰ ਦਿੱਤਾ।

'ਕੌਣ ਸੀ?' ਮੇਰੀ ਘਰਵਾਲੀ ਨੇ ਪੁੱਛਿਆ। ਮੈਂ ਦੱਸਿਆ ਕਿ ਬਾਲਕਾ ਜਿੰਦ ਧਾਰੀਵਾਲ ਕਿਸੇ ਸਮਾਗਮ ਵਿਚ ਜਾਣ ਲਈ ਕਹਿ ਰਿਹਾ ਸੀ। "ਤੁਸੀਂ ਜਾ ਆਓ, ਜੇ ਮੁੰਡਾ ਕਹਿੰਦਾ ਹੈ", ਉਸ ਨੇ ਜ਼ੋਰ ਦਿੱਤਾ।

ਢਾਈ ਕੁ ਵਜੇ ਜਿੰਦ ਦਾ ਟੈਲੀਫੋਨ ਆਇਆ ਕਿ ਉਹ 15 ਮਿੰਟ ਵਿਚ ਆ ਰਿਹਾ ਹੈ। ਉਸ ਨੇ ਮੈਨੂੰ ਤਿਆਰ ਹੋਣ ਲਈ ਕਿਹਾ। ਮੈਂ ਤਿਆਰ ਹੋ ਗਿਆ। ਅਸੀਂ ਪੁੱਛਦੇ-ਪੁਛਾਉਂਦੇ ਸਮਾਗਮ ਵਾਲੀ ਥਾਂ ਪਹੁੰਚ ਗਏ। ਛੋਟਾ ਜਿਹਾ ਹਾਲ ਭਰਿਆ ਪਿਆ ਸੀ। ਸਿਰਫ਼ ਇੱਕਾ ਦੁੱਕਾ ਕੁਰਸੀ ਖਾਲੀ ਸੀ। ਸਾਹਮਣੇ ਕੰਧ 'ਤੇ ਟਰਾਂਟੋ (ਕੈਨੇਡਾ) ਦੀ ਇਕ ਸਾਹਿਤ ਸਭਾ ਦਾ ਬੈਨਰ ਚਿਪਕਾਇਆ ਪਿਆ ਸੀ। ਅਸੀਂ ਖਾਲੀ ਕੁਰਸੀਆਂ ਲੱਭ ਰਹੇ ਸੀ ਕਿ ਇਕ ਬਹੁਤ ਹੀ ਪਿਆਰੇ ਸੱਜਣ, ਇਕ ਅਖ਼ਬਾਰ ਦੇ ਮਾਲਕ ਉਠ ਕੇ ਮਿਲਣ ਆਏ ਅਤੇ ਪਹਿਲੀ ਲਾਈ ਵਿਚ ਇਕ ਖਾਲੀ ਕੁਰਸੀ 'ਤੇ ਬਿਠਾਉਣ ਲਈ ਲੈ ਗਏ। ਉਥੇ ਇਕ ਨਾਮਵਰ ਪ੍ਰਿੰਸੀਪਲ ਸਾਹਿਬ ਅਤੇ ਪ੍ਰੋਫੈਸਰ ਬੈਠੇ ਸਨ, ਉਨ੍ਹਾਂ ਕੋਲ ਇਕ ਕੁਰਸੀ ਸੀ ਜਿਸ 'ਤੇ ਇਕ ਬੈਗ ਰੱਖਿਆ ਪਿਆ ਸੀ, ਉਨ੍ਹਾਂ ਉਥੇ ਬੈਠਣ ਲਈ ਸੱਦ ਲਿਆ। ਅਜੇ ਬੈਠਿਆਂ ਇਕ ਦੋ ਮਿੰਟ ਹੀ ਹੋਏ ਸਨ ਕਿ ਸਟੇਜ ਸਕੱਤਰ ਇਕ ਨੌਜਵਾਨ ਲੜਕੇ ਨੇ ਹਿੰਦ-ਪਾਕਿ ਮੁਸ਼ਾਹਿਰੇ ਦੇ ਸਮਾਗਮ ਦਾ ਐਲਾਨ ਕਰਦੇ ਮੰਚ 'ਤੇ ਖਾਲੀ ਕੁਰਸੀਆਂ 'ਤੇ ਉਸ ਸਮਾਗਮ ਦੀ ਪ੍ਰਧਾਨਗੀ ਲਈ ਮੇਰਾ ਨਾਮ ਬੋਲ ਦਿੱਤਾ ਅਤੇ ਨਾਲ ਹੀ ਮੇਰੀ ਉਸਤਤ ਵਿਚ ਦੋ ਤਿੰਨ ਲਾਈਨਾਂ ਬੋਲ ਦਿੱਤੀਆਂ।

ਪਹਿਲਾਂ ਜਦੋਂ ਉਸ ਹਾਲ ਵਿਚ ਵੜਦਿਆਂ ਸਹਿਤ ਸਭਾ ਟਰਾਂਟੋ ਦਾ ਨਾਮ ਪੜ੍ਹ ਕੇ ਤਬਕ ਗਿਆ ਸੀ। ਮੈਂ ਸਿਰਫ਼ ਲੁਧਿਆਣੇ ਇਕ ਵਾਰ ਆਪਣੇ ਜੀਵਨ ਵਿਚ ਪੰਜਾਬ ਸਹਿਤ ਸਭਾ ਦੀ ਚੋਣ ਵੇਲੇ ਡਾ. ਐਸ. ਐਸ. ਦੋਸਾਂਝ ਦੇ ਸੱਦੇ ਤੇ ਗਿਆ ਸੀ ਉਥੇ ਜੋ ਕੁੱਕੜ ਖੰਬੀ ਹੋਈ ਸੀ, ਉਸ ਤੋਂ ਤੋਬਾ ਕੀਤੀ ਹੋਈ ਸੀ। ਵੈਸੇ ਵੀ ਸਾਹਿਤ ਸਭਾਵਾਂ ਪੰਜਾਬ ਵਿਚ ਜਿਵੇਂ ਖਿੱਚੋਤਾਣ, ਪਾਟੋਧਾੜ, ਬਦਖੋਹੀਆਂ ਦਾ ਸ਼ਿਕਾਰ ਅਤੇ ਕਈ ਤਰ੍ਹਾਂ ਦੀਆਂ ਆਏ ਦਿਨ ਖ਼ਬਰਾਂ ਦਾ ਸ਼ਿਕਾਰ ਰਹਿੰਦੀਆਂ ਹਨ, ਉਨ੍ਹਾਂ ਕਰਕੇ ਮੈਂ ਸਾਰੀ ਜ਼ਿੰਦਗੀ ਇੱਧਰ ਮੂੰਹ ਨਹੀਂ ਕੀਤਾ ਭਾਵੇਂ ਕਦੇ-ਕਦੇ ਕਵਿਤਾ ਜਾਂ ਕਹਾਣੀ ਰਚਣ ਦਾ ਮੈਨੂੰ ਵੀ ਸ਼ੌਕ ਰਿਹਾ ਹੈ ਪਰ ਅੱਜ ਤਾਂ ਮੈਨੂੰ ਵੀ ਅਚਿੰਤੇ ਬਾਜ਼ ਪਏ ਵਾਲੀ ਗੱਲ ਹੋ ਗਈ। ਮੈਨੂੰ ਇਸ ਮੁੰਡੇ ਨੇ ਭਲਾ ਫਸਾਇਆ।

ਪ੍ਰਧਾਨਗੀ ਮੰਡਲ ਵਿਚ ਦੋ ਪਾਕਿਸਤਾਨੀ ਸ਼ਾਇਰਾ ਅਤੇ ਦੋ ਹੋਰ ਸਿੱਖ ਬਜ਼ੁਰਗਾਂ ਦੇ ਨਾਮ ਬੋਲੇ ਗਏ। ਦੋ ਸ਼ਾਇਰਾ ਬੀਬੀਆਂ ਵਿਚੋਂ ਇਕ ਤਾਂ ਆਪ ਓਡੀ ਨਹੀਂ ਸੀ ਜਿੱਡੀ ਵੱਡੀ ਉਸ ਨੇ ਉਰਦੂ ਦੇ ਹੈਡਿੰਗ ਵਾਲੀ ਕਿਤਾਬ ਫੜੀ ਹੋਈ ਸੀ। ਦੂਸਰੀ ਜੋ ਮੇਰੇ ਨਾਲ ਦੀ ਕੁਰਸੀ 'ਤੇ ਬੈਠੀ, ਉਸ ਦਾ ਕਾਲੇ ਸੂਟ ਅਤੇ ਨਜ਼ਾਕਤ ਭਰੀਆਂ ਕਟੀਆਂ ਜ਼ੁਲਫਾਂ ਵਿਚ ਨਖ਼ਰਾ ਮਾਣ ਨਹੀਂ ਸੀ। ਬੈਠਣ ਬਾਅਦ ਉਸ ਨੇ ਮੇਰੇ ਵੱਲ ਆਪਣਾ ਨਾਮ ਕਾਰਡ ਵਧਾਇਆ ਸੀ। ਸਰਦਾਰਾਂ ਵਿਚੋਂ ਇਕ ਦੀਆਂ ਮੁੱਛਾਂ ਤਾਂ ਫੌਜੀ ਜਰਨੈਲ ਵਾਂਗ ਫਿਕਸੋ ਨਾਲ ਪੂਰੀਆਂ ਆਕੜੀਆਂ ਹੋਈਆਂ ਸਨ ਪਰ ਜਦ ਦੂਸਰਾ ਕਰੜ-ਬਰੜੀ ਦਾਹੜੀ ਵਿਚ ਸੁੱਕਾ ਸੜਿਆ ਜਿਹਾ ਸੀ। ਇਹ ਸਭ ਆਪਣੇ ਕਵੀਪਣ ਵਿਚ ਰਿੱਝੇ ਹੋਏ ਬੈਠੇ ਵਿਖਾਈ ਦਿੱਤੇ ਅਤੇ ਵਿਚਾਲੇ ਮੈਂ ਇਕ ਗੈਰ ਕਵੀ ਬੇਬਾਕ ਬੰਦਾ।

ਖ਼ੈਰ! ਕਵੀ ਦਰਬਾਰ ਸ਼ੁਰੂ ਹੋਇਆ। ਇਕ ਇਕ ਸਮੋਸਾ ਅਤੇ ਇਕ ਇਕ ਵੇਸਣ ਦਾ ਪੀਸ ਚਾਹ ਦੇ ਪਿਆਲੇ ਨਾਲ ਆਪੇ ਚੁੱਕ ਕੇ ਖਾਣ ਲਈ ਪਿਆ ਹੋਇਆ ਵੀ ਮਿਲਿਆ। ਸਟੇਜ ਸਕੱਤਰ ਵਾਰੋ-ਵਾਰੀ ਕਵੀਆਂ ਨੂੰ ਆਪਣੇ ਕਲਾਮ ਸੁਣਾਉਣ ਲਈ ਬੁਲਾਉਣ ਲੱਗਾ। ਸ਼ੁਰੂਆਤ ਮਸ਼ਹੂਰ ਕਵਿਤਰੀ ਅੰਮ੍ਰਿਤਾ ਪ੍ਰੀਤਮ ਦੇ ਸੁਰੀਲੇ ਕਲਾਮ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਨਾਲ ਹੋਈ। ਪਹਿਲੀ ਵਾਰ ਮੈਂ ਪਾਕਿਸਤਾਨੀ, ਕੈਨੇਡਾ ਵਿਚ ਵਸੇ ਮੁਸਲਿਮ ਭਾਈਚਾਰੇ ਦੀ ਸ਼ਾਇਰ ਅਤੇ ਸ਼ਾਇਰਾਵਾਂ ਵੇਖ ਰਿਹਾ ਸੀ। ਆਪਣੇ ਵਿਛੜੇ ਪੰਜਾਬੀਆਂ ਅਤੇ ਪੰਜਾਬਣਾਂ ਨੂੰ ਮਿਲ ਕੇ ਮੈਨੂੰ ਬਹੁਤ ਚੰਗਾ ਲੱਗ ਰਿਹਾ ਸੀ। ਮੈਂ ਖਿਆਲਾਂ ਵਿਚ ਪਾਕਿਸਤਾਨੀ ਪਿੰਡਾਂ, ਸ਼ਹਿਰਾਂ ਅਤੇ ਖਾਸ ਕਰਕੇ ਅਣਵੇਖੇ ਲਾਹੌਰ (ਪੰਜਾਬ ਅਤੇ ਪੰਜਾਬੀਆਂ ਦੀ ਸ਼ਾਨ) ਸ਼ਹਿਰ ਦੀਆਂ ਗਲੀਆਂ, ਸੜਕਾਂ, ਨਹਿਰਾਂ ਤੇ ਘੁੰਮ ਰਿਹਾ ਸੀ। ਸੰਨ 1971 ਦੀ ਭਾਰਤ-ਪਾਕਿ ਜੰਗ ਵੇਲੇ ਭਾਰਤ ਵਲੋਂ ਜਿੱਤੇ ਅਣਵਿਕਸਤ ਪਾਕਿਸਤਾਨੀ ਪਿੰਡਾਂ ਕਸਬਿਆਂ ਦਾ ਮੈਦੋ ਵਾਰ ਦੌਰਾ ਕੀਤਾ ਸੀ।

ਮੈਂ ਸਮਝਦਾ ਸਾਂ ਕਿ ਵੱਧ ਤੋਂ ਵੱਧ 12-15 ਕਵੀ - ਕਵਿਤਰੀਆਂ ਆਪੋ ਆਪਣਾ ਕਲਾਮ ਕਹਿਣਗੇ। ਜੇ 8-10 ਮਿੰਟ ਵੱਧ ਤੋਂ ਵੱਧ ਇਕ ਕਵੀ ਲਵੇਗਾ ਤਾਂ ਵੀ ਕਰੀਬ ਦੋ ਘੰਟੇ ਵਿਚ ਪ੍ਰੋਗਰਾਮ ਸਮਾਪਤ ਹੋ ਜਾਵੇਗਾ। ਕਈ ਤਾਂ ਸ਼ਾਇਦ 5 ਮਿੰਟ ਵੀ ਨਾ ਲੈਣ ਪਰ ਜਿਉਂ-ਜਿਉਂ ਕਲਾਮ ਭਖਣ ਲੱਗਾ ਤਾਂ ਇੰਜ ਲੱਗਣ ਲਗਾ ਕਿ ਮੇਰੇ ਬਗੈਰ ਇਥੇ ਤਾਂ ਸਭ ਕਵੀ ਕਵਿਤਰੀਆਂ ਦਾ ਹੀ ਝੁਰਮਟ ਹੈ ਅਤੇ ਹਰ ਕੋਈ ਵਿੱਤੋਂ ਬਾਹਰਾ ਹੋ ਹੋ ਕੇ ਕਵਿਤਾ ਪਿਆ ਸੁਣਾਈ ਜਾਵੇ। ਮੈਨੂੰ ਤਾਂ ਆਪਣੇ ਬਗੈਰ ਕੋਈ ਸਰੋਤਾ ਵੀ ਨਹੀਂ ਸੀ ਵਿਖਾਈ ਦੇ ਰਿਹਾ।

ਪਰ ਹੈਰਾਨਗੀ ਦੀ ਸ਼ਰਮਨਾਕ ਗੱਲ ਇਹ ਵੇਖਣ ਨੂੰ ਮਿਲ ਰਹੀ ਸੀ ਕਿ ਜਿਹੜਾ ਜਾਂ ਜਿਹੜੀ ਕਲਾਮ ਕਹਿ ਲਵੇ ਉਹੀ ਤਿੱਤਰ ਹੋ ਜਾਵ। ਦੋ ਕੁ ਨਵ-ਸ਼ਾਇਰਾਵਾਂ ਤਾਂ ਆਪਣੇ ਨਵ-ਜੰਮੇ ਬੱਚੇ ਪਤੀਆਂ ਦੀ ਗੋਦ 'ਚ ਬਿਠਾ ਕੇ ਸਟੇਜ 'ਤੇ ਗਰਜੀਆਂ। ਔਰਤ ਆਜ਼ਾਦੀ ਤੇ ਦਮ-ਖ਼ਮ ਨਾਲ ਬੋਲੀਆਂ। ਇਹ ਤਾਂ ਪੱਖ ਸਲਾਹੁਣਯੋਗ ਸੀ ਪਰ ਕਵਿਤਾ ਕਹਿਣ ਬਾਅਦ ਪੱਤਰਾ ਵਾਚਣ ਨੇ ਖੋਤਾ ਖੂਹ ਪਾਉਣ ਦਾ ਕੰਮ ਕੀਤਾ।

ਕਵਿਤਾ ਤਰਨਮ ਵਿਚ ਕਹਿਣ ਵਾਲਾ ਇਕ ਅੱਧ ਹੀ ਨਜ਼ਰ ਆਇਆ। ਹੌਲੀ ਹੌਲੀ ਸਮਾਂ ਬੋਝਣ ਬਣਦਾ ਨਜ਼ਰ ਆਉਣ ਲੱਗਾ। ਬੁੱਢੇ ਕਵੀ ਮਸਾਨਾ ਭਾਰੀ ਹੋਣ ਕਰਕੇ ਵਾਸ਼-ਰੂਮ ਵਲ ਲਾਈਨ ਬੰਨ੍ਹਣ ਲੱਗ ਪਏ। ਜੇ ਕੋਈ ਚਿਰ ਲਾਏ ਤਾਂ ਦਰਵਾਜ਼ਾ ਖਿੱਚਣ 'ਤੇ ਖੜ੍ਹਕਾਉਣ। ਇਹ ਛਹਿਬਰ ਵੀ ਵੇਖਣ ਵਾਲੀ ਸੀ। ਕਈ ਤਾਂ ਦੋਹਰ ਪਾ ਰਹੇ ਸਨ। ਇਕ ਪੱਤਲਾ ਜਿਹਾ ਸਰਦਾਰ ਬਜ਼ੁਰਗ ਜਿਸ ਹੱਥ ਸੋਟੀ ਅਤੇ ਲੱਤਾਂ ਕਾਲੇ ਵਰਗੀਆਂ ਕਮਜ਼ੋਰ ਅਤੇ ਲੰਗੜਾ ਵੀ ਰਹੀਆਂ ਸਨ, ਦਾ ਬੁਰਾ ਹਾਲ ਵੇਖਣ ਵਾਲਾ ਸੀ।

ਸਮਾਂ ਭਾਰੀ ਪੈਣ 'ਤੇ ਕੁਝ ਇਕ ਪਰਚੀਆਂ ਭੇਜਣ ਲੱਗੇ ਕਿ ਉਨ੍ਹਾਂ ਕਿਸੇ ਹੋਰ ਜ਼ਰੂਰੀ ਸਮਾਗਮ 'ਤੇ ਵੀ ਹਾਜ਼ਰੀ ਲਵਾਉਣੀ ਹੈ ਇਸ ਲਈ ਉਨ੍ਹਾਂ ਨੂੰ ਪਹਿਲਾਂ ਭੁਗਤਾ ਦਿੱਤਾ ਜਾਵੇ। ਮੈਂ ਇਕ ਰੌਚਿਕ ਫ਼ਿਲਮ ਵੇਖਣ ਵਾਂਗ ਇਹ ਤਮਾਸ਼ਾ ਵੇਖ ਰਿਹਾ ਸੀ ਅਤੇ ਮਨ ਹੀ ਮਨ ਨਜ਼ਾਰਾ ਲੈ ਰਿਹਾ ਸੀ। ਕੁਝ ਦਾ ਸਿਰ ਭਾਰਾ ਅਤੇ ਹਕੱਤ ਚਾਪ ਵੀ ਉਚਾ ਹੁੰਦਾ ਵਿਖਾਈ ਦੇ ਰਿਹਾ ਸੀ। ਏਨੇ ਨੂੰ ਮੇਰੇ ਗਾਇਕ ਅਜੀਜ਼ ਨੂੰ ਬੁਲਾਵਾ ਦਿੱਤਾ ਗਿਆ। ਮੈਨੂੰ ਹੁਣ ਸਮਝ ਆਗਈ ਕਿ ਉਹ ਕਿਉਂ ਮੈਨੂੰ ਖਿੱਚ ਰਿਹਾ ਸੀ। ਉਸ ਨੇ ਆਪਣੀ ਇਕ ਨਵੀਂ ਧੁੰਨ ਦਾ ਸਥਾਈ ਅਤੇ ਅੰਤਰਾ ਕਿਹਾ ਅਤੇ ਇਕ ਪੂਰਾ ਗੀਤ ਗਾਇਆ। ਇਸ ਨਾਲ ਸੜੇ ਭੁੱਜੇ ਮਾਹੌਲ ਵਿਚ ਕੁਝ ਰੰਗ ਬੱਝਾ। ਹੁਣ ਸਕੱਤਰ ਵੀ ਅੱਕਿਆ ਪੈਂਡੇ ਵੱਢਣ ਲੱਗਾ। ਇਕ ਨੂੰ ਬੁਲਾ ਕੇ, ਅਗਲੇ ਦਾ ਨਾਮ ਬੋਲ ਕੇ ਤਿਆਰ ਹੋਣ ਲਈ ਕਹਿਣ ਲੱਗਾ।

ਇਕ ਨੌਜਵਾਨ ਲੜਕਾ ਜਦੋਂ ਪਹਿਲੀ ਵਾਰ, ਪਹਿਲਾ ਕਲਾਮ ਪੇਸ਼ ਕਰਨ ਆਇਆ ਤਾਂ ਵਿਚਾਰਾ ਪੂਰਾ ਕੰਬੀ ਜਾ ਰਿਹਾ ਸੀ। ਬੱਸ ਮਿੰਟ ਦੋ ਮਿੰਟ ਵਿਚ ਹੀ ਉਸਨੇ ਕਵਿਤਾ ਕਹਿ ਦਿੱਤੀ। ਮੈਂ ਉਠ ਕੇ ਉਸ ਨੂੰ ਗਲੇ ਲਗਾ ਕੇ ਸਾਬਾਸ਼ੀ ਦਿੱਤੀ ਤਾਂ ਕਿ ਉਸ ਦਾ ਮਨੋਬਲ ਉੱਚਾ ਰਹੇ। ਉਸਦੀ ਕਵਿਤਾ ਵੀ ਸਮਾਜਿਕ ਸੱਚਾਈ ਆਧਾਰਤ ਚੋਟ ਕਰਦੀ ਸੀ। ਕਵੀਆਂ ਦੇ ਲਗਾਤਾਰ ਖਿਸਕਣ ਨਾਲ ਕੁਰਸੀਆਂ ਖਾਲੀ ਮੂੰਹ ਅੱਡਦੀਆਂ ਵਿਖਾਈ ਦੇ ਰਹੀਆਂ ਸਨ। ਆਪਣੀ ਵਾਰੀ ਦੇ ਚਾਹਵਾਨ ਕਵੀ ਪਿਛੋਂ ਉੱਠ ਕੇ ਮੋਹਰਲੀਆਂ ਕੁਰਸੀਆਂ 'ਤੇ ਸੁਸ਼ੋਭਿਤ ਹੋਣ ਲੱਗੇ। ਏਨੇ ਨੂੰ ਵਾਹੋ-ਦਾਹੀ ਦੋ ਵਿਅਕਤੀ ਹਾਲ ਵਿਚ ਘੁੱਸੇ। ਸਟੇਜ ਸਕੱਤਰ ਨੇ ਇਕ ਨੂੰ ਇਕ ਪੰਜਾਬ ਦੀ ਨਾਮਵਰ ਯੂਨੀਵਰਸਿਟੀ ਵਿਚ ਗਾਇਨ ਵਿਭਾਗ ਦਾ ਮੁਖੀ ਦਰਸਾਉਂਦੇ, ਉਸ ਨੂੰ ਸਿੱਧੇ ਪ੍ਰਧਾਨਗੀ ਵਿਚ ਬੈਠਣ ਦੀ ਗੁਜਾਰਿਸ਼ ਕੀਤੀ।

ਉਨ੍ਹਾਂ ਦੀ ਸ਼ਾਂਤਰਾਨਾ ਚਾਲ ਵੇਖੋ! ਜੋ ਕਵੀ ਕਲਾਮ ਪੇਸ਼ ਕਰ ਰਿਹਾ ਸੀ ਉਸ ਤੋਂ ਬਾਅਦ ਹੀ ਉਸ ਪ੍ਰੋਫੈਸਰ ਦੇ ਆੜੀ ਪੱਤਲੇ ਜਿਹੇ ਸਰਦਕਾਰ ਨੇ ਮਾਈਕ ਫੜ ਕੇ ਆਪਣਾ ਕਲਾਮ ਕਹਿਣਾ ਸ਼ੁਰੂ ਕਰ ਦਿੱਤਾ। ਦੋ ਕੁ ਮਿੰਟ ਵਿਚ ਖ਼ਤਮ ਕਰਦੇ ਪ੍ਰੋਫੈਸਰ ਸਾਹਿਬ ਦੇ ਕਸੀਦੇ ਕੱਢਦੇ ਸਟੇਜ ਸਕੱਤਰ ਨੂੰ ਅਣਦੇਖਾ ਕਰਦੇ ਤੁਰੰਤ ਉਨ੍ਹਾਂ ਨੂੰ ਸਟੇਜ 'ਤੇ ਸੱਦ ਲਿਆ ਕਿ ਅਜੇ ਹੋਰ ਥਾਂ ਹਾਜ਼ਰੀ ਲਵਾਉਣੀ ਹੈ। ਪ੍ਰੋ. ਸਾਹਿਬ ਨੇ ਕਵੀਆਂ ਨੂੰ ਸੰਬੋਧਨ ਕਰਦੇ ਕਿਹਾ, "ਮੈਂ ਪ੍ਰੋਫੈਸਰ ਹਾਂ ਕਈ ਘੰਟੇ ਭਾਸ਼ਣ ਦੇ ਸਕਦਾ ਹਾਂ, ਸੰਗੀਤਕਾਰ ਹਾਂ ਕਈ ਘੰਟੇ ਗਾ ਸਕਦਾ ਹਾਂ ਪਰ ਇਥੇ ਮੈਂ ਤੁਹਾਡਾ ਸਮਾਂ ਨਹੀਂ ਲੈਣਾ। ਸਾਡੀ ਯੂਨੀਵਰਸਿਟੀ ਫਲਾਣੀ-ਫਲਾਣੀ ਥਾਂ ਗੁਰਮਤਿ ਸੰਗੀਤ ਕੇਂਦਰ ਖੋਲ੍ਹ ਰਹੀ ਹੈ ਤੁਸੀਂ ਅਤੇ ਟਰਾਂਟੋ ਵਾਸੀ ਇਸ ਦਾ ਲਾਭ ਉਠਾਉ।" ਬਸ! ਧੰਨਵਾਦ ਕਰਦਾ ਉਹ ਵੀ ਤਿੱਤਰ ਹੋ ਗਿਆ।

ਇਸੇ ਦੌਰਾਨ ਉਤਾਵਲੀ ਉਹ ਛੋਟੇ ਕੱਦ ਅਤੇ ਵੱਡੀ ਮੋਟੀ ਕਿਤਾਬ ਵਾਲੀ ਕਵਿਤਰੀ ਨੇ ਪਰਚੀ ਭੇਜੀ ਕਿ ਕਿਸੇ ਹੋਰ ਸਮਾਗਮ ਤੇ ਜਾਣਾ, ਸਮਾਂ ਪਹਿਲਾਂ ਦਿਓ। ਉਹ ਕੋਈ ਮਸ਼ਹੂਰ ਉਰਦੂ ਜ਼ੁਬਾਨ ਦੀ ਕਰਾਚੀ ਸਥਿਤ ਸ਼ਾਇਰਾ ਸੀ। ਉਸ ਨੇ ਜੋ ਆਪਣੀ ਜ਼ੁਬਾਨ ਤੋਂ ਆਪਣੇ ਆਪ ਕਸੀਦੇ ਕੱਢੇ, ਇਹ ਇਕ ਮਿਸਾਲੀ ਕਮਲਾ ਸੀ। ਉਸ ਨੇ ਦਾਅਵਾ ਕੀਤਾ ਕਿ ਉਸ ਨੇ ਕਵਿਤਾ ਨੂੰ ਨਵੇਂ ਰੰਗ ਦਿੱਤੇ ਹਨ। ਆਪਣੇ ਇਕ ਮਿਸਰੇ ਦੇ ਲੈ-ਰੰਗ ਥੋਲ ਕੇ ਵੀ ਦਰਸਾਏ। ਉਹ ਜ਼ਰੂਰ ਇਕ ਨਾਮਵਰ ਸ਼ਾਇਰਾ ਹੋਵੇਗੀ। ਉਸ ਨੂੰ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਹ ਵੀ ਚਲਦੀ ਬਣੀ।

ਅਖ਼ੀਰ ਜਦੋਂ ਪ੍ਰਬੰਧਕ (ਜੋ ਸਭ ਸ਼ਾਇਰ ਸਨ) ਅਤੇ ਕੁਰਸੀਆਂ-ਮਾਈਕ ਸੰਭਾਲਣ ਵਾਲੇ ਕੁਝ ਇਕ ਵਿਅਕਤੀ ਰਹਿ ਗਏ ਤਾਂ ਮੈਨੂੰ ਪ੍ਰਧਾਨਗੀ ਭਾਸ਼ਣ ਲਈ ਸਟੇਜ ਸਕੱਤਰ ਨੇ ਬੁਲਾਵਾ ਦਿੱਤਾ। ਮੈਂ ਕਿਹਾ, "ਯਾਰੋ, ਹੁਣ ਮੈਂ ਕੀ ਕਹਿਣਾ, ਸੁਣਨ ਵਾਲਾ ਤਾਂ ਕੋਈ ਰਿਹਾ ਨਹੀਂ।'' ਚਲੋ ਰਹਿੰਦ-ਖੂੰਹਦ ਦੇ ਜ਼ੋਰ ਦੇਣ 'ਤੇ ਮੈਂ ਸਮਾਗਮ ਦੀਆਂ ਖਾਮੀਆਂ ਗਿਣਾਈਆਂ ਅਤੇ ਕੁਝ ਇਕ ਸੁਝਾਅ ਵੀ ਦਿੱਤੇ। ਸਟੇਜ ਸਕੱਤਰ ਨੌਜਵਾਨ ਵਿਚੇ-ਵਿਚ ਵਿਸ ਘੋਲ ਰਿਹਾ ਸੀ। ਜੇ ਮੈਂ ਕਵਿਤਾ ਦੇ ਕੁਦਰਤੀਪਣ, ਬਾਬੇ ਨਾਨਕ ਦੇ ਅਧਿਆਤਮਿਕ, ਇਨਕਲਾਬੀ ਅਤੇ ਅੰਤਰ ਰਵਾਨਗੀਪਣ ਬਾਰੇ ਅਜੇ ਨਾਂਅ ਹੀ ਲਿਆ ਤਾਂ ਪ੍ਰਧਾਨਗੀ ਮੰਡਲ 'ਚ ਰਹਿ ਗਿਆ ਕਰੜ-ਬਰੜੀ ਦਾਹੜੀ ਵਾਲਾ ਬਾਜ ਵਾਂਗ ਉਠ ਕੇ ਪ੍ਰਤੀਕਰਮ ਬੈਠਾ ਹੀ ਦੇਣ ਲੱਗਾ ਤਾਂ ਇਕ ਪ੍ਰਬੁੱਧ ਜ਼ਹੀਨ ਪ੍ਰਬੰਧਕ ਨੇ ਚੁੱਪ ਕਰਾ ਦਿੱਤਾ। ਸ਼ਾਇਦ ਨਾਸਤਿਕ ਕਿਸਮ ਦਾ ਵਿਅਕਤੀ ਹੋਵੇ।

ਕੁਝ ਕਵੀਆਂ ਵਲੋਂ ਦੋਹਾਂ ਪੰਜਾਬਾਂ ਜਾਂ ਹੋਰ ਥਾਵਾਂ ਤੋਂ ਕੈਨੇਡਾ ਵੱਲ ਭੱਜਦੇ ਨੌਜਵਾਨਾਂ ਦਾ ਮੁੱਦਾ ਆ ਬਿਆਨ ਕਰਨ ਬਾਰੇ ਮੈਂ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਕਿ ਐਸਾ ਸੰਕਟ ਵਿਸ਼ਵ ਅੰਦਰ ਕਾਰਪੋਰੇਟ ਪਦਾਰਥਵਾਦੀ ਸਰਮਾਏਦਾਰੀ ਦੀ ਗਲੋਬਲ ਪੱਧਰ 'ਤੇ ਪੀਢੀ ਆਰਥਿਕ ਅਤੇ ਵਿੱਤ ਜਕੜ ਦੀ ਦੇਣ ਹੈ। ਇਸ ਨਿਜ਼ਾਮ ਨੇ ਯੂਨਾਨ ਵਿਚ 500 ਸੌਰੋ ਪੀੜ੍ਹੀ, ਪੰਜਾਬਾਂ ਅਤੇ ਭਾਰਤ ਵਿਚ ਤਿੰਨ-ਚਾਰ ਹਜ਼ਾਰੀ ਪੀੜ੍ਹੀ, ਕੈਨੇਡਾ ਵਿਚ 'ਮਾਰਗੇਜ਼' ਨਾਲ ਦੱਬੀ ਪੀੜ੍ਹੀ ਪੈਦਾ ਕੀਤੀ ਹੈ ਅਤੇ ਇਵੇਂ ਹੀ ਹੋਰ ਦੇਸ਼ਾਂ ਵਿਚ। ਇਸੇ ਕਰਕੇ ਬੇਰੁਜ਼ਗਾਰੀ ਅਤੇ ਹਨ੍ਹੇਰੇ ਭਵਿੱਖ ਤੋਂ ਤੰਗ ਨੌਜਵਾਨ ਅਰਬ ਅਮੀਰਾਤ, ਦੇਸ਼ਾਂ, ਸਿੰਘਾਪੁਰ, ਮਲੇਸ਼ੀਆ, ਫਿਲਪਾਈਨਜ਼, ਆਸਟ੍ਰੇਲੀਆ, ਨਿਊਜ਼ੀਲੈਂਡ, ਕੈਨੇਡਾ, ਅਮਰੀਕਾ ਜਾਂ ਯੂਰਪੀਨ ਦੇਸ਼ਾਂ ਵੱਲ ਭੱਜ ਰਹੇ ਹਨ। ਜਦੋਂਕਿ ਇਨ੍ਹਾਂ ਦੇਸ਼ਾਂ ਵਿਚ ਵੀ ਅੰਡਰ-ਐਂਪਲਾਇਮੈਂਟ, ਆਰਥਿਕ ਸੰਕਟਅਤੇ ਕੜੀ ਮੁਸ਼ੱਕਤ ਦਾ ਸ਼ਿਕਾਰ ਹਨ।

ਵੈਸੇ ਤਾਂ ਮੇਰੇ ਸੰਖੇਪ ਭਾਸ਼ਣ, ਸੁਝਾਵਾਂ, ਬੇਬਾਕੀਆਂ ਬਾਅਦ ਸਮਾਗਮ ਦਾ ਭੋਗ ਪਾ ਦੇਣਾ ਚਾਹੀਦਾ ਸੀ, ਪਰ ਕੁਝ ਇਕ ਨੇ ਸਟੇਜ ਸਕੱਤਰ ਨੂੰ ਆਪਣਾ ਕਲਾਮ ਪੇਸ਼ ਕਰਨ ਲਈ ਕਿਹਾ। ਮੇਰੀਆਂ ਬੇਬਾਕੀਆਂ ਤੋਂ ਲੋਹਾ ਲਾਖਾ, ਕਾਰਪੋਰੇਟ ਪਦਾਰਥਵਾਦੀ ਸਰਮਾਏਦਾਰੀ ਦੇ ਸੰਕਟ ਤੋਂ ਕੋਰਾ ਉਹ ਮੇਰੇ ਵੱਲ ਤੱਕ ਕੇ ਕਹਿਣ ਲੱਗਾ ਕਿ ਆਖ਼ਰ ਕੈਨੇਡਾ ਵਿਚ ਕੁਝ ਹੈ ਤਾਂ ਹੀ ਨੌਜਵਾਨ ਇਥੇ 'ਖੇਹ' ਖਾਣ ਆਉਂਦੇ ਹਨ। ਕਾਹਲੋਂ ਸਾਹਿਬ ਅਤੇ ਪਰਿਵਾਰ ਸਮੇਤ ਇਧਰ ਆਏ ਹਨ। ਖ਼ੈਰ! ਮੈਂ ਤਾਂ ਕੀ ਪ੍ਰਤੀਕਰਮ ਦੇਣਾ ਸੀ। ਇਕ ਗੁਰਸਿੱਖ ਬਜ਼ੁਰਗ ਉਠੇ ਅਤੇ ਮਾਈਕ ਤੇ ਆ ਕੇ ਬੋਲੇ, "ਇਨ੍ਹਾਂ ਨੌਜਵਾਨਾਂ ਨੂੰ ਕੀ ਇਲਮ? ਭਾਰਤ ਵਿਚ ਅਸੀਂ ਗੁਲਾਮਾਂ ਦੇ ਗੁਲਾਮ ਅਤੇ ਇਥੇ ਆਜ਼ਾਦਾਂ ਦੇ ਗੁਲਾਮ ਹਾਂ।" ਭਾਵੇਂ ਇਹ ਅਧੂਰਾ ਪ੍ਰਤੀਕਰਮ ਸੀ ਪਰ ਕੈਨੇਡਾ ਵਿਚ ਯੋਗਤਾ ਤੋਂ ਕਿਤੇ ਹੇਠਲੇ ਦਰਜੇ ਦੇ ਰੁਜ਼ਗਾਰ ਅਤੇ ਕਰਜ਼ੇ ਦੀ ਪੰਡ ਦੇ ਸ਼ਿਕਾਰ ਉਸ ਸਟੇਜ ਸਕੱਤਰ ਲਈ ਕਾਫ਼ੀ ਸੀ। ਕੁਝ ਇਕ ਹੋਰ ਨੇ ਵੀ ਲਾਹ-ਪਾਹ ਕੀਤੀ ਕਿ ਕਿਵੇਂ ਡਾਕਟਰ, ਪੀ. ਐਚ. ਡੀ., ਹੋਰ ਉਚ ਤਕਨੀਕੀ ਸਿੱਖਿਆ ਪ੍ਰਾਪਤ ਫੈਕਟਰੀਆਂ ਵਿਚ ਕਾਮਿਆਂ, ਸਟੋਰਾਂ ਤੇ ਹੈਲਪਰਾਂ, ਚੌਂਕੀਦਾਰਾਂ, ਟਰੱਕ ਚਾਲਕਾਂ, ਖੇਤਾਂ ਵਿਚ ਦਿਹਾੜੀਦਾਰਾਂ ਵਜੋਂ ਕੰਮ ਕਰਦੇ ਹਨ। ਫਿਰ ਉਹ ਮੇਰੇ ਕੋਲ ਆ ਕੇ ਕਹਿਣ ਲੱਗਾ, "ਸਰ, ਬੁਰਾ ਨਾ ਮਨਾਉਣਾ।" ਮੈਂ ਕਿਹਾ, "ਕਾਕਾ, ਕੋਈ ਨਹੀਂ, ਤੇਰੀ ਬੁੱਧੀ ਦਾ ਮੁਜ਼ਾਹਿਰਾ ਵਧੀਆ ਰਿਹਾ।" ਮੈਂ ਇਕ ਦੋ ਪਾਕਿਸਤਾਨ ਪੰਜਾਬੀ ਸਮਾਗਮ ਦੇ ਅੰਤ ਤੱਕ ਬੱਚੇ ਭਰਾਵਾਂ ਜਿਨ੍ਹਾਂ ਵਿਚ ਮਿੱਠ ਬੋਲੜੇ ਚੌਧਰੀ ਕਾਦਿਆਨੀ ਵੀ ਮੌਜੂਦ ਸਨ, ਨੂੰ ਦੁਆ ਸਲਾਮ ਕਰਦਾ ਆਪਣੇ ਅਜੀਜ਼ਤ ਜਿੰਦ ਨਾਲ ਬਾਹਰ ਆ ਗਿਆ। ਭਵਿੱਖ ਵਿਚ ਐਸੀ ਪ੍ਰਧਾਨਗੀ ਬਾਰੇ ਕੰਨਾਂ ਨੂੰ ਲਗਾਏ ਹੱਥ।

**ਰਾਜ ਸੂਚਨਾ ਕਮਿਸ਼ਨਰ, ਪੰਜਾਬ,**
**ਬਰੈਂਪਟਨ ਕੈਨੇਡਾ**
001-416-857-7665

# ਕੈਲਗਰੀ 'ਚ 6ਵਾਂ ਪ੍ਰੌਗਰੈਸਿਵ ਨਾਟਕ ਸਮਾਗਮ 26 ਸਤੰਬਰ ਨੂੰ

**ਮਾ. ਭਜਨ ਸਿੰਘ ਕੈਲਗਰੀ**

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਨੇ 26 ਸਤੰਬਰ ਸ਼ਨੀਵਾਰ ਨੂੰ 1 ਤੋਂ 4 ਵਜੇ ਤੱਕ 6ਵਾਂ ਸਲਾਨਾ ਪ੍ਰੌਗਰੈਸਿਵ ਨਾਟਕ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਹੈ। ਇਹ ਪ੍ਰੋਗਰਾਮ ਸੇਟ ਕਾਲਜ ਦੇ ਆਰਫੀਅਸ ਥੀਏਟਰ ਵਿਚ ਹੋਵੇਗਾ। ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਲਹਿਰ ਦੇ ਹੋਰ ਸ਼ਹੀਦਾਂ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਇਸ ਨਾਟਕ ਸਮਾਗਮ 'ਚ ਲੋਕ ਕਲਾ ਮੰਚ ਦੇ ਡਾਇਰੈਕਟਰ ਅਤੇ ਲੇਖਕ ਸ੍ਰੀ ਹਰਕੇਸ਼ ਚੌਧਰੀ ਮੁਲਾਂਪੁਰ ਤੋਂ ਵਿਸ਼ੇਸ਼ ਤੌਰ 'ਤੇ ਕੈਲਗਰੀ ਪੁੱਜ ਰਹੇ ਹਨ। ਪਹਿਲਾ ਨਾਟਕ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਅਤੇ ਆਦਰਸ਼ ਬਾਰੇ '**ਚਾਨਣ ਬਾਗਵਤ ਕਰ ਰਿਹੈ**' ਅਤੇ ਦੂਜਾ ਨਾਟਕ ਕੈਨੇਡਾ ਦੇ ਹਾਲਤਾਂ ਬਾਰੇ ਹੋਵੇਗਾ। ਪ੍ਰੌਗਰੈਸਿਵ ਕਲਚਰਲ ਕਲਾ ਮੰਚ ਕੈਲਗਰੀ ਦੀ ਟੀਮ ਦੇ ਪਾਤਰ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਪੇਸ਼ ਕਰਨਗੇ। **ਕੋਰੀਓਗਰਾਫ਼ੀ, ਗੀਤ-ਸੰਗੀਤ ਤੋਂ ਇਲਾਵਾ ਜੰਗ ਭੰਗੜਾ ਕਲੱਬ ਕੈਲਗਰੀ ਦੀਆਂ ਮੁੰਡੇ ਕੁੜੀਆਂ ਦੀਆਂ ਟੀਮਾਂ ਵਲੋਂ ਭੰਗੜਾ ਪੇਸ਼ ਕੀਤਾ ਜਾਵੇਗਾ।**

ਇਹ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਐਸੋਸੀਏਸ਼ਨ ਦੇ ਸਕੱਤਰ ਮਾ. ਭਜਨ ਸਿੰਘ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੀ ਰੂਪ ਰੇਖਾ 6 ਸਤੰਬਰ ਐਤਵਾਰ ਨੂੰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਭਰਵੀਂ ਮੀਟਿੰਗ 'ਚ ਬਣਾ ਲਈ ਜਾਵੇਗੀ ਜੋ ਕੋਸੋ ਹਾਲ ਵਿਖੇ 2 ਤੋਂ 5 ਵਜੇ ਤੱਕ ਹੋਵੇਗੀ। ਇਸ ਮੀਟਿੰਗ ਵਿਚ ਪ੍ਰਧਾਨ ਸੋਹਨ ਮਾਨ, ਗੁਰਿੰਦਰਪਾਲ ਬਰਾੜ, ਕਮਲਪ੍ਰੀਤ ਪੰਧੇਰ, ਰਿਸ਼ੀ ਨਾਗਰ ਅਤੇ ਗੁਰਬਚਨ ਬਰਾੜ ਤੋਂ ਇਲਾਵਾ ਕਵਿਤਾ ਮਾਹਲ "**ਨੌਜਵਾਨਾਂ ਵਿਚ ਡਰੱਗਜ਼ ਦੀ ਸਮੱਸਿਆ**" ਵਿਸ਼ੇ 'ਤੇ ਵਿਚਾਰ ਪੇਸ਼ ਕਰਨਗੇ। ਸਭ ਨੂੰ ਮੀਟਿੰਗ 'ਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ। ਨਾਟਕ ਸਮਾਗਮ 'ਚ ਸਭ ਨੂੰ ਪਰਿਵਾਰਾਂ ਸਮੇਤ ਪੁੱਜਣ ਦੀ ਅਪੀਲ।

**ਸੰਪਰਕ ਲਈ ਫੋਨ** : 403-455-4220



















### ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਵਿਚਾਰ-ਚਰਚਾ

# ਯਾਕੂਬ ਮੈਮਨ ਨੂੰ ਫਾਂਸੀ, ਦਹਿਸ਼ਤਗਰਦੀ ਅਤੇ ਨਸਲਵਾਦ ਰਹੇ ਮੁੱਦੇ

**ਮਾ. ਭਜਨ ਸਿੰਘ ਕੈਲਗਰੀ**



ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਵੱਖੋ-ਵੱਖ ਵਿਸ਼ਿਆਂ 'ਤੇ ਵਿਚਾਰ-ਚਰਚਾ ਕੀਤੀ ਗਈ। 'ਦਹਿਸ਼ਤਗਰਦ ਅਤੇ ਸਰਕਰਾਂ ਦਾ ਰੋਲ' ਵਿਸ਼ੇ 'ਤੇ ਹਰਚਰਨ ਪਰਹਾਰ ਸੰਪਾਦਕ ਸਿੱਖ ਵਿਰਸਾ, 'ਯਾਕੂਬ ਮੈਮਨ ਨੂੰ ਫਾਂਸੀ ਕਿਉਂ ਵਿਸ਼ੇ 'ਤੇ ਰਿਸ਼ੀ ਨਾਗਰ ਨਿਊਜ਼ ਡਾਇਰੈਕਟਰ ਰੈਡ ਐਫ. ਐਮ. ਅਤੇ 'ਨਸਲਵਾਦ ਦਾ ਆਧੁਨਿਕ ਯੁੱਗ 'ਚ ਅਸਰ' ਵਿਸ਼ੇ 'ਤੇ ਪੈਰੀ ਮਾਹਲ ਸਮਾਜ ਸੁਧਾਰਕ ਨੇ ਆਪਣੇ ਵਿਚਾਰ ਪੇਸ਼ ਕੀਤੇ।

ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਮਾਨ ਨੇ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਸਾਜ਼ਿਸ਼ ਅਧੀਨ ਦਹਿਸ਼ਤਗਰਦੀ ਨੂੰ ਆਪਣੇ ਰਾਜਸੀ, ਵੋਟ ਸਿਆਸਤ ਅਤੇ ਰਾਜ ਪ੍ਰਬੰਧ ਨੂੰ ਚਲਾਉਣ ਹਿੱਤ ਜਾਰੀ ਰੱਖਣ 'ਤੇ ਚਿੰਤਾ ਪ੍ਰਗਟ ਕੀਤੀ। ਸੁਰਜੀਤ ਸਿੰਘ ਡੋਡ, ਕਮਲਪ੍ਰੀਤ ਪੰਧੇਰ, ਇੰਜ. ਗੁਰਦਿਆਲ ਸਿੰਘ ਖਹਿਰਾ, ਮਾ. ਭਜਨ ਸਿੰਘ ਅਤੇ ਗੁਰਿੰਦਰਪਾਲ ਬਰਾੜ ਨੇ ਵਿਚਾਰ-ਚਰਚਾ ਵਿਚ ਭਾਗ ਲੈਂਦਿਆਂ ਆਪਣੀ ਗੱਲ ਸਾਂਝੀ ਕੀਤੀ। ਅਵੀ ਜਸਵਾਲ, ਹਰਨੇਕ ਸਿੰਘ ਬੱਧਣੀ, ਡਾ. ਮਨਮੋਹਨ ਬਾਠ, ਗੁਰਦਿਆਲ ਸਿੰਘ ਖਹਿਰਾ, ਸੁਰਜੀਤ ਸਿੰਘ ਪੰਨੂੰ ਅਤੇ ਕਮਲਪ੍ਰੀਤ ਕੌਰ ਪੰਧੇਰ ਨੇ ਆਪਣੀਆਂ ਉਸਾਰੂ ਰਚਨਾਵਾਂ ਨਾਲ ਹਾਜ਼ਰੀ ਲਗਵਾਈ।

ਹਰਚਰਨ ਪਰਹਾਰ ਨੇ ਦੀਨਾਨਗਰ ਗੁਰਦਾਸਪੁਰ ਵਿਚ ਵਾਪਰੀਆਂ ਦਹਿਸ਼ਤਗਰਦ ਘਟਨਾਵਾਂ ਦੀ ਵਿਸਥਾਰ ਵਿਚ ਰਿਪੋਰਟ ਸਾਂਝੀ ਕੀਤੀ ਜੋ ਮੀਡੀਆ 'ਚ ਨਸ਼ਰ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮੀਡੀਆ 'ਚ ਜੋ ਤੱਥ ਸਾਹਮਣੇ ਆਏ ਹਨ ਉਨ੍ਹਾਂ ਤੋਂ ਸਾਫ਼ ਜਾਹਿਰ ਹੋ ਰਿਹਾ ਹੈ ਕਿ ਇਹ ਗੁਪਤ ਏਜੰਸੀਆਂ ਰਾਹੀਂ ਕਰਵਾਈ ਸਰਕਾਰੀ ਚਾਲ ਹੈ। ਕਿਸੇ ਵੀ ਜਥੇਬੰਦੀ ਨੇ ਇਸ ਦੀ ਜ਼ਿੰਮੇਵਾਰੀ ਨਹੀਂ ਲਈ। ਬਹੁਸੰਮਤੀ ਵੋਟਾਂ ਹਾਸਲ ਕਰਨ ਲਈ ਹਿੰਦੂਆਂ ਨੂੰ, ਪਾਕਿਸਤਾਨ ਦੇ ਮੁਸਲਮਾਨ ਦਹਿਸ਼ਤਗਰਦ ਦਿਖਾ ਕੇ ਸਹਿਮ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਤਾਂ ਕਿ ਯੂ. ਪੀ. ਅਤੇ ਬਿਹਾਰ ਆਦਿ ਰਾਜਾਂ ਦੀਆਂ ਚੋਣਾਂ ਜਿੱਤੀਆਂ ਜਾ ਸਕਣ। ਮੋਦੀ ਸਰਕਾਰ ਕੋਲ 'ਅੱਛੇ ਦਿਨ' ਦਾ ਨਾਅਰਾ ਵੇਲਾ ਵਹਾ ਚੁੱਕਿਆ ਹੈ। ਹਿੰਦੂ ਸਾਵਣਵਾਦ ਫੈਲਾ ਕੇ ਹੀ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਸਕਦਾ ਹੈ।

ਰਿਸ਼ੀ ਨਾਗਰ ਨੇ 'ਯਾਕੂਬ ਮੈਮਨ ਨੂੰ ਫਾਂਸੀ ਕਿਉਂ' ਵਿਸ਼ੇ 'ਤੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਭਾਵੇਂ ਸਰਕਾਰ ਉਸਨੂੰ ਫਾਂਸੀ ਦੇਣ ਦੀ ਵਾਜਬੀਅਤ ਜਚਾ ਰਹੀ ਹੈ ਪ੍ਰੰਤੂ ਤੱਥਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਉਸਨੂੰ ਫਾਂਸੀ ਦੇਣ ਦੀਆਂ ਦਲੀਲਾਂ ਥੋਥੀਆਂ ਹਨ। ਉਸ ਦੀ ਫਾਂਸੀ ਲਈ ਕੋਈ ਠੋਸ ਸਬੂਤ ਸਰਕਾਰ ਪਾਸ ਨਹੀਂ ਸਨ। ਇਸ ਦੇ ਇਕੋ ਦੋਸ਼ੀ ਕਹੇ ਜਾ ਰਹੇ ਇਕੱਲੇ ਬੰਦੇ ਨੂੰ ਫਾਂਸੀ ਦੇਣਾ ਕਿਥੋਂ ਤੱਕ ਜਾਇਜ਼ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕੋਲ ਇਕ ਵਧੀਆ ਮੌਕਾ ਸੀ ਕਿ ਉਹ ਮੁਸਲਮਾਨ ਲੋਕਾਂ ਦੀ ਹਮਦਰਦੀ ਇਸ ਫਾਂਸੀ ਨੂੰ ਟਾਲ ਕੇ ਜਿੱਤ ਸਕਦੀ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਵੀ ਯਾਕੂਬ ਮੈਮਨ ਦੀ ਫਾਂਸੀ 'ਚ ਬੀਤੇ ਦੇ ਰੋਲ ਬਾਰੇ ਕਟਹਿਰੇ 'ਚ ਖੜ੍ਹਾ ਕੀਤਾ ਜਾ ਸਕਦਾ ਹੈ।

ਮਾਸਟਰ ਭਜਨ ਨੇ ਇਸ ਮਸਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸੰਸਾਰ 'ਚ ਅੱਜ ਚਰਚਾ ਫਾਂਸੀ ਦੇ ਕੋਹੜ ਨੂੰ ਸਮਾਜ 'ਚੋਂ ਖਤਮ ਕਰਨ ਦੀ ਹੈ ਜਿਸ ਸਮੇਂ ਸੰਸਾਰ ਭਰ 'ਚੋਂ 144 ਮੁਲਕ ਫਾਂਸੀ ਦੀ ਸਜ਼ਾ ਨੂੰ ਖਤਮ ਕਰ ਚੁੱਕੇ ਹਨ ਉਸ ਸਮੇਂ ਇਹ ਬਹਿਸ ਸੰਸਾਰ ਵਿਚ ਭਖ ਗਈ ਹੈ। 50 ਦੇਸ਼ਾਂ ਨੇ ਪਿਛਲੇ ਦਸ ਸਾਲਾਂ 'ਚ ਇਕ ਵੀ ਬੰਦੇ ਨੂੰ ਫਾਂਸੀ ਨਹੀਂ ਲਗਾਇਆ। ਸੰਸਾਰ ਭਰ ਦੇ ਡੈਮੋਕ੍ਰੈਟਿਕ, ਖੱਬੇ ਪੱਖੀ, ਬੁੱਧੀਜੀਵੀ ਅਤੇ ਅਗਾਂਹਵਧੂ ਲੋਕ ਫਾਂਸੀ ਦੀ ਸਜ਼ਾ ਦਾ ਵਿਰੋਧ ਕਰ ਰਹੇ ਹਨ। ਭਾਰਤ, ਚੀਨ, ਅਮਰੀਕਾ ਅਤੇ ਇੰਡੋਨੇਸ਼ੀਆ ਫਾਂਸੀ ਦੀ ਸਜ਼ਾ ਦੇ ਹੱਕ 'ਚ ਹਨ। ਸੁਰਜੀਤ ਡੋਡ ਨੇ ਆਪਣੀ ਗੱਲ ਕਰਦਿਆਂ ਕਿਹਾ ਕਿ ਭਾਰਤ ਵਿਚ ਯਾਕੂਬ ਮੈਨਨ ਦੀ ਤਰ੍ਹਾਂ ਅਫਜ਼ਲ ਗੁਰੂ ਅਤੇ ਕਸਾਬ ਦੇ ਮਾਮਲਿਆਂ 'ਚ ਵੀ ਭਾਰਤ ਸਰਕਾਰ ਵਲੋਂ ਅਜਿਹੇ ਮਾਪਦੰਡ ਅਪਣਾਏ ਗਏ ਸਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਫਾਂਸੀ ਦੀ ਸਜ਼ਾ ਨੂੰ ਜਾਇਜ਼ ਠਹਿਰਾਉਂਦੀਆਂ ਹਨ ਕੀ ਉਥੇ ਜੁਰਮ ਘਟੇ ਹਨ? ਜੁਆਬ ਨਹੀਂ 'ਚ ਹੈ। ਬੁਲਾਰਿਆਂ ਨੇ ਕਿਹਾ ਕਿ ਜੋ ਰਵੱਈਆ ਮੁਸਲਮਾਨ ਹੋਣ ਕਾਰਨ ਇਨ੍ਹਾਂ ਨਾਲ ਅਪਣਾਇਆ ਗਿਆ ਹੈ ਉਹ 1984 ਦੇ ਸਿੱਖਾਂ (ਹਜ਼ਾਰਾਂ) ਦੀ ਗਿਣਤੀ 'ਚ ਮਾਰੇ ਜਾਣ ਅਤੇ ਗੁਜਰਾਤ ਦੇ ਮੁਸਲਮਾਨਾਂ ਦੇ ਕਾਤਲਾਂ ਪ੍ਰਤੀ ਕਿਉਂ ਨਹੀਂ? ਕੀ ਇਕ ਨੂੰ ਵੀ ਫਾਂਸੀ ਹੋਈ ਹੈ? ਸਾਧਵੀ ਪ੍ਰਗਿਆ, ਭਾਜਪਾ ਦੀ ਮੰਤਰੀ ਮਾਯਾ ਕੋਡਕਾਨੀ ਅਤੇ ਬਜਰੰਗ ਦਲ ਦੇ ਆਗੂ ਬਾਬੂ ਬਜਰੰਗੀ ਜੋ ਅਹਿਮਦਾਬਾਦ 97 ਮੁਸਲਮਾਨਾਂ ਦੇ ਕਤਲਾਂ 'ਚ ਦੋਸ਼ੀ ਪਾਏ ਗਏ ਪ੍ਰਤੀ ਵੱਖਰਾ ਰਵੱਈਆ ਕਿਉਂ? ਕੀ ਭਾਰਤ ਰਾਜ, ਰਾਸ਼ਟਰਪਤੀ, ਨਿਆਂ ਪ੍ਰਣਾਲੀ, ਮੋਦੀ ਸਰਕਾਰ ਅਤੇ ਮੀਡੀਆ ਆਦਿ ਸ਼ੱਕ ਦੇ ਘੇਰੇ 'ਚ ਨਹੀਂ ਆਉਂਦੇ?

ਪੈਰੀ ਮਾਹਲ ਨੇ ਨਸਲਵਾਦ ਦੇ ਮੁੱਦੇ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਭਾਵੇਂ ਸਾਇੰਸ ਦੀ ਤਰੱਕੀ ਕਾਰਨ, ਟੈਕਨਾਲੋਜੀ ਮੀਡੀਆ ਅਤੇ ਮਨੁੱਖੀ ਤਰੱਕੀ ਕਾਰਨ ਨਸਲਵਾਦੀ ਘਟਨਾਵਾਂ ਪਹਿਲਾਂ ਨਾਲੋਂ ਘਟੀਆ ਹਨ। ਪ੍ਰੰਤੂ ਪੰਜਾਬ-ਭਾਰਤ ਤੋਂ ਲੈ ਕੇ ਵਿਕਸਿਤ ਦੇਸ਼ਾਂ ਖਾਸ ਕਰ ਕੈਨੇਡਾ, ਅਮਰੀਕਾ ਵਰਗੇ ਦੇਸ਼ਾਂ 'ਚ ਵੀ ਕੁੱਟ ਮਾਰ ਤੋਂ ਲੈ ਕੇ ਕਤਲਾਂ ਤੱਕ, ਇਹ ਘਟਨਾਵਾਂ ਸਾਨੂੰ ਸ਼ਰਮਸਾਰ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਸਲਵਾਦ ਨੂੰ ਜੜ੍ਹੋਂ ਖਤਮ ਕਰਨ ਲਈ ਸਾਨੂੰ ਸੰਸਾਰ ਪੱਧਰ 'ਤੇ ਇਕ ਮੱਤ ਹੋ ਕੇ ਇਸ ਖਿਲਾਫ਼ ਜਾਗਰੂਪ ਹੋਣ ਦੀ ਲੋੜ ਹੈ। ਪੰਜਾਬ ਦੀ ਇਨਕਲਾਬੀ-ਜਮਹੂਰੀ ਲਹਿਰ ਦੇ ਸੁਹਿਰਦ ਸਾਥੀ ਕਰੋੜਾ ਸਿੰਘ ਦੀ ਬੇਵਕਤ ਮੌਤ (ਨਾ-ਮੁਰਾਦ ਬੀਮਾਰੀ ਕੈਂਸਰ ਕਾਰਨ) ਤੇ ਸ਼ੋਕ ਮਤਾ ਪੜ੍ਹਿਆ ਗਿਆ। ਪ੍ਰੀਤਮ ਪੰਧੇਰ ਅਤੇ ਮਾਸਟਰ ਸਰਪਾਲ ਸੰਘਾ ਕੈਲਗਰੀ ਦੇ ਵਿਛਣ ਜਾਣ 'ਤੇ ਦੁੱਖ ਪ੍ਰਗਟ ਕੀਤਾ ਗਿਆ। ਸਟੇਜ ਸੰਚਾਲਨ ਕਰ ਰਹੇ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ 6ਵਾਂ ਤਰਕਸ਼ੀਲ ਅਤੇ ਨਾਟਕ ਸਮਾਗਮ 26 ਸਤੰਬਰ ਨੂੰ ਸੇਟ ਕਾਲਜ ਦੇ ਔਰਫੀਅਸ ਥੀਏਟਰ ਵਿਚ ਹੋਵੇਗਾ। ਜੋ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ 100 ਸਾਲਾ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ। ਅਗਲੀ ਮੀਟਿੰਗ ਸਤੰਬਰ ਦੇ ਪਹਿਲੇ ਐਤਵਾਰ ਕੋਸੋ ਹਾਲ 2 ਵਜੇ ਹੋਵੇਗੀ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਨੂੰ 403-455-4220, ਪ੍ਰੋ. ਗੋਪਾਲ ਸਿੰਘ ਨੂੰ 403-970-3588 'ਤੇ ਸੰਪਰਕ ਕਰੋ।










# ਪੂੰਜੀਪਤੀ ਲੁਟੇਰਾ ਨਿਜ਼ਾਮ ਬਦਲੇ ਬਿਨਾਂ ਲੋਕਾਂ ਦੀ ਮੁਕਤੀ ਸੰਭਵ ਨਹੀਂ : ਅਮੋਲਕ ਸਿੰਘ

## ਹਰਚਰਨ ਸਿੰਘ ਪਰਹਾਰ ਸੰਪਾਦਕ 'ਸਿੱਖ ਵਿਰਸਾ' ਵਲੋਂ ਅਮਲੋਕ ਨਾਲ ਵਿਸ਼ੇਸ਼ ਮੁਲਾਕਾਤ



**ਸਵਾਲ: ਤੁਹਾਡੀ ਕਨੇਡਾ ਫੇਰੀ ਦਾ ਮਕਸਦ?**

**ਜਵਾਬ:** ਗਦਰ ਪਾਰਟੀ ਦੇ ਸ਼ਹੀਦਾਂ ਦੀ ਸ਼ਤਾਬਦੀ ਦਾ ਵਰ੍ਹਾ ਚੱਲ ਰਿਹਾ ਹੈ, ਇਸ ਮੌਕੇ ਕਨੇਡਾ ਦੀਆਂ ਅਨੇਕਾਂ ਅਗਾਂਹਵਧੂ, ਤਰਕਸ਼ੀਲ, ਵਿਗਿਆਨਕ ਤੇ ਦੇਸ਼ ਭਗਤੀ ਦੀ




ਸੋਚ ਨੂੰ ਸਮਰਪਿਤ ਸਮਾਜਿਕ, ਸਭਿਆਚਾਰਕ ਸੰਸਥਾਵਾਂ ਵਲੋਂ ਵੈਨਕੂਵਰ, ਟਰਾਂਟੋ, ਵਿਨੀਪੈਗ, ਐਡਮਿੰਟਨ, ਕੈਲਗਰੀ ਆਦਿ ਸ਼ਹਿਰਾਂ ਵਿੱਚ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਆਇਆ ਹਾਂ। ਇਹ ਸ਼ਤਾਬਦੀ ਇਸ ਕਰਕੇ ਵੀ ਮਹੱਤਵਪੂਰਨ ਹੈ ਕਿਉਂਕਿ 100 ਸਾਲ ਪਹਿਲਾਂ 1915 ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਬਸਤੀਵਾਦੀ ਹਾਕਮਾਂ ਨੇ ਫਾਂਸੀ ਲਗਾ ਕੇ ਸ਼ਹੀਦ ਕੀਤਾ ਸੀ। ਅੱਜ ਜਦੋਂ ਅਸੀਂ ਇਹ ਸ਼ਤਾਬਦੀਆਂ ਮਨਾ ਰਹੇ ਹਾਂ, ਜਿਥੇ ਇਸ ਮੌਕੇ ਉਨ੍ਹਾਂ ਦੇਸ਼ ਭਗਤ ਯੋਧਿਆਂ ਦੀ ਕੁਰਬਾਨੀ ਨੂੰ ਯਾਦ ਕੀਤਾ ਜਾਵੇਗਾ, ਉਥੇ ਇਨ੍ਹਾਂ ਸਮਾਗਮਾਂ ਦਾ ਮਕਸਦ ਇਹ ਚਰਚਾ ਕਰਨਾ ਵੀ ਹੈ ਕਿ 100 ਸਾਲ ਬਾਅਦ ਅੱਜ ਅਸੀਂ ਕਿਥੇ ਖੜੇ ਹਾਂ ? ਕੀ ਸ਼ਹੀਦਾਂ ਦੇ ਸੁਪਨਿਆਂ ਦਾ ਸੰਸਾਰ ਸਿਰਜਿਆ ਜਾ ਚੁੱਕਾ ਹੈ? ਅਸੀਂ ਇਤਿਹਾਸ ਦੇ ਉਨ੍ਹਾਂ ਮਾਣਮੱਤੇ ਵਰਕਿਆ ਤੋਂ ਸੇਧ ਲੈ ਕੇ ਅੱਜ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਿਵੇਂ ਕਰ ਸਕਦੇ ਹਾਂ? ਮੈਂ ਸਮਝਦਾ ਹਾਂ ਕਿ ਇਸ ਮੌਕੇ ਇਹ ਵੀ ਵਿਚਾਰਨ ਦਾ ਨੁਕਤਾ ਹੈ ਕਿ ਗਦਰੀਆਂ ਸਮੇਤ ਹਜ਼ਾਰਾਂ ਭਾਰਤੀਆਂ ਨੂੰ ਆਪਣੀ ਮਾਤਭੂਮੀ ਛੱਡ ਕੇ ਪ੍ਰਵਾਸੀ ਕਿਉਂ ਹੋਣਾ ਪਿਆ ਸੀ? ਕੀ ਅੱਜ ਵੀ ਉਹੀ ਕਾਰਨ ਤੇ ਨਹੀਂ ਕਿ ਸਾਨੂੰ ਦੁਆਰਾ ਪ੍ਰਵਾਸ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ? ਉਹ ਕੀ ਕਾਰਨ ਹਨ ਕਿ ਪਹਿਲੀ ਸੰਸਾਰ ਜੰਗ ਤੋਂ ਬਾਅਦ ਗਰੀਬੀ, ਭੁੱਖਮਰੀ, ਬੇਰੁਜਗਾਰੀ ਦੇ ਸਤਾਏ ਭਾਰਤੀ ਲੋਕ ਵਿਦੇਸ਼ਾਂ ਨੂੰ ਭੱਜ ਰਹੇ ਸਨ ਤੇ ਅੱਜ 100 ਸਾਲ ਬਾਅਦ ਵੀ ਤਕਰੀਬਨ ਉਹੋ ਜਿਹੇ ਕਾਰਨਾਂ ਕਰਕੇ ਪ੍ਰਵਾਸ ਕਰ ਰਹੇ ਹਨ। ਫਿਰ 1947 ਵਿੱਚ ਆਜ਼ਾਦੀ ਆਉਣ ਨਾਲ ਕੀ ਬਦਲਿਆ ਹੈ?

**ਸਵਾਲ: ਤੁਸੀਂ ਦੇਸ਼ ਭਗਤੀ, ਆਗਾਂਹਵਧੂ ਵਿਚਾਰਧਾਰਾ ਤੇ ਮਿਹਨਤਕਸ਼ ਲੋਕਾਂ ਦੇ ਸੰਘਰਸ਼ ਨਾਲ ਕਦੋਂ ਤੇ ਕਿਵੇਂ ਜੁੜੇ?**

**ਜਵਾਬ:** ਇਹ ਗੱਲ ਉਦੋਂ ਦੀ ਹੈ, ਜਦੋਂ ਸੱਤਰਵਿਆਂ ਦੇ ਸ਼ੁਰੂਆਤੀ ਦੌਰ ਵਿੱਚ ਮੈਂ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਵਿੱਚ ਇਲੈਕਟਰੀਕਲ ਇੰਜਨੀਅਰਿੰਗ ਕਰ ਰਿਹਾ ਸੀ ਤੇ 5-6 ਅਕਤੂਬਰ, 1972 ਨੂੰ ਵਿਦਿਆਰਥੀਆਂ ਦੇ ਆਪਣੀਆਂ ਮੰਗਾਂ ਲਈ ਘੋਲ ਮੌਕੇ ਪੁਲਿਸ ਵਲੋਂ ਕੀਤੀ ਫਾਇਰਿੰਗ ਨਾਲ ਕਈ ਵਿਦਿਆਰਥੀ ਮਾਰੇ ਗਏ ਤੇ ਅਨੇਕਾਂ ਜ਼ਖਮੀ ਹੋ ਗਏ। ਇਸ ਨਾਲ ਨੌਜਵਾਨਾਂ ਵਿੱਚ ਸਰਕਾਰੀ ਜ਼ਬਰ ਖਿਲਾਫ ਜ਼ਬਰਦਸਤ ਲਹਿਰ ਖੜ੍ਹੀ ਹੋ ਗਈ। ਇਹ ਪਹਿਲਾ ਮੌਕਾ ਸੀ, ਜਦੋਂ ਪੰਜਾਬ ਨੂੰ ਫੌਜ ਦੇ ਹਵਾਲੇ ਵੀ ਕਰਨਾ ਪਿਆ ਸੀ। ਇਨ੍ਹਾਂ ਘਟਨਾਵਾਂ ਨੇ ਮੇਰੇ ਤੇ ਗਹਿਰਾ ਅਸਰ ਪਾਇਆ ਤੇ ਮੈਂ ਸੋਚਣ ਲੱਗਾ ਕਿ ਇਹ ਕਿਹੜੀ ਅਜ਼ਾਦੀ ਹੈ, ਜਿਥੇ ਵਿਦਿਆਰਥੀਆਂ ਤੇ ਮਿਹਨਤਕਸ਼ ਲੋਕਾਂ ਨੂੰ ਆਪਣੇ ਹੱਕਾਂ ਲਈ ਸ਼ਾਂਤਮਈ ਸੰਘਰਸ਼ ਕਰਦਿਆਂ ਗੋਲੀਆਂ ਤੇ ਲਾਠੀਆਂ ਖਾਣੀਆਂ ਪੈਂਦੀਆਂ ਹਨ। ਕੀ ਸਾਡੇ ਪੁਰਖਿਆਂ ਨੇ ਅਜਿਹੀ ਅਜ਼ਾਦੀ ਲਈ ਜਾਨਾਂ ਵਾਰੀਆਂ ਸਨ? ਇਨ੍ਹਾਂ ਘਟਨਾਵਾਂ ਨੇ ਮੇਰੀ ਸੋਚ ਵਿੱਚ ਅਜਿਹੀ ਤਬਦੀਲੀ ਲਿਆਂਦੀ ਕਿ ਮੈਂ 1974 ਵਿੱਚ ਆਪਣੀ ਇੰਜਨੀਅਰਿੰਗ ਦੀ ਡਿਗਰੀ ਫਸਟ ਡਿਵੀਜਨ ਵਿੱਚ ਕਰਨ ਤੋਂ ਬਾਅਦ, ਫੈਸਲਾ ਕਰ ਲਿਆ ਕਿ ਹੁਣ ਇਸ ਲੁਟੇਰੇ ਤੇ ਭ੍ਰਿਸ਼ਟਾਚਾਰ ਵਿੱਚ ਲੁਪਤ ਨਿਜ਼ਾਮ ਦੀ ਨੌਕਰੀ ਨਹੀਂ ਕਰਨੀ ਤੇ ਆਪਣੀ ਜ਼ਿੰਦਗੀ ਮਿਹਨਤਕਸ਼ ਲੋਕਾਂ ਦੇ ਹੱਕਾਂ ਲਈ ਲੜਨ ਨੂੰ ਸਮਰਪਿਤ ਕਰਾਂਗਾ ਤੇ 40 ਸਾਲ ਬਾਅਦ ਆਪਣੇ ਹਿੱਸੇ ਦਾ ਯੋਗਦਾਨ ਪਾਉਣ ਲਈ ਨਿਰੰਤਰ ਯਤਨਸ਼ੀਲ ਹਾਂ। ਮੈਂ ਆਪਣੀ ਡਿਗਰੀ ਮਾਂ ਦੇ ਚਰਨਾਂ ਵਿੱਚ ਰੱਖ ਕੇ ਘਰੋਂ ਇਹ ਕਹਿ ਕਿ ਤੁਰ ਪਿਆ ਸੀ ਕਿ ਮੈਨੂੰ ਆਪਣੇ ਜੀਵਨ ਦਾ ਲਕਸ਼ ਮਿਲ ਗਿਆ ਹੈ। ਮੈਨੂੰ ਇਹ ਸਮਝ ਆ ਗਈ ਸੀ ਕਿ ਲੱਖਾਂ ਸ਼ਹਾਦਤਾਂ ਤੋਂ

(ਬਾਕੀ ਸਫ਼ਾ 19 'ਤੇ)

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਈਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਸਰੋਕਾਰਾਂ ਦੀ ਟੀਮ 'ਚ ਨਵਾਂ ਚਿਹਰਾ



ਅਸੀਂ ਮਾਣ ਮਹਿਸੂਸ ਕਰਦੇ ਹਾਂ ਡਾ. ਹਰਦੀਪ ਸਿੰਘ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕੀ ਬੋਰਡ ਵਿਚ ਮੈਂਬਰ ਵਜੋਂ ਸ਼ਾਮਲ ਹੋਏ ਹਨ। ਡਾ. ਹਰਦੀਪ ਸਿੰਘ ਗੁਲਫ ਓਟਾਰੀਓ 'ਸਰੋਕਾਰਾਂ ਦੀ ਆਵਾਜ਼' ਸਿਹਤ ਦੇ ਨਾਲ-ਨਾਲ ਮੌਜੂਦਾ ਸਿਆਸੀ ਹਾਲਾਤਾਂ ਬਾਰੇ ਵੀ ਚਾਨਣਾ ਪਾਇਆ ਕਰਨਗੇ। ਇਹ ਕਿੱਤੇ ਵਜੋਂ ਡਾਕਟਰ ਅਤੇ ਜਨਰਲਿਸਟ ਵੀ ਹਨ। ਇਨ੍ਹਾਂ ਦਾ ਸੰਪਾਦਕੀ ਬੋਰਡ ਦਾ ਮੈਂਬਰ ਬਣਨ 'ਤੇ ਅਦਾਰਾ ਮਾਣ ਮਹਿਸੂਸ ਕਰਦਾ ਹੈ।

ਸੰਪਾਦਕ






















# ਪੂੰਜੀਪਤੀ ਲੁਟੇਰਾ ਨਿਜ਼ਾਮ ਬਦਲੇ ਬਿਨਾਂ ਲੋਕਾਂ ਦੀ ਮੁਕਤੀ ਸੰਭਵ ਨਹੀਂ : ਅਮੋਲਕ ਸਿੰਘ

ਬਾਅਦ ਵੀ ਮਲਕ ਭਾਗੋ ਅਜੇ ਮੋਏ ਨਹੀਂ, ਔਰੰਗਜ਼ੇਬ ਦੀਆਂ ਰੂਹਾਂ ਅਜੇ ਵੀ ਜਿੰਦਾ ਹਨ, ਬਾਬਰ ਨੇ ਆਪਣਾ ਜਾਬਰੀ ਚਿਹਰਾ ਮੁਹਰਾ ਹੀ ਬਦਲਿਆ ਹੈ, ਰਾਜਸੀ ਤਾਕਤ ਗੋਰੇ ਹਾਕਮਾਂ ਦੀ ਥਾਂ ਦੇਸੀ ਹਾਕਮਾਂ ਹੱਥ ਹੀ ਆਈ ਹੈ, ਅਜੇ ਸ਼ਹੀਦਾਂ ਦੇ ਸੁਪਨੇ ਪੂਰੇ ਕਰਨੇ ਬਾਕੀ ਹਨ। ਮੈਂ ਪ੍ਰਣ ਕਰ ਲਿਆ ਸੀ ਕਿ ਆਪਣੇ ਜੀਵਨ ਦਾ ਹਰ ਸਵਾਸ ਮਨੁੱਖਤਾ ਦੀ ਭਲਾਈ, ਸਮਾਜ ਦੇ ਸਰੋਕਾਰਾਂ ਤੇ ਮਿਹਨਕਸ਼ ਲੋਕਾਂ ਦੇ ਸੰਘਰਸ਼ ਲਈ ਲਾਵਾਂਗਾ। ਇਹ ਸਫਰ ਨਿਰੰਤਰ ਜਾਰੀ ਹੈ੩੩

**ਸਵਾਲ: ਜ਼ਿੰਦਗੀ ਦੇ ਇਸ ਲੰਬੇ ਸਫਰ ਵਿੱਚ ਕਿਸ ਕਿਸ ਮੁਹਾਜ਼ ਤੇ ਕੰਮ ਕੀਤਾ?**

**ਜਵਾਬ:** ਮੈਂ ਵਿਦਿਆਰਥੀ ਜਥੇਬੰਦੀਆਂ ਤੋਂ ਸ਼ੁਰੂ ਕਰਕੇ ਕਿਸਾਨਾਂ, ਖੇਤ ਮਜਦੂਰਾਂ, ਪੱਲੇਦਾਰਾਂ, ਦਲਿਤਾਂ, ਮਜਦੂਰ ਜਥੇਬੰਦੀਆਂ, ਰੰਗ-ਮੰਚ, ਨਾਟਕ, ਸਾਹਿਤ ਆਦਿ ਖੇਤਰਾਂ ਵਿੱਚ ਹਰ ਉਸ ਵਿਅਕਤੀ ਜਾਂ ਸੰਸਥਾ ਨਾਲ ਕੰਮ ਕਰਨ ਦੀ ਕੋਸ਼ਿਸ਼ ਕੀਤੀ, ਜੋ ਲੋਕ ਹਿੱਤਾਂ ਜਾਂ ਸਮਾਜਿਕ ਸਰੋਕਾਰਾਂ ਲਈ ਸੰਘਰਸ਼ਸ਼ੀਲ ਹੈ। ਮੇਰਾ ਮੰਨਣਾ ਹੈ ਕਿ ਸਭ ਤਰ੍ਹਾਂ ਮਿਹਨਤਕਸ਼ ਲੋਕਾਂ ਦੀਆਂ ਜਥੇਬੰਦੀਆਂ, ਲੋਕ ਪੱਖੀ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਇਕੱਠੇ ਹੋ ਕੇ ਕੰਮ ਕਰਨ ਦੀ ਲੋੜ ਹੈ ਤਾਂ ਹੀ ਸਮਾਜ ਦਾ ਭਲਾ ਹੋ ਸਕਦਾ ਹੈ ਤੇ ਲੁਟੇਰਾ ਨਿਜ਼ਾਮ ਤੋਂ ਮੁਕਤੀ ਮਿਲ ਸਕਦੀ ਹੈ। ਨਹੀਂ ਤਾਂ ਉਹ ਸਾਨੂੰ ਵੰਡ ਕੇ ਆਪਣੀ ਰਾਜਨੀਤੀ ਕਰਦੇ ਹਨ। ਮੈਂ ਹੁਣ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ, ਦੇਸ਼ ਭਗਤ ਯਾਦਗਰ ਕਮੇਟੀ ਦੇ ਟਰਸਟੀ ਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਦੇ ਤੌਰ ਤੇ ਸੇਵਾਵਾਂ ਵੀ ਨਿਭਾ ਰਿਹਾ ਹਾਂ।

**ਸਵਾਲ: ਆਪਣੇ ਰਚਨਾ ਸੰਸਾਰ ਬਾਰੇ ਵੀ ਕੁਝ ਚਾਨਣਾ ਪਾਉ?**

**ਜਵਾਬ:** ਮੈਂ ਗੀਤਾਂ, ਨਾਟਕਾਂ, ਇਤਿਹਾਸ, ਰੇਖਾ ਚਿੱਤਰ, ਇਤਿਹਾਸਕ ਦਸਾਤਵੇਜ ਇਕੱਠੇ ਕਰਨੇ ਆਦਿ ਖੇਤਰਾਂ ਵਿੱਚ ਕਲਮ ਚਲਾਉਣ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਬਹੁਤ ਸਾਰੇ ਗੀਤ ਤੇ ਲੇਖ ਅਕਸਰ ਦੇਸ਼-ਵਿਦੇਸ਼ ਦੀਆਂ ਅਖਬਾਰਾਂ ਤੇ ਰਸਾਲਿਆਂ ਵਿੱਚ ਛਪਦੇ ਰਹਿੰਦੇ ਹਨ। ਮੈਂ 'ਸੁਰਖ ਰੇਖਾ' ਮੈਗਜੀਨ ਦਾ ਸੰਪਾਦਕ ਰਿਹਾ ਹਾਂ, 'ਮੁਕਤੀ ਮਾਰਗ' ਤੇ ਸਾਹਿਤਕ ਮੈਗਜੀਨ 'ਸਰਦਲ' ਰਸਾਲਿਆਂ ਦਾ ਵੀ ਸੰਪਾਦਕ ਹਾਂ। ਇਸ ਤੋਂ ਇਲਾਵਾ 'ਵਿਰਸਾ' ਮੈਗਜੀਨ ਦੇ ਸੰਪਾਦਕੀ ਮੰਡਲ ਵਿੱਚ ਵੀ ਕੰਮ ਕਰਦਾ ਹਾਂ। ਮੇਰੀਆਂ ਗੀਤਾਂ ਦੀ ਦੋ ਕਿਤਾਬਾਂ 'ਸੰਗਰਾਮੀ ਬੋਲ' ਤੇ 'ਗੀਤਾਂ ਦੀ ਲੋਅ' ਦੋ ਕਿਤਾਬਾਂ ਪ੍ਰਕਾਸ਼ਤ ਹੋਈਆਂ ਹਨ। ਕੁਝ ਕਿਤਾਬਾਂ ਦੀ ਸੰਪਾਦਨਾ ਵੀ ਕੀਤੀ ਹੈ, ਜਿਨ੍ਹਾਂ ਵਿੱਚ 'ਸੂਹੀ ਫੁਲਕਾਰੀ', 'ਮਘਦਾ ਸੂਰਜ', 'ਬਲੀਡਿੰਗ ਪੰਜਾਬ' 'ਸਾਹਿਤ ਦਾ ਸਾਗਰ-ਪਾਸ਼', 'ਚੋਣਵੀਂ ਕਵਿਤਾ-ਬਲ ਰਹੇ ਦੀਪ' 'ਗਦਰ ਦੀ ਗੂੰਜ' ਗੀਤ ਚਿਰਾਗਾਂ ਦੇ', 'ਜਮਹੂਰੀ ਸੰਗਰਾਮ ਦੇ ਦਸਤਾਵੇਜ' ਸ਼ਾਮਿਲ ਹਨ। ਇਸ ਤੋਂ ਇਲਾਵਾ ਗਦਰੀ ਬਾਬਿਆਂ ਦੇ ਸਲਾਨਾ ਮੇਲੇ ਤੇ ਗਾਏ ਜਾਂਦੇ 'ਝੰਡੇ ਦੇ ਗੀਤਾਂ' ਦੀ ਕਿਤਾਬ ਛਪੀ ਹੈ, ਜਿਸ ਵਿੱਚ ਪਿਛਲੇ 23 ਸਾਲਾਂ ਵਿੱਚ ਗਾਏ ਗੀਤ ਸ਼ਾਮਿਲ ਹਨ।

**ਸਵਾਲ: ਇਸ ਜੀਵਨ ਸੰਗਰਾਮ ਦੌਰਾਨ ਤੁਸੀਂ ਸਮਾਜਿਕ ਸਰੋਕਾਰਾਂ ਦੇ ਸੰਦਰਭ ਵਿੱਚ ਕਿਹੜੀਆਂ ਉਭਰਵੀਆਂ ਚੁਣੌਤੀਆਂ ਮਹਿਸੂਸ ਕੀਤੀਆਂ?**

**ਜਵਾਬ:** ਮੇਰੇ ਸਮਾਜਿਕ ਜੀਵਨ ਦੇ ਸਫਰ ਦੌਰਾਨ ਸਭ ਤੋਂ ਪਹਿਲੀ ਵੱਡੀ ਚੁਣੌਤੀ, ਉਨ੍ਹਾਂ ਸਮਿਆਂ ਦੀ ਹੈ, ਜਦੋਂ ਪੰਜਾਬ ਵਿੱਚ ਨੌਜਵਾਨਾਂ ਨੂੰ ਨਕਸਲਬਾੜੀਕਹਿ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਸੀ। ਉਨ੍ਹਾਂ ਸਮਿਆਂ ਵਿੱਚ ਅਸੀਂ ਸਰਕਾਰੀ ਜਬਰ ਦਾ ਸੱਚ ਲੋਕਾਂ ਤੱਕ ਲਿਜਾਣ ਲਈ ਕੰਮ ਕੀਤਾ। ਫਿਰ 1975 ਵਿੱਚ ਲੱਗੀ ਐਮਰਜੈਂਸੀ ਦੌਰਾਨ ਲੁਕਵੇਂ ਢੰਗ ਤੇ ਨਾਮ ਬਦਲ ਕੇ ਕੰਮ ਕੀਤੇ, ਪਰ ਘਰ ਨਹੀਂ ਬੈਠੇ। ਫਿਰ 1976 ਵਿੱਚ 'ਜਨਤਾ ਪਾਰਟੀ' ਦੀ ਸਰਕਾਰ ਆਈ ਤਾਂ ਆਮ ਲੋਕਾਂ ਸਮੇਤ ਬਹੁਤ ਸਾਰੇ ਇਨਕਲਾਬੀ ਲੋਕਾਂ ਨੂੰ ਵੀ ਭਰਮ ਪੈ ਗਿਆ ਸੀ ਕਿ 1947 ਵਿੱਚ ਲੰਗੜੀ ਆਜ਼ਾਦੀ ਆਈ ਸੀ, ਹੁਣ ਅਸਲੀ ਆਜ਼ਾਦੀ ਆ ਗਈ ਹੈ ਤੇ ਸਭ ਕੁਝ ਠੀਕ ਹੋ ਜਾਣਾ ਹੈ, ਭਾਰਤ ਹੁਣ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਣਨ ਜਾ ਰਿਹਾ ਹੈ? ਅਸੀਂ ਉਨ੍ਹਾਂ ਵਿੱਚ ਵੀ ਇਹ ਹੋਕਾ ਜਾਰੀ ਰੱਖਿਆ ਕਿ ਕਾਂਗਰਸ ਜਾਣ ਤੇ ਜਨਤਾ ਪਾਰਟੀ ਦੀ ਸਰਕਾਰ ਆਉਣ ਨਾਲ ਕੁਝ ਵੀ ਬਦਲਣ ਵਾਲਾ ਨਹੀਂ ਹੈ, ਅਸਲ ਰਾਜ ਤਾਂ ਟਾਟਿਆਂ, ਬਾਟਿਆਂ, ਡਾਲਮੀਆਂ ਤੇ ਕੁਝ ਰਈਸ ਘਰਾਣਿਆਂ ਦੇ ਹੱਥਾਂ ਵਿੱਚ ਹੈ, ਜਦ ਤੱਕ ਇਹ ਨਿਜ਼ਾਮ ਨਹੀਂ ਬਦਲਦਾ, ਕੁਝ ਵੀ ਬਦਲਣ ਵਾਲਾ ਨਹੀਂ ਹੈ। ਸਾਡੀ ਇਹ ਸੋਚ, ਸੱਚ ਸਾਬਿਤ ਹੋਈ ਤੇ ਨਤੀਜੇ ਸਭ ਦੇ ਸਾਹਮਣੇ ਹਨ। ਫਿਰ ਉਨ੍ਹਾਂ ਸਮਿਆਂ ਵਿੱਚ 'ਹਰਾ ਇਨਕਲਾਬ' ਇੱਕ ਚੁਣੌਤੀ ਬਣ ਕੇ ਸਾਹਮਣੇ ਆਇਆ, ਇਕ ਵਾਰ ਤੇ ਲੋਕਾਂ ਨੂੰ ਇਉਂ ਮਹਿਸੂਸ ਹੋਣ ਲੱਗਾ ਸੀ ਕਿ ਸਭ ਪਾਸੇ ਲਹਿਰਾਂ ਬਹਿਰਾਂ ਹੋ ਜਾਣਗੀਆਂ, ਸਾਡੀ ਜੂਨ ਸੁਧਰ ਜਾਵੇਗੀ, ਕਿਸਾਨ ਤੇ ਮਜਦੂਰ ਖੁਸ਼ਹਾਲ ਹੋ ਜਾਣਗੇ? ਸਾਡੀਆਂ ਉਸ ਸਮੇਂ ਦੀਆਂ ਲਿਖਤਾਂ ਇਸ ਗੱਲ ਦੀਆਂ ਗਵਾਹ ਹਨ ਕਿ 'ਹਰਾ ਇਨਕਲਾਬ' ਸਾਮਰਾਜੀ ਤਾਕਤਾਂ ਦਾ ਇੱਕ ਛਲਾਵਾ ਹੀ ਹੈ, ਇਸਦੇ ਦੂਰਰਸ ਸਿੱਟੇ ਬੜੇ ਭਿਆਨਕ ਨਿਕਲਣਗੇ, ਹੁਣ ਉਸਦੇ ਨਤੀਜੇ ਸਾਹਮਣੇ ਆ ਰਹੇ ਹਨ, ਜਦੋਂ ਪੰਜਾਬ ਦੀ ਧਰਤੀ ਬੰਜਰ ਹੋ ਰਹੀ ਹੈ, ਪਾਣੀ ਦਾ ਪੱਧਰ ਨੀਵਾਂ ਤੇ ਗੰਦਾ ਹੋ ਰਿਹਾ ਹੈ, ਕਿਸਾਨ ਤੇ ਮਜਦੂਰ ਕਰਜ਼ੇ ਦੀ ਮਾਰ ਹੇਠ ਖੁਦਕੁਸ਼ੀਆਂ ਕਰ ਰਹੇ ਹਨ। ਫਿਰ 84 ਦਾ ਦੌਰ ਆਇਆ, ਜਿਥੇ ਇੱਕ ਪਾਸੇ ਹਕੂਮਤ ਦਾ ਜ਼ਬਰ ਬੜੀ ਬੇਰਹਿਮੀ ਨਾਲ ਚੱਲ ਰਿਹਾ ਸੀ ਤੇ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਸੀ ਤੇ ਉਥੇ ਦੂਜੇ ਪਾਸੇ ਪੰਜਾਬ ਦਾ ਮਾਹੌਲ਼ ਫਿਰਕੂ ਬਣਾਇਆ ਜਾ ਰਿਹਾ ਸੀ ਤੇ ਧਾਰਮਿਕ ਜਨੂੰਨ ਅਧੀਨ ਬੇਗੁਨਾਹ ਲੋਕਾਂ ਦੇ ਕਤਲ ਹੋ ਰਹੇ ਸਨ। ਉਨ੍ਹਾਂ ਸਮਿਆਂ ਵਿੱਚ ਵੀ ਅਸੀਂ ਸੱਚ ਦਾ ਪੱਲਾ ਨਹੀਂ ਛੱਡਿਆ। ਬੇਸ਼ਕ ਸੱਚ ਕਹਿਣ ਜਾਂ ਲਿਖਣ ਤੇ ਦੋਨੋਂ ਪਾਸਿਉਂ ਗੋਲੀ ਵੱਜਦੀ ਸੀ। ਇਸ ਕਾਲੇ ਦੌਰ ਵਿੱਚ ਅਸੀਂ ਆਪਣੇ ਅਨੇਕਾਂ ਸਾਥੀ ਗੰਵਾਏ, ਪਰ ਗੁਰੂਆਂ, ਸ਼ਹੀਦਾਂ, ਦੇਸ਼ ਭਗਤਾਂ ਦੀ ਸੋਚ ਨੂੰ ਮੁੱਖ ਰੱਖ ਕੇ ਲੋਕਾਂ ਦੇ ਸਿਰਾਂ ਵਿੱਚ ਗਿਆਨ ਦੇ ਦੀਪਕ ਬਾਲਣ ਦਾ ਕਾਰਜ ਜਾਰੀ ਰੱਖਿਆ। ਲੋਕਾਂ ਵਿੱਚ ਫਿਰਕੂ ਨਫਰਤ ਭਰ ਕੇ ਲੜਾਉਣ ਵਾਲੀਆਂ ਸ਼ਕਤੀਆਂ ਤੋਂ ਸੁਚੇਤ ਕਰਦੇ ਰਹੇ। ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਧਰਮਾਂ, ਜਾਤਾਂ, ਫਿਰਕਿਆਂ ਦੇ ਨਾਮ ਤੇ ਆਪਸ ਵਿੱਚ ਲੜਨ ਦੀ ਥਾਂ ਸਾਂਝੇ ਦੁਸ਼ਮਣ, ਲੁਟੇਰੇ ਹਾਕਮਾਂ ਖਿਲਾਫ ਲੜੀਏ।

ਅੱਜ ਹੁਣ ਨਵੀਂ ਚੁਣੌਤੀ ਇਹ ਹੈ ਕਿ ਇੱਕ ਪਾਸੇ ਕਰਜ਼ਿਆਂ ਦੇ ਭਾਰ ਹੇਠ ਦਬੇ ਕਿਰਸਾਨ-ਮਜਦੂਰ ਖੁਦਕੁਸ਼ੀਆਂ ਕਰ ਰਹੇ ਹਨ, ਉਥੇ ਨੌਜਵਾਨ ਪੀੜ੍ਹੀ ਇੱਕ ਸਾਜ਼ਿਸ਼ ਤਹਿਤ ਨਸ਼ਿਆਂ ਵੱਲ ਧੱਕੀ ਜਾ ਰਹੀ ਹੈ ਤੇ ਦੂਜੇ ਪਾਸੇ ਅਸ਼ਲੀਲ ਸਭਿਆਚਾਰ ਰਾਹੀਂ ਪੰਜਾਬ ਦੀ ਅਣਖੀ ਜਵਾਨੀ ਨੂੰ ਗੈਰ ਇਖਲਾਕੀ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਬੇਰੁਜ਼ਗਾਰੀ, ਕਾਲੇ ਕਨੂੰਨ, ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਦੇਸ਼ ਦੇ ਕੁਦਰਤੀ ਸਰੋਤਾਂ ਦੀ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਲੁੱਟ ਆਦਿ ਪ੍ਰਮੁੱਖ ਮੁੱਦੇ ਹਨ। ਅੱਜ 100 ਸਾਲ ਬਾਅਦ ਜਦੋਂ ਅਸੀਂ ਗਦਰੀਆਂ ਦੀ ਸ਼ਹੀਦੀ ਸ਼ਤਾਬਦੀ ਮਨਾ ਰਹੇ ਤਾਂ ਹਾਲਾਤ ਬਦ ਤੋਂ ਬਦਤਰ ਹੋਏ ਹਨ, ਅੱਜ ਸਾਡੇ ਸਾਹਮਣੇ ਉਨ੍ਹਾਂ ਸਮਿਆਂ ਤੋਂ ਵੀ ਵੱਡੀਆਂ ਤੇ ਖਤਰਨਾਕ ਚੁਣੌਤੀਆਂ ਖੜ੍ਹੀਆਂ ਹਨ।

**ਸਵਾਲ: ਇੰਨੀਆਂ ਵੱਡੀਆਂ ਚੁਣੌਤੀਆਂ ਤੇ ਉਨ੍ਹਾਂ ਨਾਲ ਅਨੇਕਾਂ ਮਿਹਨਤਕਸ਼ ਤੇ ਇਨਕਲਾਬੀ**

(ਸਫ਼ਾ 17 ਦੀ ਬਾਕੀ)

**ਲੋਕਾਂ ਵਲੋਂ ਸੰਘਰਸ਼ ਲੜਨ ਦੇ ਬਾਵਜੂਦ ਵੀ ਕਮਿਉਨਿਸਟ ਜਾਂ ਸਮਾਜਵਾਦੀ ਪਾਰਟੀਆਂ ਭਾਰਤ ਵਿੱਚ ਆਪਣੇ ਪੈਰ ਕਿਉਂ ਨਹੀਂ ਜਮਾ ਸਕੀਆਂ?**

**ਜਵਾਬ:** ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਸਮਾਜਵਾਦੀ ਪਾਰਟੀਆਂ ਜਾਂ ਇਨਕਲਾਬੀ ਤਾਕਤਾਂ ਬਿਲਕੁਲ ਕਾਮਯਾਬ ਨਹੀਂ ਹੋਈਆਂ। ਬੇਸ਼ਕ ਇਹ ਵੀ ਸਚਾਈ ਹੈ ਕਿ ਜੋ ਜੜ੍ਹਾਂ ਇਨਕਲਾਬੀ ਧਿਰਾਂ ਦੀਆਂ ਭਾਰਤ ਵਿੱਚ ਪਿਛਲੇ 70 ਸਾਲਾਂ ਵਿੱਚ ਲੱਗਣੀਆਂ ਚਾਹੀਦੀਆਂ ਸਨ, ਉਹ ਨਹੀਂ ਲੱਗ ਸਕੀਆਂ। ਮੇਰੀ ਸਮਝ ਅਨੁਸਾਰ ਇਸਦੇ ਕਈ ਪੱਖ ਹਨ। ਭਾਰਤੀ ਸਮਾਜ ਵਿੱਚ ਅਨੇਕਾਂ ਤਰ੍ਹਾਂ ਦੀਆਂ ਵਿਰੋਧਤਾਈਆਂ ਹਨ ਤੇ ਵੱਡੇ ਪੱਧਰ ਤੇ ਅਸਾਵਾਂਪਨ ਵੀ ਹੈ। ਕਈ ਤਰ੍ਹਾਂ ਦੇ ਸਮਾਜ, ਸਭਿਆਚਾਰ, ਬੋਲੀਆਂ, ਧਰਮ ਆਦਿ ਹਨ। ਜਿਸਨੂੰ ਸਮਝੇ ਬਗੈਰ ਇਥੇ ਕਾਮਯਾਬ ਨਹੀਂ ਹੋਇਆ ਜਾ ਸਕਦਾ। ਪਿਛਲੀ ਸਦੀ ਵਿੱਚ ਕਈ ਦੇਸ਼ਾਂ ਵਿੱਚ ਇਨਕਲਾਬ ਆਏ ਹਨ, ਜਿਸਦਾ ਪ੍ਰਭਾਵ ਬਾਕੀ ਦੇਸ਼ਾਂ ਸਮੇਤ ਭਾਰਤ ਵਿੱਚ ਵੀ ਪਿਆ। ਸਾਡੇ ਕੋਲ ਉਨ੍ਹਾਂ ਦੇਸ਼ਾਂ ਦਾ ਸਾਹਿਤ ਤੇ ਇਨਕਲਾਬੀ ਵਿਰਸਾ ਵੀ ਆਇਆ ਹੈ। ਸਾਡੇ ਇਨਕਲਾਬੀ ਜਾਂ ਸਮਾਜਵਾਦੀ ਸਾਹਿਤਕਾਰਾਂ, ਚਿੰਤਕਾਂ ਤੇ ਲੀਡਰਾਂ ਨੇ ਉਸ ਪ੍ਰਤੀ ਉਲਾਰ ਪਹੁੰਚ ਅਪਨਾ ਲਈ ਤੇ ਆਪਣੇ ਸਮਾਜ ਦੇ ਹੀਰੋਆਂ, ਦੇਸ਼ ਭਗਤਾਂ ਤੇ ਇਨਕਲਾਬੀਆਂ ਨੂੰ ਪਿਛੇ ਛੱਡ ਦਿੱਤਾ ਤੇ ਸਮਝ ਲਿਆ ਕਿ ਸ਼ਾਇਦ ਦੂਜਿਆਂ ਦੀ ਵਿਚਾਰਧਾਰਾ ਨਾਲ ਹੀ ਇਨਕਲਾਬ ਆ ਜਾਵੇਗਾ। ਪਰ ਅਜਿਹਾ ਨਹੀਂ ਹੁੰਦਾ, ਸਾਨੂੰ ਆਪਣੇ ਸਮਾਜ ਦੀਆਂ ਨਰੋਈਆਂ ਕਦਰਾਂ-ਕੀਮਤਾਂ, ਸਮਾਜ ਦੇ ਮਨੋ ਵਿਗਿਆਨ, ਸਮਾਜ ਦੇ ਹੀਰੋਆਂ ਨੂੰ ਮੂਹਰੇ ਰੱਖ ਕੇ ਬਦਲੇ ਹਾਲਾਤਾਂ ਵਿੱਚ ਨਵਾਂ ਇਨਕਲਾਬੀ ਪੈਂਤੜਾ ਦੇਣਾ ਚਾਹੀਦਾ ਸੀ। ਜੋ ਕਿ ਅਸੀਂ ਦੇਣ ਵਿੱਚ ਅਸਫਲ ਸਾਬਿਤ ਹੋਏ ਹਾਂ। ਦੂਜੇ ਪਾਸੇ ਕਾਬਿਜ਼ ਲੁਟੇਰਾ ਧਿਰਾਂ ਨੇ ਆਪਣਾ ਚਿਹਰਾ ਮੋਹਰਾ ਅਜਿਹਾ ਬਣਾ ਕੇ ਪੇਸ਼ ਕੀਤਾ, ਜਿਵੇਂ ਕਿ ਉਹ ਹੀ ਭਾਈ ਲਾਲੋਆਂ ਦੇ ਵਾਰਿਸ ਹੋਣ, ਉਹੀ ਉਨ੍ਹਾਂ ਦੇ ਧਰਮ, ਸਭਿਆਚਾਰ ਦੇ ਰਖਵਾਲੇ ਹੋਣ। ਅਸੀਂ ਹਮੇਸ਼ਾਂ ਇਸ ਪੱਖੋਂ ਸੁਚੇਤ ਹੋ ਕੇ ਕੰਮ ਕਰਨ ਦਾ ਯਤਨ ਕੀਤਾ। ਪਰ ਇਹ ਵੀ ਇੱਕ ਕੌੜੀ ਸਚਾਈ ਹੈ ਕਿ ਰਵਾਇਤੀ ਕਮਿਉਨਿਸਟ ਧਿਰਾਂ ਨੇ ਇਸ ਪੱਖ ਨੂੰ ਵਿਸਾਰਿਆ ਹੀ ਨਹੀਂ, ਸਗੋਂ ਧਰਮ ਦੇ ਮਸਲੇ ਤੇ ਉਹ ਵਿਰੋਧ ਵਿੱਚ ਖੜਦੇ ਰਹੇ ਹਨ। ਭਾਰਤ ਵਰਗੇ ਦੇਸ਼ ਵਿੱਚ ਧਰਮ ਲੋਕਾਂ ਦੇ ਜੀਵਨ ਦਾ ਅਨਿਖੜਵਾਂ ਅੰਗ ਹੈ, ਰਵਾਇਤੀ ਪਹੁੰਚ ਵਿੱਚ ਅਸਾਵਾਂਪਨ ਹੋਣ ਕਾਰਨ ਲੋਕਾਂ ਨੂੰ ਇਹ ਪ੍ਰਭਾਵ ਗਿਆ ਕਿ ਕਮਿਉਨਿਸਟ ਧਰਮ ਵਿਰੋਧੀ ਹਨ, ਇਹ ਰੱਬ ਨੂੰ ਨਹੀਂ ਮੰਨਦੇ? ਜਿਸ ਕਰਕੇ ਇਨਕਲਾਬੀ ਧਿਰਾਂ ਲੋਕ ਪੱਖੀ ਹੋਣ ਦੇ ਬਾਵਜੂਦ, ਲੋਕਾਂ ਵਿੱਚ ਆਪਣਾ ਉਹ ਸਥਾਨ ਨਹੀਂ ਬਣਾ ਸਕੀਆਂ, ਜੋ ਬਣਾਉਣਾ ਬਣਦਾ ਸੀ। ਜਦਕਿ ਸਾਡੀ ਸਮਝ ਅਨੁਸਾਰ ਧਰਮ ਲੋਕਾਂ ਦਾ ਆਪਣਾ ਨਿੱਜੀ ਮਸਲਾ ਹੈ। ਜੇ ਕੋਈ ਹਕੂਮਤ ਲੋਕਾਂ ਦੀ ਧਾਰਮਿਕ ਅਜ਼ਾਦੀ ਵਿੱਚ ਫੌਜ ਜਾਂ ਕਨੂੰਨ ਰਾਹੀਂ ਦਖਲ ਅੰਦਾਜੀ ਕਰਦੀ ਹੈ ਤਾਂ ਕਮਿਉਨਿਸਟਾਂ ਦਾ ਫਰਜ ਬਣਦਾ ਹੈ ਕਿ ਉਹ ਇਸਦਾ ਵਿਰੋਧ ਕਰਨ, ਭਾਵੇਂ ਉਹ ਆਪ ਨਾਸਤਿਕ ਵੀ ਕਿਉਂ ਨਾ ਹੋਣ, ਧਰਮ ਨੂੰ ਨਾ ਵੀ ਮੰਨਦੇ ਹੋਣ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਮ ਲੋਕਾਂ ਦੀ ਧਰਮ ਵਿੱਚ ਆਸਥਾ ਹੈ, ਉਹ ਆਪਣੇ ਸੰਸਕਾਰਾਂ, ਅਕੀਦਿਆਂ, ਵਿਸ਼ਵਾਸ਼ਾਂ, ਰੀਤਾਂ-ਰਸਮਾਂ ਨਾਲ ਕਈ ਕਈ ਪੀੜ੍ਹੀਆਂ ਤੋਂ ਜੁੜੇ ਹੋਏ ਹਨ। ਜਿਸ ਤਰ੍ਹਾਂ ਜੇ ਕੋਈ ਸਰਕਾਰ ਸਿੱਖਾਂ ਦਾ ਅਕਾਲ ਤਖਤ ਢਾਹੇ ਜਾਂ ਫਿਰਕੂ ਲੋਕ ਮੁਸਲਮਾਨਾਂ ਦੀ ਬਾਬਰੀ ਮਸਜਿਦ ਢਾਹੁਣ ਤਾਂ ਇਨਕਲਾਬੀ ਧਿਰਾਂ ਦਾ ਫਰਜ਼ ਬਣਦਾ ਹੈ ਕਿ ਉਹ ਇਸਦੇ ਨਾ ਸਿਰਫ ਵਿਰੋਧ ਵਿੱਚ ਆਉਣ, ਸਗੋਂ ਲੋਕਾਂ ਨੂੰ ਸਹੀ ਦ੍ਰਿਸ਼ਟੀਕੋਣ ਦੇਣ ਕਿ ਹਥਿਆਰ ਅੰਦਰ ਲਿਜਾਣ ਵਾਲੇ ਤੇ ਢਾਹੁਣ ਵਾਲੇ ਇੱਕ ਹੀ ਹਨ, ਉਹ ਸਿਰਫ ਤੁਹਾਡੇ ਜਜ਼ਬਾਤਾਂ ਨਾਲ ਸਿਆਸੀ ਖੇਡ, ਖੇਡ ਰਹੇ ਹਨ।

**ਸਵਾਲ: ਭਾਰਤ ਵਿੱਚ ਜਮਾਤ ਨਾਲੋਂ ਜਾਤ ਦਾ ਮਸਲਾ ਵੱਡਾ ਹੈ, ਜਾਤ ਦੇ ਨਾਮ ਤੇ ਸਦੀਆਂ ਤੋਂ ਸਮਾਜ ਦੇ ਇੱਕ ਵੱਡੇ ਹਿੱਸੇ ਦੇ ਸਾਰੇ ਹੱਕ ਖੋਹੇ ਗਏ ਹਨ। ਇਨਕਲਾਬੀ ਧਿਰਾਂ ਦੀ ਲੋਕਪੱਖੀ ਪਹੁੰਚ ਹੋਣ ਦੇ ਬਾਵਜੂਦ ਵੀ, ਉਹ ਦਲਿਤ ਵਰਗ ਵਿੱਚ ਆਪਣੀ ਕੋਈ ਖਾਸ ਥਾਂ ਨਹੀਂ ਬਣਾ ਸਕੇ, ਤੁਸੀਂ ਇਸਦਾ ਕੀ ਕਾਰਨ ਸਮਝਦੇ ਹੋ?**

**ਜਵਾਬ:** ਅਸਲ ਵਿੱਚ ਇਨਕਲਾਬੀ ਧਿਰਾਂ ਦੇ ਵਿੱਤ ਬਹੁਤ ਛੋਟੇ ਹਨ, ਜਦਕਿ ਭਾਰਤ ਵਿੱਚ ਚੈਲਿੰਜ ਬਹੁਤ ਵੱਡੇ ਹਨ। ਜਾਤ ਦਾ ਮਸਲਾ ਸ਼ਾਇਦ ਹੋਰ ਕਿਸੇ ਸਮਾਜ ਜਾਂ ਦੇਸ਼ ਲਈ ਉਸ ਤਰ੍ਹਾਂ ਦਾ ਚੈਲਿੰਜ ਨਹੀਂ ਰਿਹਾ, ਜਿਸ ਤਰ੍ਹਾਂ ਦਾ ਭਾਰਤ ਵਿੱਚ ਇਹ ਗੁੰਝਲਦਾਰ ਮਸਲਾ ਹੈ। ਭਾਰਤ ਵਿੱਚ ਦਬੇ ਕੁਚਲੇ ਤੇ ਲਿਤਾੜੇ ਹੋਏ ਲੋਕਾਂ ਦੇ ਹੱਕ ਵਿੱਚ ਦਲਿਤ ਜਾਂ ਜਾਤ ਦਾ ਮਸਲਾ ਜਿਸ ਜ਼ੋਰਦਾਰ ਢੰਗ ਨਾਲ ਕਮਿਉਨਿਸਟ ਪਾਰਟੀਆਂ ਨੂੰ ਚੁੱਕਣਾ ਬਣਦਾ ਸੀ, ਉਹ ਅਜਿਹਾ ਕਰਨ ਵਿੱਚ ਫੇਲ੍ਹ ਹੋਈਆਂ ਹਨ। ਇਹੀ ਵਜ੍ਹਾ ਹੈ ਕਿ ਫਿਰਕੂ ਪਾਰਟੀਆਂ ਵੀ ਆਪਣੇ ਲੁਭਾਵਣੇ ਨਾਅਰਿਆਂ ਰਾਹੀਂ ਦਲਿਤਾਂ ਦਾ ਕਿਸੇ ਹੱਦ ਤੱਕ ਵਿਸ਼ਵਾਸ਼ ਜਿੱਤਣ ਵਿੱਚ ਕਾਮਯਾਬ ਰਹੀਆਂ ਹਨ ਜਾਂ ਬੀ. ਐਸ. ਪੀ. ਵਰਗੀਆਂ ਪਾਰਟੀਆਂ ਵੀ ਦਲਿਤਾਂ ਦੀ ਮੁਕਤੀ ਦਾ ਪ੍ਰਭਾਵ ਦੇ ਕੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੀਆਂ ਹਨ, ਜਦਕਿ ਉਨ੍ਹਾਂ ਕੋਲ ਦਲਿਤਾਂ ਦੀ ਮੁਕਤੀ ਦਾ ਕੋਈ ਏਜੰਡਾ ਨਹੀਂ ਹੈ। ਰਵਾਇਤੀ ਕਮਿਉਨਿਸਟਾਂ ਦੀ ਰਵਾਇਤੀ ਪਹੁੰਚ ਕਿ ਮਸਲਾ ਜਾਤ ਦਾ ਨਹੀਂ, ਜਮਾਤ ਦਾ ਹੈ ਜਾਂ ਇਹ ਕਹਿਣਾ ਕਿ ਪਹਿਲਾਂ ਮਿਹਨਤਕਸ਼ ਜਮਾਤ, ਲੁਟੇਰਾ ਜਮਾਤ ਤੋਂ ਰਾਜਭਾਗ ਖੋ ਲਵੇਗੀ ਤੇ ਫਿਰ ਜਾਤ ਦਾ ਮਸਲਾ ਹੱਲ ਹੋ ਜਾਵੇਗਾ। ਮੇਰੀ ਸਮਝ ਅਨੁਸਾਰ ਇਹ ਟੇਢੀ ਗੱਲ ਹੈ, ਇਸ ਮਸਲੇ ਨੂੰ ਭਾਰਤ ਵਿੱਚ ਇਵੇਂ ਨਹੀਂ ਦੇਖਿਆ ਜਾ ਸਕਦਾ। ਹਿੰਦੁਸਤਾਨ ਦੇ ਕਰੋੜਾਂ ਲੋਕ ਸਦੀਆਂ ਤੋਂ ਛੂਤ-ਛਾਤ, ਊਚ-ਨੀਚ ਰੂਪੀ ਗੁਲਾਮੀ ਤੇ ਜਹਾਲਤ ਹੰਢਾ ਰਹੇ ਹਨ, ਉਸਨੂੰ ਸਿਰਫ ਜਮਾਤੀ ਜਾਂ ਆਰਥਿਕ ਮਸਲਾ ਕਹਿ ਸੁਰਖਰੂ ਨਹੀਂ ਹੋਇਆ ਜਾ ਸਕਦਾ। ਮੇਰਾ ਮੰਨਣਾ ਹੈ ਕਿ ਇਹ ਮਸਲਾ ਸਭ ਇਨਕਲਾਬੀ ਧਿਰਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਾ ਚਾਹੀਦਾ ਹੈ ਕਿ ਇੱਕ ਪਾਸੇ ਤਾਂ ਭਾਰਤ ਵਿੱਚ ਗਰੀਬੀ, ਭੁੱਖਮਰੀ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਮਿਹਨਤਕਸ਼ ਦੀ ਲੁੱਟ ਹੈ ਤੇ ਦੂਜੇ ਪਾਸੇ ਭਾਰਤੀ ਸਮਾਜ ਦੇ ਇੱਕ ਬਹੁਤ ਵੱਡੇ ਹਿੱਸੇ ਨੂੰ ਅਜੇ ਬਰਾਬਰ ਦਾ ਮਨੁੱਖ ਵੀ ਨਹੀਂ ਸਵੀਕਾਰਿਆ ਜਾ ਰਿਹਾ, ਉਸਦੇ ਮਨੁੱਖੀ ਹੱਕਾਂ ਦੀ ਹਰ ਪੱਧਰ ਤੇ ਉਲੰਘਣਾ ਹੋ ਰਹੀ ਹੈ। ਜਿਨ੍ਹਾਂ ਛੱਪੜਾਂ-ਟੋਬਿਆਂ ਵਿੱਚ ਪਸ਼ੂ ਤਾਂ ਪਾਣੀ ਪੀ ਸਕਦੇ ਹਨ, ਉਥੇ ਅਛੂਤ ਪਾਣੀ ਨਹੀਂ ਪੀ ਸਕਦੇ। ਸਾਨੂੰ ਦੂਜਿਆਂ ਮਸਲਿਆਂ ਦੇ ਨਾਲ ਸਾਵਾਂਪਨ ਬਣਾ ਕੇ ਇਸ ਮਸਲੇ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ।

**ਸਵਾਲ: ਪਲਸ ਮੰਚ ਦੀ ਅਜੋਕੇ ਸਮੇਂ ਦੀ ਅਸ਼ਲੀਲ ਤੇ ਹਿੰਸਕ ਸਭਿਆਚਰਕ ਹਨ੍ਹੇਰੀ ਵਿੱਚ ਕੀ ਵਿਲੱਖਣ ਦੇਣ ਹੈ?**

**ਜਵਾਬ:** 14 ਮਾਰਚ, 1982 ਨੂੰ ਭਾਜੀ ਗੁਰਸ਼ਰਨ ਸਿੰਘ ਤੇ ਸਾਥੀਆਂ ਦੇ ਸਹਿਯੋਗ ਨਾਲ ਪਲਸ ਮੰਚ ਹੋਂਦ ਵਿੱਚ ਆਇਆ ਸੀ। ਇਸ ਮੰਚ ਨੇ ਪਿਛਲੇ ਸਮੇਂ ਵਿੱਚ 3 ਦਰਜਨ ਤੋਂ ਵੱਧ ਸਭਿਅਚਾਰਕ ਗੀਤਾਂ ਦੀ ਕੈਸਿਟਾਂ ਰਿਲੀਜ਼ ਕੀਤੀਆਂ ਹਨ। ਨਾਟਕਾਂ ਰਾਹੀਂ ਉਸਾਰੂ ਸਭਿਆਚਾਰ ਦੇਣ ਲਈ ਪਿੰਡ-ਪਿੰਡ ਜਾ ਕੇ ਕੰਮ ਕੀਤਾ ਗਿਆ ਹੈ। ਸਾਡਾ ਹਮੇਸ਼ਾਂ ਇਹ ਨਾਹਰਾ ਰਿਹਾ ਹੈ ਕਿ ਕਲ਼ਾ ਸਿਰਫ ਮਨੋਰੰਜਨ ਤੇ ਵਪਾਰ ਲਈ ਨਹੀਂ ਹੁੰਦੀ, ਕਲ੍ਹਾ ਲੋਕਾਂ ਲਈ ਹੋਣੀ ਚਾਹੀਦੀ ਹੈ, ਉਨ੍ਹਾਂ ਨੂੰ ਉਸਾਰੂ ਸੇਧ ਦੇਣ ਲਈ ਹੋਣੀ ਚਾਹੀਦੀ ਹੈ, ਲੋਕ ਹਿੱਤਾਂ ਲਈ ਹੋਣੀ ਚਾਹੀਦੀ ਹੈ। ਜਿਸ ਲਈ ਪਲਸ ਮੰਚ ਪਿਛਲੇ 33 ਸਾਲ ਤੋਂ ਲਗਾਤਾਰ ਯਤਨਸ਼ੀਲ ਹੈ।

**ਸਵਾਲ: 'ਦੇਸ਼ ਭਗਤ ਯਾਦਗਰ ਹਾਲ' ਦੇ ਕਾਰਜ ਖੇਤਰ ਬਾਰੇ ਵੀ ਕੁਝ ਜਾਣਕਾਰੀ ਦਿਉ?**

**ਜਵਾਬ:** 'ਦੇਸ਼ ਭਗਤ ਯਾਦਗਰ ਹਾਲ' ਜਲੰਧਰ ਜੀ. ਟੀ. ਰੋਡ ਤੇ, ਬੀ. ਐਮ ਸੀ. ਚੌਂਕ ਕੋਲ ਸਥਿਤ ਹੈ। ਇਹ ਸਿਰਫ ਇੱਕ ਬਿਲਡਿੰਗ ਨਹੀਂ, ਸਗੋਂ ਇਸਨੂੰ ਇਨਕਲਾਬੀ ਤੇ ਸੰਘਰਸ਼ਸ਼ੀਲ ਲੋਕਾਂ ਦੀ ਰਾਜਧਾਨੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਦੇਸ਼ ਭਗਤ ਲੋਕਾਂ ਨੇ 1947 ਤੋਂ ਪਹਿਲਾਂ ਹੀ ਇਹ ਭਾਂਪ ਲਿਆ ਸੀ ਕਿ ਆਉਣ ਵਾਲੀ ਅਜ਼ਾਦੀ ਨਹੀਂ, ਸਗੋਂ ਵਿਦੇਸ਼ੀ ਹਾਕਮਾਂ ਵਲੋਂ ਦੇਸੀ ਹਾਕਮਾਂ ਨੂੰ ਸੱਤ੍ਹਾ ਪਰਿਵਰਤਨ ਹੀ ਹੈ। ਇਸ ਲਈ 1947 ਦੀ ਅਜ਼ਾਦੀ ਤੋਂ ਜਲਦੀ ਬਾਅਦ ਹੀ ਦੇਸ਼ ਭਗਤਾਂ ਤੇ ਇਨਕਲਾਬੀਆਂ ਨੇ ਸਭ ਤੋਂ ਪਹਿਲਾਂ 'ਦੇਸ਼ ਭਗਤ ਪਰਿਵਾਰ ਸਹਾਇਤਾ ਕਮੇਟੀ' ਬਣਾਈ ਤਾਂ ਕਿ ਦੇਸ਼ ਭਗਤਾਂ ਦੇ ਪਰਿਵਾਰਾਂ ਤੇ ਯਤੀਮ ਬੱਚਿਆਂ ਦੀ ਮੱਦਦ ਕੀਤੀ ਜਾ ਸਕੇ। ਫਿਰ 'ਦੇਸ਼ ਭਗਤ ਯਾਦਗਰ ਕਮੇਟੀ' ਬਣਾਈ ਗਈ, ਜਿਸਦਾ ਹੈਡਕੁਆਟਰ ਜਲੰਧਰ ਨੂੰ ਬਣਾਇਆ ਗਿਆ। ਬਾਅਦ ਵਿੱਚ ਦੇਸ਼ ਭਗਤਾਂ ਤੇ ਸ਼ਹੀਦਾਂ ਦੀ ਯਾਦਾਂ ਤੇ ਲਿਖਤਾਂ ਨੂੰ ਸਾਂਭਣ ਦਾ ਯਤਨ ਆਰੰਭਿਆ ਗਿਆ ਤੇ 'ਦੇਸ਼ ਭਗਤ ਯਾਦਗਰ ਮਿਊਜੀਅਮ' ਤੇ 'ਦੇਸ਼ ਭਗਤ ਯਾਦਗਰ ਲਾਇਬ੍ਰੇਰੀ' ਬਣਾਈ ਗਈ, ਜਿਸ ਵਿੱਚ ਹੁਣ 45 ਹਜਾਰ ਤੋਂ ਵੱਧ ਕਿਤਾਬਾਂ ਹਨ। ਪਿਛਲੇ 23 ਸਾਲਾਂ ਤੋਂ 28 ਅਕਤੂਬਰ ਤੋਂ 2 ਨਵੰਬਰ ਤੱਕ ਹਰ ਸਾਲ ਸ਼ਹੀਦਾਂ ਦੀ ਯਾਦ ਵਿੱਚ ਮੇਲਾ ਲੱਗਦਾ ਹੈ, ਜਿਥੇ ਸਮਾਜਿਕ ਚੇਤਨਾ ਤੇ ਚਿੰਤਨ ਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਨਾਟਕ, ਪੇਟਿੰਗ, ਗਾਇਨ, ਕੁਇਜ਼ ਆਦਿ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਕਿਤਾਬਾਂ ਦੇ ਸਟਾਲ ਲਗਾਏ ਜਾਂਦੇ ਹਨ। ਜੇ ਕੋਈ ਵਿਅਕਤੀ ਜਾਂ ਸੰਸਥਾ ਆਪਣੇ ਪਿੰਡ ਲਾਇਬ੍ਰੇਰੀ ਬਣਾਉਣੀ ਚਾਹੇ ਤਾਂ ਉਸ ਲਈ ਸਾਡੇ ਵਲੋਂ ਮੁਫਤ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ। ਇਹ ਨਾਨ-ਪਰਾਫਿਟ ਸੰਸਥਾ ਹੈ, ਜੋ ਕਿ ਸਮਾਜ ਦੇ ਭਲੇ ਲਈ ਯਤਨਸ਼ੀਲ ਹੈ।

**ਸਵਾਲ: ਵਿਦੇਸ਼ਾਂ ਤੋਂ ਪੰਜਾਬ ਜਾਣ ਵਾਲੇ ਪ੍ਰਵਾਸੀਆਂ ਨੂੰ ਦੇਸ਼ ਭਗਤ ਯਾਦਗਰ ਹਾਲ ਨਾਲ ਜੋੜਨ ਲਈ ਕੀ ਕਹਿਣਾ ਚਾਹੋਗੇ?**

**ਜਵਾਬ:** ਤੁਹਾਡਾ ਇਹ ਬਹੁਤ ਵਧੀਆ ਸਵਾਲ ਹੈ, ਬੇਸ਼ਕ ਅਸੀਂ ਪਹਿਲਾਂ ਅਜਿਹਾ ਕੋਈ ਯਤਨ ਨਹੀਂ ਕਰ ਸਕੇ, ਪਰ ਹੁਣ ਕੋਸ਼ਿਸ਼ ਕਰਾਂਗੇ ਕਿ ਵਿਦੇਸ਼ਾਂ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ, ਜਥੇਬੰਦੀਆਂ ਰਾਹੀਂ ਇਹ ਸੁਨੇਹਾ ਪਹੁੰਚਾਇਆ ਜਾਵੇ ਕਿ ਤੁਸੀਂ ਜਦੋਂ ਵੀ ਪੰਜਾਬ ਆਉ ਤੇ ਪਰਿਵਾਰ ਸਮੇਤ ਦੇਸ਼ ਭਗਤ ਯਾਦਗਰ ਹਾਲ, ਮਿਊਜ਼ੀਅਮ, ਲਾਇਬਰੇਰੀ ਜਰੂਰ ਦੇਖਣ ਆਉ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੋ। ਅਗਰ ਤੁਸੀਂ ਅਕਤੂਬਰ 28 ਤੋਂ ਨਵੰਬਰ 2 ਤੱਕ ਪੰਜਾਬ ਆ ਰਹੇ ਹੋਵੋ ਜਾਂ ਪੰਜਾਬ ਹੋਵੋ ਤਾਂ ਮੇਲਾ ਦੇਖਣ ਜਰੂਰ ਆਉ। ਤੁਸੀਂ ਆਪਣੀ ਵਿੱਤ ਅਨੁਸਾਰ ਸਮਾਜਿਕ ਸਰੋਕਾਰਾਂ ਦੇ ਕੰਮਾਂ ਲਈ ਆਰਥਿਕ ਮੱਦਦ ਵੀ ਕਰ ਸਕਦੇ ਹੋ।

**ਸਵਾਲ: ਤੁਹਾਡੇ ਅਨੁਸਾਰ ਭਵਿੱਖ ਦੀਆਂ ਕੀ ਚੁਣੌਤੀਆਂ ਹੋ ਸਕਦੀਆਂ ਹਨ?**

**ਜਵਾਬ:** ਭਵਿੱਖ ਦੀਆਂ ਚੁਣੌਤੀਆਂ ਬਹੁਤ ਵੱਡੀਆਂ ਹਨ। ਭੁੱਖਮਰੀ, ਗਰੀਬੀ, ਬੇਰੁਜਗਾਰੀ, ਫਿਰਕਾਪ੍ਰਸਤੀ, ਭ੍ਰਿਸ਼ਟਾਚਾਰ ਆਦਿ ਤੇ ਸਾਡੇ ਦੇਸ਼ ਦੀਆਂ ਅਹਿਮ ਸਮੱਸਿਆਵਾਂ ਹਨ, ਪਰ ਪਿਛਲੇ ਸਮੇਂ ਤੋਂ ਵੱਡੇ ਕੋਰਪੋਰੇਟ ਘਰਾਣਿਆਂ ਵਲੋਂ ਜਿਸ ਤਰ੍ਹਾਂ ਸਾਂਝੇ ਮਨੁੱਖੀ ਵਸੀਲਿਆਂ ਨੂੰ ਸਰਕਾਰੀ ਸ਼ਹਿ ਤੇ ਲੁੱਟਣਾ ਸ਼ੁਰੂ ਕੀਤਾ ਹੋਇਆ ਹੈ ਤੇ ਛੋਟੀ ਕਿਸਾਨੀ ਨੂੰ ਬੇਜਮੀਨੇ ਕੀਤਾ ਜਾ ਰਿਹਾ ਹੈ, ਇਹ ਹੋਰ ਵੀ ਵੱਡੀਆਂ ਸਮੱਸਿਆਵਾਂ ਬਣ ਕੇ ਉਭਰ ਰਹੀਆਂ ਹਨ। ਆਦਿ ਵਾਸੀਆਂ ਤੇ ਹੋਰ ਉਜੜ ਰਹੇ ਲੋਕਾਂ ਦੇ ਸੰਘਰਸ਼ਾਂ ਨੂੰ ਅੱਤਵਾਦ ਦਾ ਨਾਮ ਦੇ ਕੇ ਜਿਸ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ, ਇਹ ਵੱਡਾ ਚਿੰਤਾ ਦਾ

ਵਿਸ਼ਾ ਹੈ। ਲੋਕ ਵੱਖ-ਵੱਖ ਪਾਰਟੀਆਂ ਦੇ ਲੁਭਾਵਣੇ ਨਾਹਰਿਆਂ ਤੇ ਲਾਰਿਆਂ ਵਿੱਚ ਇਸ ਆਸ ਨਾਲ ਸਰਕਾਰਾਂ ਬਦਲਦੇ ਹਨ ਕਿ ਕੋਈ ਤਾਂ ਉਨ੍ਹਾਂ ਦੀ ਬਾਂਹ ਫੜੇਗਾ, ਪਰ ਸਾਡਾ ਇਹ ਪੱਕਾ ਵਿਸ਼ਵਾਸ਼ ਹੈ ਕਿ ਪਾਰਟੀਆਂ ਦੇ ਰਾਜ ਬਦਲਣ ਜਾਂ ਲੀਡਰ ਬਦਲਣ ਨਾਲ ਕੁਝ ਵੀ ਬਦਲਣ ਵਾਲਾ ਨਹੀਂ, ਜਦ ਤੱਕ ਸਮੁੱਚਾ ਲੁਟੇਰਾ ਨਿਜ਼ਾਮ ਨਹੀਂ ਬਦਲਿਆ ਜਾਂਦਾ ਉਹ ਨਿਜ਼ਾਮ ਜਿਹੜਾ ਲੁਟੇਰੇ ਹਾਕਮਾਂ ਨੂੰ ਪੈਦਾ ਕਰ ਰਿਹਾ ਹੈ। ਜਦੋਂ ਤੱਕ ਤਾਕਤ ਕੁਝ ਕੋਰਪੋਰੇਟ ਘਰਾਣਿਆਂਦੇ ਹੱਥ ਰਹੇਗੀ, ਲੋਕਾਂ ਦਾ ਭਲਾ ਨਹੀਂ ਹੋ ਸਕਦਾ।

**ਸਵਾਲ: ਤੁਸੀਂ ਲੋਕਾਂ ਤੋਂ ਕਿਹੋ ਜਿਹੀ ਆਸ ਰੱਖਦੇ ਹੋ?**

**ਜਵਾਬ:** ਦੇਖੋ ਇਹ ਜਾਤੀ ਨਹੀਂ ਜਮਾਤੀ ਸੰਘਰਸ਼ ਹੈ, ਜਿਹੜਾ ਵੀ ਵਿਅਕਤੀ ਆਪਣੇ ਆਪ ਨੂੰ ਦੇਸ਼ ਭਗਤਾਂ, ਭਗਤ-ਸਰਾਭਿਆਂ ਦਾ ਵਾਰਿਸ ਸਮਝਦਾ ਹੈ, ਉਸਨੂੰ ਆਪਣੇ ਹਿੱਸੇ ਦਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ, ਉਹ ਜਿਥੇ ਵੀ ਬੈਠਾ ਹੈ, ਉਥੋਂ ਹੀ ਆਪਣੀ ਵਿੱਤ ਤੇ ਯੋਗਤਾ ਅਨੁਸਾਰ ਯੋਗਦਾਨ ਪਾ ਸਕਦਾ ਹੈ। ਜਿਥੇ ਵੀ ਲੋਕ ਹਿੱਤਾਂ ਦਾ ਘਾਣ ਹੁੰਦਾ ਹੁੰਦਾ ਹੈ, ਆਮ ਲੋਕਾਂ ਨਾਲ ਧੱਕਾ ਹੁੰਦਾ ਹੈ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ, ਆਪਣਾ ਬਣਦਾ ਯੋਗਦਾਨ ਪਾਉ। ਇਸ ਸਭ ਤੋਂ ਵੀ ਜ਼ਰੂਰੀ ਹੈ ਕਿ ਆਪਣੇ ਦਿਮਾਗਾਂ ਨੂੰ ਗਿਆਨ ਨਾਲ ਰੁਸ਼ਨਾਉ, ਕਿਤਾਬਾਂ ਪੜ੍ਹੋ। ਸਮਾਜ ਦੇ ਸਰੋਕਾਰਾਂ ਨੂੰ ਸਮਝੋ। ਲੋਕ ਹਿੱਤਾਂ ਨੂੰ ਜਾਣੋ, ਲੁਟੇਰਾ ਜਮਾਤਾਂ ਨੂੰ ਪਛਾਣੋ। ਲੋਕਾਂ ਦੀ ਮੁਕਤੀ ਉਦੋਂ ਹੀ ਹੋਣੀ ਹੈ, ਜਦੋਂ ਉਹ ਆਪਣੀ ਹੋਣੀ ਦੇ ਆਪ ਮਾਲਕ ਬਣਨਗੇ। ਇਸ ਲਈ ਲੰਬੇ ਘੋਲ ਲੜਨੇ ਪੈਣਗੇ, ਹਾਕਮ ਜਮਾਤਾਂ ਨੂੰ ਪਤਾ ਹੈ, ਇਸ ਲਈ ਉਹ ਇਨ੍ਹਾਂ ਨੂੰ ਰੋਕਣ ਲਈ ਆਪਣੇ ਪ੍ਰਬੰਧ ਕਰ ਰਹੇ ਹਨ, ਪਰ ਲੁੱਟੇ ਤੇ ਲਿਤਾੜੇ ਜਾ ਰਹੇ ਲੋਕ ਸੁੱਤੇ ਪਏ ਹਨ, ਆਪਣੇ ਮਸਲਿਆਂ ਪ੍ਰਤੀ ਅਵੇਸਲੇ ਹਨ। ਸਮਾਂ ਜਾਗਣ ਦੀ ਮੰਗ ਕਰਦਾ ਹੈ।

**ਸਵਾਲ: ਤੁਸੀਂ ਆਪਣੀ ਸਾਰੀ ਜ਼ਿੰਦਗੀ ਲੋਕਾਂ ਨੂੰ ਸਮਰਪਿਤ ਕੀਤੀ ਹੈ, ਕੀ ਤੁਸੀਂ ਆਪਣੇ ਕੰਮਾਂ ਜਾਂ ਲੋਕਾਂ ਤੋਂ ਮਿਲੇ ਹੁੰਗਾਰੇ ਤੋਂ ਸੰਤੁਸ਼ਟ ਹੋ?**

**ਜਵਾਬ:** ਮੈਂ ਬਿਲਕੁਲ ਸੰਤੁਸ਼ਟ ਹਾਂ, ਸਾਨੂੰ ਸਾਡੀ ਔਕਾਤ ਤੋਂ ਵੱਧ ਸਹਿਯੋਗ ਤੇ ਮਾਣ ਲੋਕਾਂ ਵਲੋਂ ਮਿਲਿਆ ਹੈ, ਮੈਂ ਆਪਣੇ ਲੋਕਾਂ ਦਾ ਰੋਮ-ਰੋਮ ਧੰਨਵਾਦੀ ਹਾਂ। ਸਾਡਾ ਸਭ ਕੁਝ ਲੋਕਾਂ ਲਈ ਹੈ, ਮੇਰੀ ਸਭ ਕਿਰਤੀ, ਕਿਸਾਨ, ਮਿਹਨਤਕਸ਼, ਲਿਤਾੜੇ ਲੋਕਾਂ ਨੂੰ ਪ੍ਰਨਾਮ ਹੈ।ਤੁਸੀਂ ਲੋਕਾਂ ਦੀ ਬਾਂਹ ਫੜ੍ਹ ਕੇ ਤਾਂ ਦੇਖੋ, ਲੋਕ ਤੁਹਾਡੇ ਲਈ ਸਿਰ ਦੇਣ ਨੂੰ ਤਿਆਰ ਹਨ ਕੋਈ ਸੱਚੇ ਮਨ ਤੇ ਸਮਰਪਣ ਦੀ ਭਾਵਨਾ ਨਾਲ ਤੁਰ ਕੇ ਤਾਂ ਦੇਖੇ।

**ਸਵਾਲ: ਅਖੀਰ ਵਿੱਚ ਕੋਈ ਹੋਰ ਸੁਨੇਹਾ?**

**ਜਵਾਬ:** ਸੁਨੇਹਾ ਸਾਡਾ ਸਾਰਿਆਂ ਦਾ ਇਕੋ ਹੀ ਹੈ ਕਿ ਕਾਮਿਉ, ਮਜ਼ਦੂਰੋ, ਮਿਹਨਤਕਸ਼ ਲੋਕੋ ਇਕੱਠੇ ਹੋਵੋ ਤੇ ਆਪਣੇ ਹੱਕਾਂ ਤੇ ਸਮਾਜ ਦੇ ਸਾਂਝੇ ਸਰੋਕਾਰਾਂ ਲਈ ਸੰਘਰਸ਼ ਕਰੋ। ਇੱਕ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਔਰਤਾਂ ਸਮਾਜ ਦਾ ਅੱਧਾ ਹਿੱਸਾ ਹਨ, ਉਨ੍ਹਾਂ ਨੂੰ ਨਾਲ ਲੈ ਕੇ ਚੱਲੋ। ਜਦੋਂ ਤੁਸੀਂ ਭਾਰਤ ਆਪਣੇ ਪਿੰਡਾਂ-ਸ਼ਹਿਰਾਂ ਵਿੱਚ ਜਾਂਦੇ ਹੋ, ਮਟੀਆਂ, ਸਮਾਧਾਂ, ਜਠੇਰਿਆਂ, ਡੇਰਿਆਂ, ਗੇਟਾਂ ਤੇ ਪੈਸਾ ਲਾਉਣ ਦੀ ਥਾਂ ਲਾਇਬਰੇਰੀਆਂ ਬਣਾਉ, ਗਰੀਬ ਬੱਚਿਆਂ ਦੀ ਪੜ੍ਹਾਈ ਲਈ ਮੱਦਦ ਕਰੋ।

ਨੋਟ: ਅਮੋਲਕ ਸਿੰਘ ਨਾਲ ਜਲੰਧਰ ਵਿੱਚ 94170-76735 ਜਾਂ 181 245 8224 ਜਾਂ email: amolaksinghmp@yahoo.com 'ਤੇ ਸੰਪਰਕ ਕਰ ਸਕਦੇ ਹੋ। ਹਰਚਰਨ ਸਿੰਘ ਪਰਹਾਰ ਨਾਲ ਕੈਲਗਰੀ ਵਿੱਚ 403-681-8689 ਜਾਂ email: hp8689@gmail.com 'ਤੇ ਸੰਪਰਕ ਕਰ ਸਕਦੇ ਹੋ।

# ਪੰਜਾਬ ਦੇ ਮੱਥੇ ਉਤੇ ਕਲੰਕ ਹੈ ਬੇਰੁਜ਼ਗਾਰੀ



**ਗੁਰਮੀਤ ਸਿੰਘ ਪਲਾਹੀ**

ਬਹੁਤ ਹੀ ਮਿਹਨਤੀ , ਸਿਰੜੀ ਕਾਮੇ ਗਿਣੇ ਜਾਂਦੇ ਹਨ ਪੰਜਾਬੀ। ਖੇਤਾਂ 'ਚ ਕੰਮ ਕਰਦਿਆਂ, ਵਿਦੇਸ਼ਾਂ 'ਚ ਹਰ ਕਿੱਤਾ ਕਰਦਿਆਂ ਜਾਂ ਸਰਹੱਦਾਂ ਦੀ ਰਾਖੀ ਕਰਦਿਆਂ ਅਤੇ ਕੰਮ ਕਰਦਿਆਂ ਵੇਲਾ ਪਹਿਰਾ ਨਾ ਵੇਖਕੇ ਅਣਖ ਨਾਲ ਰੋਟੀ ਰੋਜ਼ੀ ਕਮਾਉਣ 'ਚ ਇਨ੍ਹਾਂ ਦਾ ਸਾਨੀ ਕੋਈ ਨਹੀਂ ਦੁਨੀਆਂ ਭਰ 'ਚ ! ਬਾਵਜੂਦ ਇਸ ਕਾਮਾ ਬਿਰਤੀ ਦੇ ਲੱਖਾਂ ਦੀ ਗਿਣਤੀ 'ਚ ਇਹ ਪੰਜਾਬੀ ਹੱਥ ਅੱਜ ਕੰਮ ਤੋਂ ਬਾਂਝੇ ਹਨ। ਅਨਪੜ੍ਹਾਂ ਨੂੰ ਹੱਥੀਂ ਕਿਰਤ ਦਾ ਮੌਕਾ ਨਹੀਂ ਮਿਲਦਾ, ਪੜ੍ਹਿਆਂ ਨੂੰ ਨੌਕਰੀ ਨਹੀਂ ਮਿਲਦੀ ਅਤੇ ਘੱਟ ਪੜ੍ਹਿਆਂ ਕੋਲ ਹੱਥੀਂ ਸਿੱਖੀ ਕੋਈ ਕਿੱਤਾ ਸਿਖਲਾਈ ਨਹੀਂ। ਚਿੜੀ ਦੇ ਪਹੁੰਚੇ ਜਿੱਡੇ ਪੰਜਾਬ ਦੇ ਹਾਕਮਾਂ ਨੂੰ ਐਡਾ ਵਿਹਲ ਨਹੀਂ, ਕਿ ਉਹ ਵਿਹਲੇ ਬੈਠੇ ਨੌਜਵਾਨਾਂ ਹੱਥ ਰੁਜ਼ਗਾਰ ਦੇਣ, ਉਨ੍ਹਾਂ ਲਈ ਹੱਥੀਂ ਕਿੱਤਾ ਸਿਖਲਾਈ ਦਾ ਸਾਰਥਕ ਪ੍ਰਬੰਧ ਕਰਨ, ਘੱਟ ਰੁਜ਼ਗਾਰਤ ਲੋਕਾਂ ਲਈ ਸਵੈ-ਰੁਜ਼ਗਾਰ ਦੇ ਵਸੀਲੇ ਪੈਦਾ ਕਰਨ। ਸਿੱਟਾ ਪੰਜਾਬੀ ਨੌਜਵਾਨ ਨਿਰਾਸ਼ਤਾ ਦੇ ਆਲਮ ਵਿੱਚ ਰੁਜ਼ਗਾਰ ਲਈ ਵਿਦੇਸ਼ਾਂ ਵੱਲ ਉਡਣ ਲਈ ਟੱਕਰਾਂ ਮਾਰਦੇ ਹਨ, ਉਨ੍ਹਾਂ ਦੇ ਮਾਪੇ ਜ਼ਮੀਨਾਂ, ਆਪਣੀ ਕਮਾਈ ਪੂੰਜੀ, ਲੁਟਾਕੇ ਵੀ ਉਨ੍ਹਾਂ ਨੂੰ ਔਝੜੇ ਰਾਹੀਂ ਤੋਰਨ 'ਤੇ ਮਜ਼ਬੂਰ ਹਨ।

ਪੰਜਾਬ ਦੀ ਕੁਲ ਅਬਾਦੀ ਇਸ ਵੇਲੇ ਲਗਭਗ ਤਿੰਨ ਕਰੋੜ ਹੈ, ਜਿਸ ਵਿੱਚ 63% ਅਬਾਦੀ ਪੇਂਡੂ ਹੈ। ਮਾਮੂਲੀ ਪੜ੍ਹੇ ਲਿਖੇ ਅਤੇ ਪੜ੍ਹੇ ਲਿਖੇ ਵਿਅਕਤੀਆਂ ਦੀ ਪ੍ਰਤੀਸ਼ਤ 75% [ਇਸ 'ਚ ਸਿਰਫ ਦਸਤਖਤ ਕਰਨ ਵਾਲੇ ਵੀ ਸ਼ਾਮਲ ਹਨ] ਹੈ। ਸਾਲ 2011 ਦੀ ਮਰਦਮ ਸ਼ੁਮਾਰੀ ਅਨੁਸਾਰ ਕੁਲ ਕਾਮੇ 98 ਲੱਖ 97 ਹਜ਼ਾਰ ਹਨ, ਅਤੇ ਨਾਨ-ਵਰਕਰਾਂ ਦੀ ਗਿਣਤੀ ਇੱਕ ਕਰੋੜ 78 ਲੱਖ ਅਤੇ 46 ਹਜ਼ਾਰ ਸੀ। ਕਾਸ਼ਤਕਾਰ 19 ਲੱਖ 35 ਹਜ਼ਾਰ ,ਖੇਤੀ ਮਜ਼ਦੂਰ 15 ਲੱਖ 88 ਹਜ਼ਾਰ , ਘਰੇਲੂ ਕਾਮੇ 3 ਲੱਖ 86 ਹਜ਼ਾਰ ਅਤੇ ਹੋਰ ਕਾਮੇ 59 ਲੱਖ 88 ਹਜ਼ਾਰ ਸਨ। ਉਪਰੰਤ ਚਲ ਰਹੀਆਂ ਰਜਿਸਟਰਡ ਫੈਕਟਰੀਆਂ 'ਚ ਕਾਮਿਆਂ ਦੀ ਗਿਣਤੀ 6,38,701 ਸੀ। ਭਾਵ ਪੰਜਾਬ ਦੇ ਕੰਮ ਕਰਨ ਵਾਲੇ ਹੱਥਾਂ ਦੀ ਗਿਣਤੀ ਅਬਾਦੀ ਦਾ ਮਸਾਂ ਤੀਜਾ ਹਿੱਸਾ ਹੈ।

ਉਂਜ ਸਰਕਾਰੀ ਤੌਰ 'ਤੇ ਕੋਈ ਵੀ ਇਹੋ ਜਿਹਾ ਡਾਟਾ ਉਪਲੱਬਧ ਨਹੀਂ ਹੈ, ਜਿਸ ਅਨੁਸਾਰ ਬੇਰੁਜ਼ਗਾਰਾਂ ਦੀ ਗਿਣਤੀ ਕੀਤੀ ਜਾ ਸਕੇ ,ਕਿਉਂਕਿ ਸਰਕਾਰ ਵਲੋਂ ਸਥਾਪਤ 40 ਰੁਜ਼ਗਾਰ ਦਫ਼ਤਰਾਂ ਦਾ ਕੰਮ ਠੱਪ ਪਿਆ ਹੈ। ਇਕ ਸਰਕਾਰੀ ਵੈਬਸਾਈਟ ਅਨੁਸਾਰ 31 ਮਾਰਚ 2009 'ਚ ਪੰਜਾਬ 'ਚ ਕੁਲ 4,08,356 ਲੋਕ ਬੇਰੁਜ਼ਗਾਰ ਸਨ, ਅਤੇ ਸਿਰਫ 762 ਨੂੰ ਨੌਕਰੀ ਮਿਲੀ। ਜਦ ਕਿ ਸ਼੍ਰੋਮਣੀ ਅਕਾਲੀ ਦਲ [ਬ] ਨੇ ਚੋਣ ਮੈਨੀਫੈਸਟੋ 5 ਲੱਖ ਲੋਕਾਂ ਨੂੰ ਸਰਕਾਰੀ ਵਿਭਾਗ'ਚ ਰੁਜ਼ਗਾਰ ਦੇਣ ਅਤੇ ਇੱਕ ਲੱਖ ਨੌਕਰੀਆਂ ਆਈ.ਟੀ. ਖੇਤਰਦੇਣ ਦਾ ਵਾਅਦਾ ਕੀਤਾ, ਜੋ ਕਦੇ ਵੀ ਵਫ਼ਾ ਨਹੀਂ ਹੋਇਆ। ਭਾਵੇਂ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ ਦੀ ਇੱਕ ਡਾਟਾਰਿਪੋਰਟ ਅਨੁਸਾਰ ਪੰਜਾਬ ਵਿੱਚ ਬੇਰੁਜ਼ਗਾਰੀ ਦੀ ਦਰ 1.8 ਪ੍ਰਤੀਸ਼ਤ ਘਟੀ ਹੈ [ਜਦਕਿ ਰਾਸ਼ਟਰੀ ਔਸਤ ਦਰ 3.8% ਹੈ] ਪਰ ਸੈਂਟਰ ਆਫ ਰੀਸਰਚ ਇਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ ਅਨੁਸਾਰ ਪੰਜਾਬ ਵਿਚ ਬੇਰੁਜ਼ਗਾਰੀ ਸਬੰਧੀ 1998-99 ਤੋਂ ਬਾਅਦ ਬੇਰੁਜ਼ਗਾਰਾਂ ਬਾਰੇ ਕੋਈ ਵੀ ਰਿਪੋਰਟ ਜਾਂ ਡਾਟਾ ਪੰਜਾਬ ਸਰਕਾਰ ਨੇ ਇਕੱਤਰ ਨਹੀਂ ਕੀਤਾ ਅਤੇ ਰੁਜ਼ਗਾਰ ਦਫ਼ਤਰਾਂ ਵਿਚ ਕਿਸੇ ਵੀ ਬੇਰੁਜ਼ਗਾਰਦਾ ਨਾਮ ਦਰਜ਼ ਨਹੀਂ ਹੋਇਆ। ਬਹੁਤੇ ਸਰਕਾਰੀ ਵਿਭਾਗਾਂ ਵਿੱਚ ਜਿਥੋਂ ਕੋਈ ਸਰਕਾਰੀ ਮੁਲਾਜ਼ਮ [ਜਿਨ੍ਹਾਂ ਬਾਰੇ ਲੋਕਾਂ'ਚ ਇਹ ਧਾਰਨਾ ਬਣ ਗਈ ਹੈ ਕਿ ਉਹ ਕੰਮ ਨਹੀਂ ਕਰਦੇ ਤੇ ਤੁਸੀਂ ਦਫ਼ਤਰ ਆਏ ਹੋ ਤੇ ਕੀ ਲੈਕੇ ਆਏ ਹੋ ਅਤੇ ਚਲੇ ਹੋ ਤਾਂ ਕੀ ਦੇ ਕੇ ਚੱਲੇ ਹੋ] ਰਿਟਾਇਰ ਹੋ ਜਾਂਦਾ ਹੈ, ਉਥੇ ਕੋਈ ਨਵੀਂ ਨਿਯੁੱਕਤੀ ਨਹੀਂ ਹੋ ਰਹੀ। ਸਰਕਾਰੀ ਕਾਲਜਾਂ ਅਤੇ ਪ੍ਰਾਈਵੇਟ ਕਾਲਜਾਂ 'ਚ 1966 ਤੋਂ ਬਾਅਦ ਕੋਈ ਨਵਾਂ ਲੈਕਚਰਾਰ ਭਰਤੀ ਨਹੀਂ ਕੀਤਾ ਗਿਆ, ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ 'ਚ ਇਸ ਸਮੇਂ ਤੋਂ ਬਾਅਦ ਕੋਈ ਭਰਤੀ ਨਹੀਂ ਹੋ ਰਹੀ।ਹਾਲਤ ਇਹ ਹੈ ਕਿ ਅੱਜਸਾਢੇ ਤਿੰਨ ਲੱਖ ਬੀ.ਐਡ ਅਤੇ ਈ.ਟੀ.ਟੀ ਵਿਹਲੇ ਘੁੰਮ ਰਹੇ ਹਨ ਅਤੇ ਕੋਈ ਨਵੀਂ ਭਰਤੀ ਨਹੀਂ ਹੋਈ। ਇਹੋ ਹਾਲ ਇੰਜੀਨੀਰਿੰਗ ਕਾਲਜਾਂ, ਪੌਲੀਟੈਕਨਿਕਾਂ 'ਚ ਪੜ੍ਹਦੇ ਇੰਜੀਨੀਅਰਾਂ , ਮੈਨਜਮੈਂਟ ਕਾਲਜਾਂ ਦੇ ਪੜ੍ਹੇ ਐਮ.ਬੀ.ਏ ਵਿਦਿਆਰਥੀਆਂ ਦਾ ਹੈ। 2012-13 ਦੇ ਸਲਾਨਾ ਸਰਵੇ ਅਨੁਸਾਰ 1000 ਵਿਅਕਤੀਆਂ ਪਿਛੇ ਅਨੁਸੂਚਿਤ ਜਾਤੀ ਦੇ 55 ਹੋਰ ਪੱਛੜੀਆਂ ਸ਼੍ਰੇਣੀਆਂ ਦੇ 35 ਅਤੇ ਜਨਰਲ ਕੈਟੇਗਰੀ ਦੇ 48 ਵਿਅਕਤੀ ਬਿਲਕੁਲ ਵਿਹਲੇ ਹਨ। 15 ਤੋਂ 29 ਸਾਲ ਦੇ ਪੰਜਾਬ ਦੇ ਨੌਜਵਾਨਾਂ ਵਿਚ 1000 ਪਿਛੇ 135 ਨੌਜਵਾਨ ਵਿਹਲੇ ਫਿਰਦੇ ਹਨ। ਇੱਕ ਅੰਦਾਜ਼ੇ ਮੁਤਾਬਕ ਪੰਜਾਬ ਵਿੱਚ ਬੇਰੁਜ਼ਗਾਰੀ ਦੀ ਦਰ। 15 ਤੋਂ 29 ਸਾਲ ਦੇ ਯੁਵਕਾਂ'ਚ 3% ਹੈ, ਜਦਕਿ ਇਹ ਪੇਂਡੂ ਖੇਤਰ ਵਿੱਚ 7.7% ਹੈ ਅਤੇ ਸ਼ਹਿਰੀ ਖੇਤਰ 'ਚ ਇਹ ਦਰ 6.3% ਹੈ। ਪੰਜਾਬ ਦੇ 72% ਨੌਕਰੀ ਲੱਭਣ ਵਾਲੇ ਪੜ੍ਹੇ ਲਿਖੇ ਹਨ, ਜਿਨ੍ਹਾਂ ਵਿੱਚ 78% ਗੈਰ ਤਕਨੀਕੀ ਕੰਮ ਲੱਭਦੇ ਹਨ ਜਦਕਿ 22% ਤਕਨੀਕੀ ਨੌਕਰੀਆਂ ਲੱਭਦੇ ਹਨ। ਪੰਜਾਬ ਦੇ ਬੇਰੁਜ਼ਗਾਰ ਪੜ੍ਹੇ ਲਿਖੇ ਨੌਜਵਾਨਾਂ ਵਿੱਚੋਂ 54% ਪੇਂਡੂ ਖੇਤਰ ਦੇ ਹਨ। ਇਹ ਨੌਜਵਾਨ ਬਹੁਤਾ ਕਰਕੇ ਉਨ੍ਹਾਂ ਪਰਿਵਾਰਾਂ ਨਾਲ ਸਬੰਧਤ ਹਨ ਜੋ ਜਾਂ ਤਾਂ ਬੇਜ਼ਮੀਨੇ ਹਨ ਜਾਂ ਫਿਰ ਜਿਨ੍ਹਾਂ ਦੀ ਜ਼ਮੀਨ ਢਾਈ ਏਕੜ ਤੋਂ 3.7 ਏਕੜ ਦਰਮਿਆਨ ਹੈ, ਜਿਹੜੇ ਖੇਤੀ ਛੱਡਕੇ, ਆਪਣੀ ਜ਼ਮੀਨ ਵੇਚਕੇ ਸ਼ਹਿਰ'ਚ ਵਾਈਟ ਕਾਲਰ ਨੌਕਰੀ ਕਰਨ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਛੋਟੀ ਖੇਤੀ ਪੰਜਾਬ ਵਿੱਚ ਲਾਹੇਬੰਦ ਨਹੀਂ ਰਹੀ। ਇਨ੍ਹਾਂ ਨੌਜਵਾਨਾਂ ਵਿੱਚ ਕੁਝ ਜ਼ਮੀਨ ਜਾਇਦਾਦ ਵੇਚ ਵੱਟ ਕੇ ਵਿਦੇਸ਼ਾਂ ਦੇ ਰਾਹ ਚੰਗੇ ਭਵਿੱਖ ਲਈ ਤੁਰ ਪੈਂਦੇ ਹਨ। ਅੰਦਾਜ਼ਨ 25% ਪੰਜਾਬੀ ਚੰਗੀ ਨੌਕਰੀ, ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਵਹੀਰਾਂ ਘੱਤ ਚੁੱਕੇ ਹਨ ਅਤੇ 25% ਪੰਜਾਬੀ ਜੇਬਾਂ 'ਚ ਪਾਸਪੋਰਟ ਪਾਈ ਇਹੀ ਤਾਂਘ ਮਨ'ਚ ਪਾਲੀ ਬੈਠੇ ਹਨ। ਖੇਤੀ ਅਧਾਰਤ ਪੰਜਾਬ ਦੀ ਦਿਨੋ ਦਿਨ ਹੋ ਰਹੀ ਭੈੜੀ ਹਾਲਤ ਨੇ ਨੌਜਵਾਨਾਂ ਦੇ ਮਨਾਂ ਵਿੱਚ ਜਿਥੇ ਹਾਕਮਾਂ ਪ੍ਰਤੀ ਬੇ-ਭਰੋਸਗੀ ਪੈਦਾ ਕੀਤੀ ਹੋਈ ਹੈ, ਉਥੇ ਉਨ੍ਹਾਂ ਦੇ ਮਨਾਂ'ਚ ਆਪਣੇ ਭਵਿੱਖ ਪ੍ਰਤੀ ਨਿਰਾਸ਼ਤਾ ਹੈ। ਹੱਥਾਂ'ਚ ਕੰਮ ਕੋਈ ਨਹੀਂ, ਕ੍ਰਿਤ ਕਰਨ ਦੀ ਜਾਚ ਕੋਈ ਨਹੀਂ , ਧੜਾ ਧੜ ਖੁਲ੍ਹ ਰਹੀਆਂ ਯੂਨੀਵਰਸਿਟੀਆਂ, ਤਕਨੀਕੀ ਯੂਨੀਵਰਸਿਟੀਆਂ, ਕਾਲਜ, ਪ੍ਰੋਫੈਸ਼ਨਲ ਕਾਲਜ, [ਨਰਸਿੰਗ, ਫਾਰਮੇਸੀ, ਇੰਜਨੀਰਿੰਗ, ਮੈਨੇਜਮੈਂਟ, ਬੀ.ਐਡ] ਨੌਜਵਾਨਾਂ ਹੱਥ, ਤਕੜੇ ਪੈਸੇ ਵਸੂਲਕੇ ਡਿਗਰੀਆਂ ਤਾਂ ਹੱਥ ਫੜਾ ਰਹੇ ਹਨ, ਪਰ ਨੌਕਰੀਆਂ ਹਨ ਕਿਥੇ? ਸਿੱਟਾ ਨਿਰਾਸ਼ਾ ਦੇ ਆਲਮ ਨਿੱਤ ਭੁੱਖ ਨਾਲ ਮਰ ਰਹੇ ਬੇਰੁਜ਼ਗਾਰ ਨੌਜਵਾਨ ਪਾਣੀ ਦੀਆਂ ਟੈਂਕੀਆਂ ਤੇ ਚੜ੍ਹਕੇ , ਸੜਕਾਂ ਉਤੇ ਮੁਜ਼ਾਹਰੇ ਕਰਕੇ ਅਤੇ ਇਥੋਂ ਤੱਕ ਕਿ ਆਤਮਦਾਹ ਕਰਨ ਤੱਕ ਜਾਕੇ ਆਪਣਾ ਰੋਸ ਪ੍ਰਗਟ ਕਰ ਰਹੇ ਹਨ ਅਤੇ ਨੌਕਰੀਆਂ ਦੀ ਮੰਗ ਕਰ ਰਹੇ ਹਨ। ਆਖਿਰ ਜੇਕਰ ਸਰਕਾਰ ਰੁਜ਼ਗਾਰ ਦੇ ਸਾਧਨਾਂ ਦਾ ਪ੍ਰਬੰਧ ਕਰਨ ਯੋਗ ਨਹੀਂ, ਤਾਂ ਧਨਾਢਾਂ ਦੇ ਹੱਥ ਸਿੱਖਿਆ ਵੇਚਕੇ ਨਿੱਤ ਨਵੀਆਂ ਪ੍ਰੋਫੈਸ਼ਨਲ ਯੂਨਵਰਸਿਟੀਆ ਖੋਲ੍ਹਣ ਦੀ ਆਗਿਆ ਦੇ ਕੇ, ਲੋਕਾਂ ਖਾਸ ਕਰ ਨੌਜਵਾਨਾਂ ਦੀ ਲੁੱਟ ਖਸੁੱਟ ਕਰਨ ਦਾ ਸਾਧਨ [ਟੂਲ] ਕਿਉਂ ਬਣ ਰਹੀ ਹੈ? ਪੰਜਾਬ ਵਿੱਚ ਇਸ ਸਮੇਂ ਸਰਕਾਰੀ ਖੇਤਰ ਵਿੱਚ ਦੀਆਂ 9 ਯੂਨੀਵਰਸਿਟੀਆਂ ਹਨ ਅਤੇ ਪ੍ਰਾਈਵੇਟ ਖੇਤਰ ਵਿੱਚ ਇੱਕ ਦਰਜਨ ਤੋਂ ਵੱਧ, ਜਿਨ੍ਹਾਂ ਉਤੇ ਪ੍ਰਬੰਧਕੀ ਜਾਂ ਉਨ੍ਹਾਂ ਵਲੋਂ ਲਈਆਂ ਜਾਂਦੀਆਂ ਫੀਸਾਂ ਪ੍ਰਤੀ ਕੋਈ ਬੰਦਸ਼, ਸਰਕਾਰ ਵਲੋਂ ਨਹੀਂ, ਜਿਹੜੀਆਂ ਕੇਂਦਰੀ ਸੰਸਥਾਵਾਂ ਤੋਂ ਮਨਜ਼ੂਰੀਆਂ ਲੈ ਕੇ ਨਿੱਤ ਨਵੇਂ ਕਿਸਮ ਦੇ ਕੋਰਸ ਖੋਲ੍ਹਕੇ ਨੌਜਵਾਨਾਂ ਨੂੰ ਭਰਮਿਤ ਕਰਕੇ ਦਾਖਲ ਕਰਦੀਆਂ ਹਨ ਦੇਸ਼ ਵਿੱਚ ਜਾਂ ਘੱਟ ਘੱਟ ਪੰਜਾਬ ਵਿੱਚ ਇਹ ਕੋਰਸ ਕਰਨੇ ਨੌਕਰੀਆਂ ਮਿਲਣੀਆਂ ਅਸੰਭਵ ਹਨ। ਇਹੋ ਜਿਹੀ ਹਾਲਤ ਵਿੱਚ ਕੀ ਇਹ ਲੋਕਾਂ ਦੀ ਸ਼ਰੇਆਮ ਲੁੱਟ ਨਹੀਂ?



ਪੰਜਾਬ ਬੇਰੁਜ਼ਗਾਰੀ ਦੀ ਜਿੱਲਣ ਵਿੱਚ ਨਿੱਤ ਦਿਨ ਹੋਰ ਡੂੰਘਾ ਧੱਸਦਾ ਜਾ ਰਿਹਾ ਹੈ। ਖੇਤੀ ਕਰਨ ਵਾਲੇ ਕਿਸਾਨਾਂ ਕੋਲ ਸਾਲ ਵਿੱਚ 100 ਦਿਨ ਤੋਂ ਵੱਧ ਕੰਮ ਨਹੀਂ , ਇਹੀ ਹਾਲ ਖੇਤੀ ਮਜ਼ਦੂਰਾਂ ਦਾ ਹੈ, ਸ਼ਹਿਰੀ ਕੰਮ ਕਰਨ ਵਾਲੇ ਮਿਸਤਰੀ, ਮਜ਼ਦੂਰਾਂ ਦੀ ਦਿਹਾੜੀ ਅਰਧ ਰੁਜ਼ਗਾਰ ਹੀ ਮੰਨੀ ਜਾਏਗੀ।ਦੇਸ਼ ਦੀ ਬਹੁਚਰਚਿਤ ਮਗਨਰੇਗਾ ਯੋਜਨਾ, ਜਿਹੜੀ ਮਜ਼ਦੂਰਾਂ ਨੂੰ 100 ਦਿਨਾਂ ਦਾ ਪੱਕਾ ਰੁਜ਼ਗਾਰ ਦੇਣ ਦੇ ਮਨਸ਼ੇ ਨਾਲ ਲਾਗੂ ਕੀਤੀ ਗਈ ਸੀ, ਉਹ ਵੀ ਪੰਜਾਬ ਦੇ ਕਿਸਾਨਾਂ, ਪੇਂਡੂ ਮਜ਼ਦੂਰਾਂ ਦੇ ਪੱਲੇ ਕੁਝ ਨਹੀਂ ਪਾ ਸਕੀ, ਕਿਉਂਕਿ ਇਸ ਅਧੀਨ ਔਸਤਨ ਹਰ ਸਾਲ 50 ਦਿਨਾਂ ਤੋਂ ਵੱਧ ਤੋਂ ਵੱਧ ਰੁਜ਼ਗਾਰ ਹੀ ਨਹੀਂ ਦਿਤਾ ਜਾ ਸਕਿਆ ਅਤੇ ਜੋ ਦਿਤਾ ਵੀ ਗਿਆ ਉਹ ਵੀ ਚੱਲਦੀ ਘੱਟ ਘੱਟ ਦਿਹਾੜੀ ਤੋਂ ਘੱਟ ਉਜਰਤ ਤੇ। ਪੰਜਾਬ'ਚ ਅਤਿ ਦੀ ਬੇ-ਰੁਜ਼ਗਾਰੀ ਅਤੇ ਆਰਥਿਕ ਤੋਟ ਨੇ ਪੰਜਾਬ ਦੇ ਲੋਕਾਂ ਲਈ ਸਮੇਂ ਸਮੇਂ ਕਈ ਸੰਕਟ ਪੈਦਾ ਕੀਤੇ। ਬੇ-ਰੁਜ਼ਗਾਰੀ ਦੀ ਦੇਣ ਬਣੀਆਂ ਗਰਮ ਸਰਦ ਲਹਿਰਾਂ। ਬੇ-ਰੁਜ਼ਗਾਰੀ ਕਾਰਨ ਹੀ ਨੌਜਵਾਨ ਕੁਰਾਹੇ ਪਏ, ਨਸ਼ਿਆਂ'ਚ ਗ੍ਰਸਤ ਹੋਏ, ਗੈਰ ਸਮਾਜੀ ਅਨਸਰਾਂ ਦੇ ਪੰਜਿਆਂ'ਚ ਫਸੇ ਅਤੇ ਆਪਣੀ ਅਤਿ ਦੀ ਪਿਆਰੀ ਜੀਊਣ ਯੋਗ ਜ਼ਿੰਦਗੀ ਨੂੰ ਨਰਕੀ ਬਣਾ ਬੈਠੇ। ਇਸੇ ਕਰਕੇ ਅੱਜ ਆਰਥਿਕ ਤੌਰ ਤੇ ਲਿੱਸਾ ਹੋ ਰਿਹਾ ਪੰਜਾਬ, ਆਪਣੇ ਜਾਇਆਂ ਲਈ ਰੋਟੀ, ਰੁਜ਼ਗਾਰ ਦੇਣ ਤੋਂ ਅਸਮਰਥ ਹੋ ਰਿਹਾ ਹੈ। ਪੰਜਾਬ ਦੇ ਕੁਦਰਤੀ ਖਜ਼ਾਨੇ, ਪੰਜਾਬ ਦਾ ਵਿਉਪਾਰ, ਪੰਜਾਬ ਦੀ ਸਿੱਖਿਆ , ਸਿਹਤ ਸੇਵਾਵਾਂ ਕੁਝ ਹੱਥਾਂ'ਚ ਕੇਂਦਰਤ ਹੋ ਚੁੱਕੇ ਹਨ, ਜਿਹੜੇ ਆਪਣੇ ਨਿੱਜੀ ਫਾਇਦੇ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ। ਬੇਰੁਜ਼ਗਾਰੀ ਤੋਂ ਪੀੜਤ ਪੰਜਾਬ ਅੱਜ ਸਿਸਕੀਆ ਭਰ ਰਿਹਾ ਹੈ ਨਸ਼ਿਆਂ ਇਹਦੀ ਮੱਤ ਮਾਰ ਦਿਤੀ ਹੈ। ਮਿਲਾਵਟਖੋਰੀ, ਰਿਸ਼ਵਤਖੋਰੀ, ਚੋਰ ਬਜ਼ਾਰੀ, ਕੁਨਬਾਪਰਵਰੀ ਇਸਦੇ ਕਣ ਕਣ'ਚ ਧੱਸਦੀ ਜਾ ਰਹੀ ਹੈ। ਪੰਜਾਬੀਆਂ ਦੀ ਚੀਸ ਦਾ ਦਰਦ ਜਾਨਣ ਵਾਲਾ ਕੋਈ ਵਿਖਾਈ ਨਹੀਂ ਦੇ ਰਿਹਾ। ਸਿਰਫ ਨਾਹਰੇ , ਸਿਰਫ ਵਾਅਦੇ, ਸਿਰਫ ਗੱਲਾਂ, ਸਿਰਫ ਭਰੋਸੇ ਬੇ-ਰੁਜ਼ਗਾਰਾਂ ਦੇ ਦਰਦ ਦੀ ਚੀਸ ਨਹੀਂ ਮਿਟਾ ਸਕਦੇ। ਲੋੜ ਬੇ-ਰੁਜ਼ਗਾਰਾਂ ਨੂੰ ਕਿੱਤਾ ਮੁੱਖੀ ਸਿੱਖਿਆ ਦੇਣ ਦੀ ਹੈ। ਇਹੀ ਕਿੱਤਾ ਮੁੱਖੀ ਸਿੱਖਿਆ ਅਨਪੜ੍ਹਾਂ, ਘੱਟ ਪੜ੍ਹਿਆਂ ਮਜ਼ਦੂਰਾਂ, ਕਿਸਾਨਾਂ ਲਈ ਵੀ ਉਤਨੀ ਹੀ ਸਹਾਈ ਹੋ ਸਕਦੀ ਹੈ, ਜਿੰਨੀ ਵੱਡੀਆਂ ਡਿਗਰੀਆਂ ਵਾਲਿਆਂ ਲਈ। ਜਿਨ੍ਹਾਂ ਨੂੰ ਹੁਨਰ ਸਿਖਾਕੇ ਕਿਸੇ ਆਹਰੇ ਲਾਉਣਾ ਸਮੇਂ ਦੀ ਮੰਗ ਹੈ।

ACCOUNTANT

Corporate & Personal Business
Attends: CRA Audits and Appeals

SUKHDEV SINGH CPA, CGA

TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

# ਵਿਸ਼ਵ ਵਪਾਰ ਸੰਸਥਾ ਬਨਾਮ ਉੱਚੇਰੀ ਸਿੱਖਿਆ



ਕੰਵਲਜੀਤ ਖੰਨਾ

ਵਿਸ਼ਵ ਵਪਾਰ ਸੰਸਥਾ (WTO) ਦੇ ਤਹਿਤ ਉੱਚ ਸਿੱਖਿਆ ਖੇਤਰ ਨੂੰ ਸੰਸਾਰ ਵਪਾਰ ਲਈ ਖੋਲਣ ਹਿੱਤ ਭਾਰਤੀ ਹਕੂਮਤ ਰੁਓ+ ਦੇ ਟੇਬਲ ਤੇ ਇਸ ਸਬੰਧੀ ਮਸੋਦਾ ਰੱਖਣ ਦੀ ਪੂਰੀ ਤਿਆਰੀ ਕਰ ਲਈ ਹੈ । ਇਸ ਤਹਿਤ WTO ਦੇ 160 ਮੈਂਬਰ ਦੇਸ਼ਾਂ 'ਚ ਸਿੱਖਿਆ ਦਾ ਧੰਦਾ ਕਰਨ ਵਾਲੀਆਂ ਫਰਮਾਂ ਨੂੰ ਸਾਡੇ ਦੇਸ਼ ਦੇ ਕਾਲਜ, ਯੂਨੀਵਰਸਿਟੀਆਂ ਅਤੇ ਹੋਰ ਤਕਨੀਕੀ ਤੇ ਪ੍ਰੋਫੈਸ਼ਨਲ (ਕਿੱਤਾ ਮੁੱਖੀ) ਸੰਸਥਾਵਾਂ ਸਥਾਪਤ ਕਰਕੇ ਉਨ੍ਹਾਂ ਨੂੰ ਵਪਾਰਕ ਮੁਨਾਫਾ ਕਮਾਉਣ ਦੀ ਖੁਲ੍ਹੀ ਛੋਟ ਹੋਵੇਗੀ । ਇਸ ਮਸੋਦੇ ਦੇ ਪਾਸ ਹੋਣ ਨਾਲ ਹੀ WTO ਦੇ ਵਪਾਰ ਸਬੰਧੀ ਨਿਯਮ ਉੱਚ ਸਿੱਖਿਆ ਖੇਤਰ 'ਚ ਲਾਗੂ ਹੋ ਜਾਣਗੇ। ਅਜਿਹਾ ਹੁੰਦੇ ਹੀ ਜਨਤਾ ਦਾ ਸਿੱਖਿਆ ਦਾ ਹੱਕ, ਜਿਸ ਦੀ ਗਰੰਟੀ ਸਰਕਾਰ ਦੀ ਡਿਊਟੀ ਬਣਦੀ ਹੈ, ਪੂਰੀ ਤਰ੍ਹਾਂ ਖਤਮ ਹੋ ਜਾਵੇਗਾ । WTO- GATTS (ਜਨਰਲ ਐਗਰੀਮੈਂਟ ਆਨ ਟਰੇਡ ਇਨ ਸਰਵਿਸਜ਼ ਯਾਨਿ ਸੇਵਾ ਦੇ ਖੇਤਰ 'ਚ ਵਪਾਰ ਦੇ ਲਈ ਆਮ ਸਮਝੌਤਾ) ਦੀਆਂ ਸ਼ਰਤਾਂ ਤਹਿਤ ਬੇਲਗਾਮ ਨਿੱਜੀਕਨ ਅਤੇ ਬਾਜਾਰੀਕਰਨ ਨਾਲ ਸਿੱਖਿਆ ਨਾ ਸਿਰਫ ਗਰੀਬਾਂ ਹੱਥੋਂ ਖੁੱਸ ਜਾਵੇਗੀ, ਬਲਕਿ ਜਿਹੜੇ ਖਰਚਾ ਕਰ ਵੀ ਸਕਦੇ ਹਨ ਉਨ੍ਹਾ ਨੂੰ ਵੀ ਸਿਰਫ ਨਾਮਾਤਰ ਸਿੱਖਿਆ ਹੀ ਮਿਲੇਗੀ। ਅਜਿਹਾ ਇਸ ਲਈ ਕਿਉਂਕਿ ਬਾਜਾਰੀਕਰਨ ਦੇ ਚੱਲਦਿਆਂ ਸਿੱਖਿਆ ਆਪਣੇ ਅਸਲ ਮਕਸਦ ਤੋਂ ਭਟਕ ਜਾਵੇਗੀ ਅਤੇ ਨਾਲ ਹੀ ਸਿਲੇਬਸ ਅਤੇ ਸਿੱਖਿਆ ਪ੍ਰਣਾਲੀ 'ਚ ਵੀ ਨਿਘਾਰ ਆਵੇਗਾ। ਇਸ ਦੇ ਨਾਲ ਹੀ ਸਾਡੀਆਂ ਸਿੱਖਿਆ ਸੰਸਥਾਵਾਂ ਦੀ ਅਕਾਦਮਿਕ ਸਰਦਾਰੀ (ਪ੍ਰਭਸੱਤਾ), ਖੋਜ ਦੀ ਆਜਾਦੀ ਅਤੇ ਜਮਹੂਰੀ ਕਦਰਾਂ ਕੀਮਤਾਂ ਦਾ ਘਾਣ ਹੋਵੇਗਾ। WTO ਨੇ ਬਿਲਕੁਲ ਸਪੱਸ਼ਟ ਕਨੂੰਨੀ ਭਾਸ਼ਾ 'ਚ ਸਿੱਖਿਆ ਨੂੰ ਵਪਾਰਕ ਸੇਵਾ ਜਾਂ ਵਿਕਾਊ ਮਾਲ ਅਤੇ ਵਿਦਿਆਰਥੀ ਨੂੰ ਖਪਤਕਾਰ ਮੰਨਿਆ ਹੈ। ਜੇਕਰ ਇੱਕ ਵੇਰ ਸਿੱਖਿਆ ਸੰਸਾਰ ਮੰਡੀ ਦੇ ਹਵਾਲੇ ਹੋ ਗਈ ਤਾਂ ਖਪਤਕਾਰ ਮੰਨਿਆ ਹੈ। ਜੇਕਰ ਇੱਕ ਵੇਰ ਸਿੱਖਿਆ ਸੰਸਾਰ ਮੰਡੀ ਦੇ ਹਵਾਲੇ ਹੋ ਗਈ ਤਾਂ ਪੱਕਾ ਹੇ ਕਿ ਭਾਰਤੀ ਹਕੂਮਤ ਸਿਖਿਆ ਦਾ ਵਪਾਰ ਕਰਨ ਵਾਲੇ ਦੇਸ਼ੀ ਵਿਦੇਸ਼ੀ ਕਾਰਪੋਰੇਟਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਬੰਨੀ ਜਾਵੇਗੀ, ਭਲੇ ਹੀ ਇਸ ਨਾਲ ਦੇਸ਼ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਭਾਰੀ ਨੁਕਸਾਨ ਹੋਵੇ। ਜੇਕਰ ਅਸੀਂ ਸਾਰੇ ਭਾਰਤੀ ਵਿਸ਼ੇਸ਼ਕਰ ਅਧਿਆਪਕ ਤੇ ਵਿਦਿਆਰਥੀ ਉੱਚ ਸਿੱਖਿਆ 'ਚ WTO ਨੂੰ ਦਿੱਤੀ ਭਾਰਤੀ ਸਰਕਾਰ ਦੀ ਆਫਰ ਨੂੰ ਵਾਪਸ ਕਰਾਉਣ 'ਚ ਸਫਲ ਨਹੀਂ ਹੁੰਦੇ ਤਾਂ ਸਾਡਾ ਸਿੱਖਿਆ ਤੰਤਰ ਸਦਾ ਸਦਾ ਲਈ ਵਿਸ਼ਵ ਵਪਾਰ ਸੰਸਥਾ (WTO) ਦੇ ਹਵਾਲੇ ਹੋ ਜਾਵੇਗਾ ਤਾਂ ਸਾਡਾ ਤੁਹਾਡਾ ਭਵਿੱਖ ਤਬਾਹ ਹੋ ਜਾਵੇਗਾ।

ਤੱਥ ਤਾਂ ਇਹ ਹੈ ਕਿ ਭਾਰਤ ਸਰਕਾਰ ਨੇ ਉੱਚ ਸਿੱਖਿਆ ਦੇ ਬਾਜਾਰੀਕਰਨ ਦੇ ਲਈ ਅਗਸਤ 2005 'ਚ ਸੰਸਾਰ ਵਪਾਰ ਸੰਸਥਾ (WTO) ਦੇ ਸਾਹਮਣੇ ਮਸੋਦਾ ਰੱਖਿਆ ਸੀ। ਇਹ ਦੋਹਾ ਗੇੜ ਦੀਆਂ ਵਪਾਰ ਵਾਰਤਾਵਾਂ ਦੀ ਲੜੀ ਵਿੱਚ ਹੀ ਸੀ। ਜਿਸਦੀ ਸ਼ੁਰੂਆਤ ਦੋਹਾ ਕਤਰ 'ਚ 2001 'ਚ ਹੋਈ ਸੀ। ਹਾਲੇ ਤੱਕ ਇਸ ਤੇ ਅਮਲ ਨਹੀਂ ਹੋ ਪਾਇਆ ਹੈ ਕਿਉਂਕਿ ਪਿਛਲੇ ਦੱਸ ਵਰ੍ਹਿਆਂ 'ਚ ਵਪਾਰ ਵਾਰਤਾਵਾਂ 'ਚ ਸ਼ਾਮਲ ਸਾਰੇ ਮੈਂਬਰ ਦੇਸ਼ਾਂ 'ਚ ਸਹਿਮਤੀ ਨਹੀਂ ਬਣ ਪਾਈ ਸੀ । ਸਕੀਮ ਹੁਣ ਇਹ ਹੈ ਕਿ ਸੰਸਾਰ ਵਪਾਰ ਸੰਸਥਾ 'ਚ ਇਨਾਂ ਵਪਾਰ ਵਾਰਤਾਵਾਂ ਨੂੰ ਜੁਲਾਈ ਮਹੀਨੇ ਤੋਂ ਬਾਅਦ ਹੋਰ ਤੇਜੀ ਨਾਲ ਅੱਗੇ ਵਧਾਇਆ ਜਾਵੇ ਅਤੇ ਇਸੇ ਸਾਲ 15 ਤੋਂ 18 ਦਸੰਬਰ ਨੂੰ ਨੈਰੋਬੀ (ਕੀਲੀਆਂ) 'ਚ ਹੋਣ ਜਾ ਰਹੇ ਦਸਵੇਂ ਮੰਤਰੀ ਪੱਧਰੇ ਗੇੜ 'ਚ ਇਨਾਂ ਨੂੰ ਕਾਮਯਾਬੀ ਨਾਲ ਨੇਪਰੇ ਚਾੜ ਲਿਆ ਜਾਵੇ। ਸਪੱਸ਼ਟ ਰੂਪ 'ਚ ਇਸ ਦਸਵੀਂ ਕਾਨਫਰੰਸ ਤੋਂ ਪਹਿਲਾ ਪਹਿਲਾ ਜੇਕਰ ਭਾਰਤ ਦੀ ਸਰਕਾਰ ਨੇ ਉੱਚ ਸਿੱਖਿਆ ਦੇ ਮਸੌਦੇ ਨੂੰ ਵਾਪਸ ਨਾ ਲਿਆ ਤਾਂ ਖੁਦ-ਬ-ਖੁਦ ਹੀ ਇਹ ਖੇਤਰ ਉਸ ਦੇ ਘੇਰੇ 'ਚ ਆ ਜਾਵੇਗਾ ਅਤੇ ਇਸ ਦੇ ਦੂਰ ਰਸ ਮਾਰੂ ਅਸਰ ਪੈਣਗੇ ।

**ਵਪਾਰ ਵਾਰਤਾਵਾਂ 'ਚ ਤੇਜੀ ਦਾ ਦੌਰ**: ਵਿਸ਼ਵ ਵਪਾਰ ਸੰਸਥਾ ਦੀ ਜਨਰਲ ਕਮੇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਨਵੰਬਰ 2014 'ਚ ਜਨੇਵਾਂ 'ਚ ਹੋਈ। ਇਸ ਮੀਟਿੰਗ 'ਚ ਦੋਹਾ ਗੇੜ ਦੀਆਂ ਵਾਰਤਾਵਾਂ ਦੇ ਵਧਦੇ ਜਾ ਰਹੇ ਕਾਰਜ ਖੇਤਰ ਨੂੰ ਸੀਮਿਤ ਕਰਨ ਲਈ ਸੰਘਰਸ਼ ਕਰ ਰਹੇ ਘੱਟ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਦੱਸ ਵਰ੍ਹਿਆਂ ਦੇ ਲੰਮੇ ਸੰਘਰਸ਼ ਨੂੰ ਮਿੱਥਕੇ ਦਬਾਉਣ ਦਾ ਅਮਲ ਆਪਣੇ ਸਿਖਰ ਤੇ ਪੁੱਜ ਗਿਆ। ਇਥੇ ਤੈਅ ਕੀਤਾ ਗਿਆ ਕਿ ਜੁਲਾਈ 2015 ਤੱਕ ਵਪਾਰ ਵਾਰਤਾਵਾਂ ਦੇ ਪ੍ਰੋਗਰਾਮ ਨੂੰ ਅੰਤਿਮ ਰੂਪ ਦਿੱਤਾ ਜਾਵੇ ਅਤੇ ਇਸ ਤੋਂ ਬਾਅਦ ਦਸੰਬਰ 2015 'ਚ ਵਿਸ਼ਵ ਵਪਾਰ ਸੰਸਥਾ ਦੀ ਮੰਤਰੀ ਪੱਧਰੀ ਕਾਨਫਰੰਸ ਕੀਤੀ ਜਾਵੇ ਜੋ ਕਿ ਇਸ ਦਾ ਸਿਖਰਲਾ ਅਦਾਰਾ ਹੈ। ਇਹ ਕਾਨਫਰੰਸ ਘੱਟ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਅਤੇ ਪੂਰੀ ਦੁਨੀਆਂ ਦੇ ਮਿਹਨਤਕਸ਼ ਆਵਾਮ ਲਈ ਅਤਿਅੰਤ ਘਾਤਕ ਸਿੱਧ ਹੋਵੇਗਾ । ਦੱਸਵੀਂ ਮੰਤਰੀ ਪੱਧਰੀ ਮੀਟਿੰਗ 'ਚ ਲਏ ਗਏ ਫੈਸਲਿਆਂ ਤੋਂ ਬਾਅਦ ਖੇਤੀ ਦੇ ਨਾਲ ਹੀ ਸਿੱਖਿਆ, ਸਿਹਤ, ਪੀਣ ਵਾਲੇ ਪਾਣੀ, ਜਨਤਕ ਵੰਡ ਪ੍ਰਣਾਲੀ ਜਿਹੀਆਂ ਸੇਵਾਵਾਂ ਅਤੇ ਜਨਤਾ ਦੇ ਸਾਰੇ ਹੱਕ ਵਪਾਰ ਦੇ ਘੇਰੇ 'ਚ ਆ ਜਾਣਗੇ । ਇਨ੍ਹਾਂ ਮੁੱਦਿਆਂ ਤੇ ਗੱਲਬਾਤ ਦੀ ਲੜੀ ਦੋਹਾ (ਕਤਰ) 'ਚ ਹੋਈ ਚੌਥੀ ਮੰਤਰੀ ਪੱਧਰੀ ਮੀਟਿੰਗ 'ਚ 2001 'ਚ ਹੀ ਹੋ ਗਈ ਸੀ । ਲੁੱਟ ਦੀ ਇਸ ਯੋਜਨਾ ਨਾਲ ਦੇਸ਼ਾਂ ਦੀ ਪ੍ਰਭੁਸਤਾ ਖਤਮ ਹੋਵੇਗੀ। ਇਸ ਖਤਰੇ ਨੂੰ ਬੁੱਝਦਿਆ ਹੋਇਆ ਦੁਨੀਆਂ ਦੀਆਂ ਅਨੇਕਾਂ ਜੱਥੇਬੰਦੀਆਂ ਨੇ ਦੱਸਵੀ ਮੰਤਰੀ ਪੱਧਰੀ ਮੀਟਿੰਗ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ । ਸੰਕਟ ਦੇ ਇਸ ਦੌਰ 'ਚ ਹਰ ਕਿਸਮ ਦੇ ਸਿੱਖਿਆ ਪ੍ਰੇਮੀ ਚੁੱਪ ਨਹੀਂ ਬੈਠ ਸਕਣਗੇ ।

**ਸਮਾਰਾਜਵਾਦ ਦੇ ਵਧਦੇ ਕਦਮ**:- ਵਿਸ਼ਵਵਪਾਰ ਸੰਸਥਾ ਨੇ ਦੁਨੀਆਂ ਨੂੰ ਤਿੰਨ ਸ੍ਰੇਣੀਆਂ 'ਚ ਵੰਡ ਦਿੱਤਾ ਹੈ । 1. ਵਿਕਸਤ 2. ਵਿਕਾਸਸ਼ੀਲ 3. ਘੱਟ ਵਿਕਸਿਤ। ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਦਾ ਦਰਮਿਆਨ ਆਰਥਕ ਨਾ ਬਰਾਬਰੀ ਅਸਲ 'ਚ ਸਾਮਰਾਜਵਾਦੀ ਲੁੱਟ ਦਾ ਨਤੀਜਾ ਹੈ । ਵਿਸ਼ਵਵਪਾਰ ਸੰਸਥਾ ਦਾ ਗਠਨ ਵਿਕਸਤ ਦੇਸ਼ਾ ਦੇ ਹਿੱਤਾ ਦੀ ਰਾਖੀਲਈ ਹੋਇਆ ਹੈ ਅਤੇ ਇਹ ਵਿਕਾਸਸ਼ੀਲ ਦੇਸ਼ਾ ਦੇ ਹਿੱਤਾ ਦੇ ਖਿਲਾਫ ਹੈ । ਭਾਰਤ ਜਿਹੇ ਵਿਕਾਸਸ਼ੀਲ ਦੇਸ਼ਾ ਨੇ ਵਿਸ਼ਵ ਵਪਾਰ ਸੰਸਥਾ ਦੀ ਮੈਂਬਰਸ਼ਿਪ ਦੇਸ਼ ਦੇ ਕਾਰਪੋਰੇਟ ਘਰਾਨਿਆਂ ਦੇ ਹਿੱਤਾ ਦੇ ਲਈ ਹਾਸਲ ਕੀਤੀ ਹੈ ਅਤੇ ਜਨਤਾ ਨੂੰ ਭਰੋਸਾ ਦਿੱਤਾ ਹੈ ਕਿ ਵਿਕਾਸ 'ਚ ਹੋਣ ਵਾਲੇ ਲੀਕੇਜ਼ (ਟ੍ਰਿਕਲ ਡਾਊਨ) ਦਾ ਉਨ੍ਹਾਂ ਨੂੰ ਵੀ ਲਾਭ ਮਿਲੇਗਾ। ਪਿਛਲੇ ਦੋ ਦਹਾਕਿਆਂ 'ਚ ਸੰਸਾਰ ਵਪਾਰ ਸੰਸਥਾ ਤਹਿਤ ਕੀਤੇ ਗਏ ਵੱਖ-ਵੱਖ ਸਮਝੌਤਿਆਂ ਕਾਰਣ ਸਾਰੇ ਦੇਸ਼ਾਂ 'ਚ ਜਮਾਤੀ ਤੇ ਸਮਾਜਿਕ ਗੈਰਬਰਾਬਰੀ ਦੀ ਹਾਲਤ ਗੰਭੀਰ ਬਣੀ ਹੈ। ਦੱਸਵੀਂ ਮੰਤਰੀ ਪੱਧਰੀ ਮੀਟਿੰਗ 'ਚ ਵਿਸ਼ਵ ਵਪਾਰ ਸੰਸਥਾ ਦੇ ਕੰਮ ਖੇਤਰ 'ਚ ਕੀਤੇ ਜਾ ਰਹੇ ਵਿਸਥਾਰ ਨਾਲ ਇਹ ਅਮਲ ਹੋਰ ਤੇਂ ਹੋਵੇਗਾ ਅਫਸੋਸ ਨਾਲ ਗੱਲ ਇਹ ਹੈ ਕਿ ਦੋਹਾ ਗੇੜ ਵਪਾਰ ਵਾਰਤਾ ਨੂੰ ਦੋਹਾ ਵਿਕਾਸ ਅਜੰਡਾ ਵੀ ਕਿਹਾ ਜਾਂਦਾ ਹੈ, ਕਿਉਂਕਿ ਗਰੀਬ ਦੇਸ਼ਾ ਨੂੰ ਲੁਭਾਉਣ ਲਈ ਇਸ 'ਚ ਕੁਝ ਰਿਆਇਤਾਂ ਦਾ ਵੀ ਵੇਰਵਾ ਪਾਇਆ ਗਿਆ ਹੈ ।

**ਗੈਟਸ ਤੇ ਸਿੱਖਿਆ**:- ਵਿਸ਼ਵਵਪਾਰ ਸੰਸਥਾ ਮੁੱਖ ਰੂਪ 'ਚ ਤਿੰਨ ਜੁੜਵੇ ਬਹੁਪੱਖੀ ਸਮਝੌਤਿਆਂ ਦੇ ਆਧਾਰਿਤ ਹੈ । ਜਨਰਲ ਐਗਰੀਮੈਂਟ ਆਨ ਟਰੇਡ ਐਂਡ ਟੈਰਿਫ 1994 (ਗੈਟ/GATT, ਵਪਾਰ ਅਤੇ ਟੈਕਸ ਸਬੰਧੀ ਆਮ ਸਮਝੌਤਾ) ਇਸ ਵਿੱਚ ਖੇਤੀ ਸਬੰਧੀ ਸਮਝੋਤਾ 'ਐਗਰੀਮੈਂਟ ਆਨ ਐਗਰੀਕਲਚਰ ਵੀ ਸ਼ਾਮਲ ਹੈ। 2. ਟਰੇਡ ਰਿਲੇਟਡ ਇੰਟਲੈਕਚਅਲ ਪ੍ਰਾਪਰਟੀ ਰਾਈਟਸ (ਟਰਿਪਸ/TRIPPS) ਵਪਾਰ ਸਬੰਧੀ ਬੌਧਿਕ ਸੰਪਤੀ ਦਾ ਅਧਿਕਾਰ ਅਤੇ 3. ਜਨਰਲ ਐਗਰੀਮੈਂਟ ਆਨ ਟਰੇਡ ਇਨ ਸਰਵਿਸਜ਼/ GATTS/ਗੈਟਸ, ਸੇਵਾ ਖੇਤਰ'ਚ ਵਪਾਰ ਲਈ ਆਮ ਸਮਝੌਤਾ। ਇਸੇ ਤੀਸਰੇ ਸਮਝੌਤੇ ਤਹਿਤ ਸਿੱਖਿਆ ਦੇ ਅਰਥ ਨੂੰ ਘਟਾਉਣੇ ਹੋਇਆ ਉਸਨੂੰ ਵਪਾਰਕ ਸੇਵਾ ਤਹਿਤ ਰੱਖਿਆ ਗਿਆ ਹੈ। ਸਮਝੌਤੇ ਮੁਤਾਬਿਕ ਸਿੱਖਿਆ ਦਾ ਵਪਾਰ (ਗੈਟਸ ਕਮੇਟੀ) ਸੇਵਾ ਵਪਾਰ ਕਮੇਟੀ ਵੱਲੋਂ ਚਲਾਇਆ ਜਾਵੇਗਾ। ਹਾਸੋਹੀਣੀ ਗੱਲ ਇਹ ਹੈ ਕਿ ਇਹ ਕਮੇਟੀ ਇਨਾਂ ਹੀ ਨਿਯਮਾਂ ਰਾਹੀਂ ਮਨੋਰੰਜਨ ਦੇ ਕਲੱਬਾਂ ਅਤੇ ਪੱਬਾਂ (ਸ਼ਰਾਬ ਖਾਨਿਆਂ) ਨੂੰ ਵੀ ਰੈਗੂਲੇਟ ਕਰੇਗੀ । ਹਾਲਾਕਿ ਮੈਂਬਰ ਦੇਸ਼ਾਂ ਨੂੰ ਸਥਾਨਕ ਰੈਗੂਲੇਸ਼ਨ ਦੀ ਛੋਟ ਹੋਵੇਗੀ । ਦੇਸ਼ 'ਚ ਗੈਟਸ ਸੇਵਾਵਾਂ ਨੂੰ ਚਲਾਉਣ ਲਈ ਮੈਂਬਰ ਦੇਸ਼ਾਂ ਨੂੰ ਇਲਾਕਾਵਾਰ ਅਤੇ ਪ੍ਰਣਾਲੀ ਮੁਤਾਬਿਕ 'ਮਸੌਦਾ' ਦੇਣਾ ਹੈ ਅਤੇ ਅਸਲ 'ਚ ਮੰਡੀ ਲਈ ਕੁੱਲ ਰੂਪ 'ਚ ਆਪਣੀ ਪ੍ਰਤੀਬੱਧਤਾ ਦਿਖਾਉਣੀ ਹੈ ।

**ਵਪਾਰ ਦੀਆਂ ਚਾਰ ਪ੍ਰਣਾਲੀਆਂ**: ਗੈਟਸ ਨੇ ਸੇਵਾ ਖੇਤਰ ਨੂੰ ਪੰਜ ਉਪ ਖੇਤਰਾਂ 'ਚ ਵੰਡਿਆ ਹੇ ।

1) ਮੁੱਢਲੀ ਸਿੱਖਿਆ, 2) ਮਾਧਮਿਕ ਸਿੱਖਿਆ, 3) ਉੱਚ ਸਿੱਖਿਆ, 4) ਪ੍ਰੋੜ ਸਿੱਖਿਆ (ਅਡਲਟ ਐਜੂ.) ਅਤੇ 5) ਦੂਜੀ ਸਿੱਖਿਆ । ਭਾਰਤ ਸਰਕਾਰ ਨੇ ਉੱਚ ਸਿੱਖਿਆ ਉਪਖੇਤਰ ਦੇ ਲਈ ਅਪਣਾ ਮਸੌਦਾ ਪੇਸ਼ ਕੀਤਾ ਹੈ । ਇਨ੍ਹਾਂ ਤੋਂ ਬਿਨਾਂ ਗੈਟਸ ਨੇ ਸਾਰੀਆਂ ਸੇਵਾਵਾਂ ਦੇ ਵਪਾਰ ਦੀਆਂ ਚਾਰ ਪ੍ਰਣਾਲੀਆਂ ਬਣਾਈਆਂ ਹਨ । ਇਹ ਇਸ ਤਰ੍ਹਾਂ ਹਨ –

ੳ) ਸੀਮਾ ਪਾਰ ਤੋਂ ਸਪਲਾਈ:- ਵਿਦਿਆਰਥੀ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਪੱਤਰ ਵਿਹਾਰ ਰਾਹੀਂ ਸਿੱਖਿਆ ਪ੍ਰਾਪਤ ਕਰਨਗੇ ਅਤੇ ਸੇਵਾ ਦਾ ਖਰਚਾ ਦੇਣਗੇ ।

ਅ) ਵਿਦੇਸ਼ਾਂ 'ਚ ਖਪਤ : ਵਿਦਿਆਰਥੀ ਸਿੱਖਿਆ ਹਾਸਲ ਕਰਨ ਲਈ ਵਿਦੇਸ਼ਾਂ 'ਚ ਜਾਣਗੇ ਅਤੇ ਸੇਵਾ ਖਰਚੇ ਦਾ ਭੁਗਤਾਨ ਕਰਣਗੇ ।

ੲ) ਵਪਾਰਕ ਹਾਜਰੀ : ਵਿਦੇਸ਼ੀ ਨਿਵੇਸ਼ਕ ਇੱਥੇ ਕਾਲਜ ਤੇ ਯੂਨੀਵਰਸਿਟੀਆਂ ਖੁੱਲਣਗੇ, ਸੇਵਾ ਦੇਣਗੇ ਤੇ ਫੀਸਾਂ/ਸੇਵਾ ਖਰਚਾ ਹਾਸਲ ਕਰਨਗੇ ।

ਸ) ਵਿਦੇਸ਼ੀ ਮਾਹਰ : ਵਿਦੇਸ਼ੀ ਅਧਿਆਪਕ ਅਮਲੀ ਰੂਪ 'ਚ ਸਿੱਧੇ ਰੂਪ 'ਚ ਭਾਰਤੀ ਸਿੱਖਿਆ ਸੰਸਥਾਵਾਂ 'ਚ ਆਪਣੀਆਂ ਸੇਵਾਵਾਂ ਦੇਣਗੇ ਅਤੇ ਫੀਸਾਂ ਲੈਣਗੇ।

ਇਨ੍ਹਾਂ ਚਾਰਾਂ ਹੀ ਮਾਸਲਿਆਂ 'ਚ ਜਿਵੇਂ ਹੀ ਬਾਜਾਰ ਖੁੱਲੇਗਾ, ਭਾਰਤ ਦੇ ਸਾਰੇ ਨਾਗਰਿਕ ਗਾਹਕ ਬਣ ਜਾਣਗੇ, ਵਿਦੇਸ਼ੀ ਲੋਕ ਮਿਹਨਤਾਨਾ ਹਾਸਲ ਕਰਨਗੇ ਤੇ ਵਿਦੇਸ਼ੀ ਕਾਰਪੋਰੇਟ ਮੁਨਾਫਾ ਕਮਾਉਣਗੇ । ਜੇਕਰ ਅਸੀਂ ਪੈਸੇ ਦੇ ਮੁੱਦੇ ਨੂੰ ਘੜੀ ਦੀ ਘੜੀ ਛੱਡ ਵੀ ਦੇਈਏ ਤਾਂ ਸਭ ਤੋਂ ਬੁਰੀ ਤੇ ਭੈੜੀ ਗੱਲ ਇਹ ਹੈ ਕਿ ਸਿੱਖਿਆ ਨੂੰ ਧੰਦਾ ਬਣਾ ਦਿੱਤਾ ਜਾਵੇਗਾ । ਇਸ ਪੂਰੀ ਸਨਅਤ ਤੇ ਪੂਰਾ ਕੰਟਰੋਲ ਵਿਦੇਸ਼ੀ ਕਾਰਪੋਰੇਟ ਤਾਕਤਾਂ ਦਾ ਹੋਵੇਗਾ ਤੇ ਇਸ ਤੋਂ ਵੀ ਬੁਰਾ ਅਸਰ ਇਹ ਹੋਵੇਗਾ ਕਿ ਇੱਕ ਵੇਰ ਸਮਝੌਤਾ ਹੋ ਜਾਣ ਤੇ ਲਾਗੂ ਕਰਨਾ ਜ਼ਰੂਰੀ ਹੋਵੇਗਾ । ਇਸ ਤੋਂ ਪਿੱਛੇ ਨਹੀਂ ਹਟਿਆ ਜਾ ਸਕੇਗਾ ।

ਵਿਦੇਸ਼ੀ ਸੇਵਾ ਨਿਵੇਸ਼ਕ: ਜੇ ਕਰ ਵਿਦੇਸ਼ੀ ਯੂਨੀਵਰਸਿਟੀਆਂ ਦੇਸ਼ 'ਚ ਗਿਆਨ ਦੇ ਪਸਾਰ ਅਤੇ ਵਟਾਂਦਰੇ ਲਈ ਆਉਂਦੀਆਂ ਤਾਂ ਇਨਾਂ ਦਾ ਮਕਸਦ ਸਿੱਖਿਆ ਤੇ ਸਭਿਆਚਾਰਕ ਰਿਸ਼ਤਿਆਂ ਦਾ ਵਿਕਾਸ ਹੋਣਾ ਸੀ ਤਾਂ ਇਨ੍ਹਾਂ ਦੇ ਖਿਲਾਫ ਜਾਣ ਦੀ ਲੋੜ ਨਹੀਂ ਸੀ ਪੈਣੀ। ਭਾਰਤੀ ਇਤਿਹਾਸ 'ਚ ਇਸ ਤਰ੍ਹਾਂ ਆਪਸੀ ਲੈਣ ਦੇਣ ਹੁੰਦਾ ਰਿਹਾ ਹੈ ਅਤੇ ਆਜਾਦੀ ਲਹਿਰ ਦੌਰਾਨ ਮਹਾਤਮਾ ਗਾਂਧੀ ਤੇ ਰਬਿੰਦਰ ਨਾਥ ਟੈਗੋਰ ਨੇ ਇਨ੍ਹਾਂ ਨੂੰ ਹੱਲਾਸ਼ੇਰੀ ਦਿੱਤੀ ਸੀ । ਪਰ ਵਿਸ਼ਵ ਵਪਾਰ ਸੰਸਥਾ ਦੇ ਦੌਰ 'ਚ ਅਜਿਹਾ ਨਹੀਂ ਹੈ । ਇਸ ਦੇ ਤਹਿਤ ਤਾਂ ਯੂਨੀਵਰਸਿਟੀ ਸਿਰਫ ਮੁਨਾਫਾ ਕਮਾਉਣ ਆ ਰਹੀਆਂ ਹਨ। ਇਹੀ ਨਹੀਂ ਕਈ ਦੂਜੇ ਦਰਜੇ ਦੀਆਂ ਯੂਨੀਵਰਸਿਟੀਆਂ ਇੱਥੇ ਕਾਲਜ ਖੋਲਣਗੀਆਂ ਤੇ ਮੁਨਾਫਾ ਕਮਾਉਣਗੀਆਂ । ਸੰਨ 2000 'ਚ ਸੰਸਾਰ ਬੈਂਕ ਦੀ ਇੱਕ ਸਰਵੇਖਣ ਰਿਪੋਰਟ 'ਚ ਇਹ ਸਾਬਤ ਹੋਇਆ ਹੈ ਕਿ ਵਿਕਸਤ ਦੇਸ਼ਾਂ ਦੀਆਂ ਮਸ਼ਹੂਰ ਯੂਨੀਵਰਸਿਟੀਆਂ ਨੇ ਪਿਛੜੇ ਦੇਸ਼ਾਂ 'ਚ ਘਟੀਆ ਦਰਜੇ ਦੀਆਂ ਬਰਾਂਚਾ ਖੋਲੀਆਂ ਹਨ।

ਅੰਦਰੂਨੀ ਕੰਟਰੋਲ:- ਵਿਸ਼ਵ ਸੰਸਥਾ ਅੰਦਰ ਇੱਕ ਏਜੰਸੀ ਹੈ - ਵਪਾਰ ਨੀਤੀ ਸਮੀਖਿਆ ਤੰਤਰ ਯਾਨਿ ਟਰੇਡ ਪਾਲਸੀ ਰਿਵਿਊ ਮੇਕਾਨੀਜਮ ਜਾਂ TPRM ਇਸ ਤਹਿਤ ਬਣਾਏ ਜਿਆਦਾਤਰ ਅਦਾਰੇ ਵੱਖ-ਵੱਖ ਦੇਸ਼ਾਂ ਦੀਆਂ ਵਪਾਰ ਨੀਤੀਆਂ ਦੀ ਸਾਲਾਨਾ ਸਮੀਖਿਆ ਕਰਨਗੇ ਅਤੇ ਦੇਸ਼ਾਂ ਨਾਲ ਸੰਬੰਧਿਤ ਨੀਤੀਆਂ 'ਚ ਬਦਲਾਅ ਲਈ ਸੁਝਾਅ ਦੇਣਗੇ । ਸੰਸਾਰ ਵਪਾਰ ਸੰਸਥਾ ਦੇ ਅਦਾਰਿਆਂ ਵੱਲੋਂ ਇਸ ਤਰ੍ਹਾਂ ਦੇ ਕੰਮ ਸਪੱਸ਼ਟ ਰੂਪ 'ਚ ਕਿਸੇ ਦੇਸ਼ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਅਤੇ ਉਨਾਂ ਦੀ ਪ੍ਰਭੁਸਤਾ ਦਾ ਤਿਰਸਕਾਰ ਹੈ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸੰਸਾਰ ਵਪਾਰ ਸੰਸਥਾ ਮੈਂਬਰ ਦੇਸ਼ਾਂ ਦੇ ਨੀਤੀ ਨਜਰੀਏ ਨੂੰ ਆਪਣੇ ਮੁਤਾਬਿਕ ਅਸਰ ਅੰਦਾਜ ਕਰੇਗਾ। ਵਿਕਾਸਸ਼ੀਲ ਅਤੇ ਘੱਟ ਵਿਕਸਤ ਦੇਸ਼ ਇਸ ਮਦ ਦੇ ਸਿਕੰਜੇ 'ਚ ਫਸ ਜਾਣਗੇ। ਵਪਾਰ ਨੀਤੀ ਸਮੀਖਿਆ ਤੰਤਰ ਦੇ ਅਧਿਕਾਰੀਆਂ ਕੋਲ ਮਨੁੱਖੀ ਸਰੋਤ ਮੰਤਰੀ ਅਤੇ ਮਹਿਕਮੇ ਦੇ ਸੈਕਟਰੀਆਂ ਨੂੰ ਮਿਲਣ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਉਹ ਸਿੱਖਿਆ ਦੇ ਇਸ ਅਖੌਤੀ ਸੁਧਾਰ ਦੇ ਆਪਣੇ ਅਜੰਡੇ ਨੂੰ ਲਾਗੂ ਕਰਾਉਣ ਦੇ ਲਈ ਸਾਲਾਨਾ ਸਮੀਖਿਆ ਅਤੇ ਪੁੱਛਗਿੱਛ ਕਰਨਗੇ । ਮਨੁੱਖੀ ਸਰੋਤ ਮੰਤਰੀ ਭਾਰਤੀ ਲੋਕਾ ਤੋਂ ਜਿਆਦਾ ਇਸ ਸੰਸਥਾ ਪ੍ਰਤੀ ਜਵਾਬ ਦੇਹ ਹੋਣਗੇ। ਕਾਂਗਰਸ ਗੱਠਜੋੜ ਦੇ ਰਾਜਕਾਲ 'ਚ ਸੰਸਾਰ ਵਪਾਰ ਸੰਸਥਾ ਦੀ ਮੰਗ ਮੁਤਾਬਿਕ ਅੰਦਰੂਨੀ ਕੰਟਰੋਲ ਨੂੰ ਬਦਲਣ ਦੇ ਲਈ ਉੱਚ ਸਿੱਖਿਆ ਦੇ ਨਾਲ ਸਬੰਧਤ ਛੇ ਬਿੱਲ ਸੰਸਦ ਵਿੱਚ ਰੱਖੇ ਗਏ। ਪਰ ਕੋਈ ਬਿੱਲ ਪਾਸ ਨਹੀਂ ਹੋਇਆ। ਇਸ ਗੱਲ ਦੀ ਪੂਰੀ ਸੰਭਵਨਾ ਹੈ ਕਿ ਮੌਜੂਦਾ ਸਰਕਾਰ ਇਸੇ ਤਰ੍ਹਾ ਦਾ ਬਿੱਲ ਲਿਆਵੇ ਅਤੇ ਉਸ ਨੂੰ ਪਾਸ ਕਰਨ ਦਾ ਯਤਨ ਕਰੇ। ਇਸ ਤਰ੍ਹਾ ਸੰਸਾਰ ਵਪਾਰ ਸੰਸਥਾ ਅਤੇ ਇਸ ਦੇ ਸੰਗੀ ਅਦਾਰਿਆ ਨਾਲ ਮੈਂਬਰ ਦੇਸ਼ਾਂ, ਖਾਸਕਰ ਵਿਕਸਤ ਅਤੇ ਵਿਕਾਸਸੀਲ ਦੇਸ਼ਾ ਦੀ ਪ੍ਰਭੁਸੱਤਾ ਦਾ ਘਾਣ ਹੋਵੇਗਾ।

ਆਜਾਦ ਰੈਗੂਲੇਟਰੀ ਅਥਾਰਟੀ: ਹੁਣੇ ਹੀ ਅਨੇਕਾ ਸੇਵਾ ਖੇਤਰਾ 'ਚ ਆਜਾਦ ਰੈਗੂਲੇਟਰੀ ਅਥਾਰਟੀਆਂ ਦੀ ਸਥਾਪਨਾ ਹੋਈ। ਇਨ੍ਹਾਂ 'ਚ ਮੁੱਖ ਰੂਪ 'ਚ ਉਰਜਾ, ਜਲ, ਬੀਮਾ, ਟੈਲੀਫੋਨ ਆਦਿ ਸੇਵਾਵਾਂ ਲਈ ਸਥਾਪਤ ਕੀਤੀਆਂ ਗਈਆਂ ਅਥਾਰਟੀਆਂ ਹਨ । ਉੱਚ ਸਿੱਖਿਆ 'ਸੁਧਾਰ' ਦੇ ਲਈ ਸੰਨ 2000 'ਚ ਅੰਬਾਨੀ ਬਿਰਲਾ ਰਿਪੋਰਟ ਪੇਸ਼ ਕੀਤੀ ਗਈ, ਜਿਸ 'ਚ ਬਾਜਾਰਮੁਖੀ ਸਿੱਖਿਆ ਦੀ ਗੱਲ ਕੀਤੀ ਸੀ । ਸੈਮ ਪਿਤਰੋਦਾ ਦੀ ਪ੍ਰਧਾਨਗੀ ਵਾਲੇ ਰਾਸ਼ਟਰੀ ਗਿਆਨ ਕਮਿਸ਼ਨ (2006) ਦਾ ਵੀ ਸੁਝਾਅ ਸੀ ਕਿ ਉੱਚ ਸਿੱਖਿਆ ਦੀ ਆਜ਼ਾਦ ਰੈਗੂਲੇਟਰੀ ਅਥਾਰਟੀ ਬਣਾਈ ਜਾਵੇ। ਪ੍ਰੋਫੈਸਰ ਯਸ਼ਪਾਲ ਨੇ ਵੀ ਉੱਚ ਸਿੱਖਿਆ ਦੇ ਨਵੀਨੀਕਰਨ ਅਤੇ ਕਾਇਆ ਕਲਪ 2008 ਸਬੰਧੀ ਆਪਣੀ ਰਿਪੋਰਟ ਦਿੱਤੀ ਜਿਸ 'ਚ ਸਿਫਾਰਸ ਸੀ ਕਿ ਇੱਕ ਉੱਚ ਸਿੱਖਿਆ ਅਤੇ ਖੋਜ ਕੌਮੀ ਕਮਿਸ਼ਨ ਦਾ ਗਠਨ ਕੀਤਾ ਜਾਵੇ। ਇਸ ਕਮਿਸ਼ਨ 'ਚ ਮੌਜੂਦਾ ਸਾਰੇ ਸਿੱਖਿਆ ਅਦਾਰਿਆਂ ਯੂ. ਜੀ. ਸੀ. (ਯੂਨੀਵਰਸਿਟੀ ਗਰਾਂਟਸ ਕਮਿਸ਼ਨ), ਏ.ਸੀ.ਟੀ.ਈ.(ਤਕਨੀਕੀ ਸਿੱਖਿਆ ਕੌਮੀ ਪਰਿਸ਼ਦ), ਐਨ.ਸੀ.ਟੀ.ਈ. (ਅਧਿਆਪਕ ਸਿੱਖਿਆ ਲਈ ਕੌਮੀ ਪਰਿਸ਼ਦ) ਐਮ.ਸੀ.ਆਈ (ਭਾਰਤੀ ਮੈਡੀਕਲ ਪਰਿਸ਼ਦ) ਬੀ.ਸੀ.ਆਈ (ਬਾਰ ਕੌਂਸਲ ਆਫ ਇੰਡਿਆ) ਵਗੈਰਾ ਨੂੰ ਜਾ ਤਾਂ ਸਮਾਂ ਲਿਆ ਜਾਵੇ ਜਾਂ ਫਿਰ ਖਤਮ ਕਰ ਦਿੱਤਾ ਜਾਵੇ । ਇਸ ਤਰ੍ਹਾਂ ਦੀਆਂ ਅਥਾਰਟੀਆਂ ਦਾ ਸਪੱਸ਼ਟ ਉਦੇਸ਼ ਇਹੀ ਹੈ ਕਿ ਉੱਚ ਸਿੱਖਿਆ ਸੰਸਥਾਵਾਂ ਦੇ ਮੌਜੂਦ ਕਾਨੂੰਨੀ ਅਦਾਰਿਆਂ ਅਤੇ ਉਨ੍ਹਾਂ ਦੀ ਸਰਦਾਰੀ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਇਸ ਦੇ ਨਾਲ ਹੀ ਕੇਂਦਰ ਅਤੇ ਰਾਜ ਸਰਕਾਰਾਂ ਦੀ ਕਾਨੂੰਨੀ ਜਿੰਮੇਵਾਰੀ ਤੇ ਜਵਾਬ ਕਰ ਦਿੱਤਾ ਜਾਵੇ ਅਤੇ ਇਸ ਦੇ ਨਾਲ ਹੀ ਕੇਂਦਰ ਅਤੇ ਰਾਜ ਸਰਕਾਰਾਂ ਦੀ ਕਾਨੂੰਨੀ ਜਿੰਮੇਵਾਰੀ ਤੇ ਜਵਾਬ ਦੇਹੀ ਵੀ ਖਤਮ ਹੋ ਜਾਵੇ । ਇਸ ਤਰ੍ਹਾਂ ਦੀਆਂ ਅਥਾਰਟੀਆਂ ਦੀ ਸਥਾਪਨਾ ਗੈਟਸ ਦੇ ਫੈਸਲਿਆਂ ਪ੍ਰਤੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਹੀ ਕੀਤੀਆਂ ਜਾ ਰਹੀਆਂ ਹਨ। ਦੂਜੇ ਸੇਵਾ ਖੇਤਰਾਂ ਦੇ ਲਈ ਸਥਾਪਤ ਕੀਤੀਆਂ ਗਈਆਂ ਇਨ੍ਹਾਂ ਅਥਾਰਟੀਆਂ ਦੀ ਹੀ ਤਰ੍ਹਾਂ ਸਿੱਖਿਆ ਸੇਵਾ ਖੇਤਰ ਲਈ ਸਥਾਪਤ ਹੋਣ ਵਾਲੀ ਅਥਾਰਟੀ ਵੀ ਲੋਕ ਦਬਾਅ ਤੋਂ ਮੁਕਤ ਹੋਵੇਗੀ ਅਤੇ ਅੰਦਰੂਨੀ ਅਤੇ ਵਿਦੇਸ਼ੀ ਪੂੰਜੀ ਦੇ ਪੱਖ 'ਚ ਇਸ ਖੇਤਰ ਨੂੰ ਰੈਗੂਲੇਟ ਕਰੇਗੀ। ਯੂ.ਪੀ.ਏ. ਸਰਕਾਰ ਵੱਲੋਂ ਕੌਮੀ ਉੱਚ ਸਿੱਖਿਆ ਤੇ ਖੋਜ ਕਮਿਸ਼ਨ ਦੇ ਗਠਨ ਦੀ ਕੋਸ਼ਿਸ਼ ਸਿੱਖਿਆ ਸਬੰਧੀ ਦੂਜੇ ਕਨੂੰਨਾ ਦੇ ਨਾਲ ਹੀ ਰੁਲ ਗਈ ਪਰ ਭਾਜਪਾ ਨੇ ਵੀ ਆਪਣੇ ਚੋਣ ਮਨੋਰਥ ਪੱਤਰ 2014 'ਚ ਇਸੇ ਤਰ੍ਹਾਂ ਦਾ ਅਦਾਰਾ ਬਨਾਉਣ ਦਾ ਐਲਾਨ ਕੀਤਾ ਸੀ ।

ਵਿਸ਼ਵਵਪਾਰ ਸੰਸਥਾ ਨੇ ਸਿੱਖਿਆ ਨੂੰ ਖਪਤ ਦਾ ਮਾਲ ਤੇ ਵਿਦਿਆਰਥੀ ਨੂੰ ਖਪਤਕਾਰ ਬਣਾ ਦਿੱਤਾ ਹੈ । ਇਸ ਨਾਲ ਗਰੀਬ ਸਿੱਖਿਆ ਤੋਂ ਵਿਰਵੇ ਹੋਣਗੇ, ਨਾਲ ਹੀ ਉਹ ਜਿਹੜੇ ਪੈਸਾ ਖਰਚ ਕਰ ਸਕਦੇ ਹਨ ਕਿਉਂਕਿ ਸਾਰੀ ਸਿੱਖਿਆ ਦਾ ਕਾਰਪੋਰੇਟ ਹਿੱਤਾ 'ਚ ਕਬਾੜਾ ਕਰ ਦਿੱਤਾ ਜਾਵੇਗਾ । ਇਸ ਦੇ ਨਾਲ ਸਿੱਖਿਆ ਦੀ ਖੋਜੀ, ਇਨਕਲਾਬੀ ਤੇ ਤਰਕਸ਼ੀਲ ਦੇਣ ਵਾਲੀ ਭੂਮਿਕਾ ਨੂੰ ਖਤਮ ਕਰ ਦਿੱਤਾ ਜਾਵੇਗਾ ਜਿਹੜੀ ਵਿਅਕਤੀ ਨੂੰ ਸੁਯੋਗ ਨਾਗਰਿਕ ਬਣਾਉਂਦੀ ਹੈ । ਇੱਕ ਅਜਿਹਾ ਨਾਗਰਿਕ ਜਿਸ ਦੇ ਮਨ 'ਚ ਸਮਾਜ ਦੀ ਬੇਹਤਰੀ ਲਈ, ਸਮਾਜਿਕ ਨਿਆਂ, ਧਰਮ ਨਿਰਪਖਤਾ, ਸਮਾਜਵਾਦ ਪ੍ਰਤੀ ਇੱਜਤ ਹੋਵੇ, ਜਿਹੜਾ ਸਵਿਧਾਨਕ ਅਤੇ ਜਮਹੂਰੀ ਕਦਰਾਂ ਕੀਮਤਾਂ ਪ੍ਰਤੀ ਸੁਹਿਰਦ ਹੋਵੇ, ਰਾਸ਼ਟਰ ਦੀ ਸਰਦਾਰੀ ਤੇ ਆਜਾਦੀ ਦੀ ਰਾਖੀ ਲਈ ਸਮਰੱਥ ਹੋਵੇ । ਸਿੱਖਿਆ ਪ੍ਰੇਮੀ ਲੋਕ ਤੇ ਜੱਥੇਬੰਦੀਆਂ 1998 ਤੋਂ ਹੀ ਉੱਚ ਸਿੱਖਿਆ ਨੂੰ ਵਿਸ਼ਵ ਵਪਾਰ ਸੰਗਠਨ-ਗੈਟਸ ਦੇ ਘੇਰੇ 'ਚ ਲਿਆਉਣ ਦਾ ਵਿਰੋਧ ਹਰ ਸਰਕਾਰ ਦੇ ਰਾਜਕਾਲ 'ਚ ਕਰਦੀਆਂ ਰਹੀਆਂ ਹਨ । ਇਸੇ ਸਮੇਂ ਵਿਸ਼ਵ ਵਪਾਰ ਸੰਸਥਾ ਤੋਂ ਬਾਹਰ ਸਿੱਖਿਆ ਦੇ ਸਾਰੇ ਖੇਤਰਾਂ ਦੇ ਲਈ ਸੰਨ 2000 'ਚ ਸਤ ਪ੍ਰਤੀਸ਼ਤ ਵਿਦੇਸ਼ੀ ਨਿਵੇਸ਼ ਦੀ ਇਜਾਜਤ ਦਿੱਤੀ ਅਤੇ ਉੱਚ ਸਿੱਖਿਆ ਦੇ ਖੇਤਰ 'ਚ ਅਗਸਤ 2005 'ਚ ਵਿਸ਼ਵ ਵਪਾਰ ਸੰਸਥਾ ਨੂੰ ਮਸੌਦਾ ਭੇਜਿਆ। ਦੋਹਾਂ ਗੇੜ ਦੀ ਵਪਾਰ ਵਾਰਤਾ ਦਸੰਬਰ 2015 'ਚ ਪੂਰੀ ਹੋਣ ਦੀ ਸੰਭਾਵਨਾ ਹੈ । ਬਾਜਾਰੀਕਰਨ ਦੇ ਇਸ ਪ੍ਰਸਤਾਵ ਨੂੰ ਵਾਪਸ ਕਰਾਉਣ ਲਈ ਇੱਕ ਮਜਬੂਤ ਸਿੱਖਿਆ ਬਚਾਓ ਲਹਿਰ ਖੜੀ ਕਰਨ ਦੀ ਜ਼ਰੂਰਤ ਹੈ। ਇਹ ਸ਼ੁਰੂਆਤ ਹੁਣੇ ਕਰਨੀ ਹੋਵੇਗੀ, ਕਿਉਂਕਿ ਫਿਰ ਸਾਰੇ ਰਸਤੇ ਬੰਦ ਹੋ ਜਾਣਗੇ।

ਮੋ.ਨੰ. 94170-67344

# “ਮੇਰਾ ਇਹ ਵਿਸ਼ਵਾਸ ਨਹੀਂ ਕਿ ਜੈਂਡਰ ਸਿਰਫ਼ ਦੋ ਹੀ ਹਨ, ਮੈਂ ਜੈਂਡਰ ਨੂੰ ਇਕ ਸਿਲਸਿਲੇ ਦੇ ਤੌਰ ’ਤੇ ਲੈਂਦੀ ਹਾਂ” : ਅਰੁੰਧਤੀ ਰਾਏ



[ਅਰੁੰਧਤੀ ਰਾਏ ਜਿਸ ਬ੍ਰਹਿਮੰਡ ਨੂੰ ਕਲਾਵੇ ਵਿਚ ਲੈਂਦੀ ਹੈ ਉਹ ਪ੍ਰੀਭਾਸ਼ਾ ਪੱਖੋਂ ਜ਼ਿਆਦਾਤਰ ਲੇਖਕਾਂ ਤੋਂ ਕਿਤੇ ਵਿਸ਼ਾਲ ਹੈ। ਪੱਤਰਕਾਰ ਸਬਾ ਨਕਵੀ ਨਾਲ ਵਾਰਤਾਲਾਪ ਵਿਚ ਉਹ ਦੱਸਦੀ ਹੈ ਕਿਸ ਮਾਹੌਲ ਨੇ ਉਸਦੀ ਸ਼ਖਸੀਅਤ ਨੂੰ ਘੜਿਆ, ਕਿਹੜੀ ਚੀਜ਼ ਉਸਨੂੰ ਹਰਕਤਸ਼ੀਲ ਰੱਖਦੀ ਹੈ ਅਤੇ ਉਹ ਕਿਸ ਕਾਰਨ ਲਿਖਣਾ ਸ਼ੁਰੂ ਕਰਦੀ ਹੈ।] ਆਊਟਲੁਕ, 24 ਅਗਸਤ 2015 ਦੇ ਧੰਨਵਾਦ ਸਹਿਤ

ਅਨੁਵਾਦ: ਬੂਟਾ ਸਿੰਘ

**ਤੁਸੀਂ ਇਕ ਲੇਖਕ ਹੋ ਪਰ ਤੁਸੀਂ ਹੱਕਾਂ ਦੇ ਮੁੱਦਿਆਂ ਅਤੇ ਲਹਿਰਾਂ ਬਾਰੇ ਕੁਝ ਬਹੁਤ ਹੀ ਜ਼ਬਰਦਸਤ ਦਲੀਲਾਂ ਦਿੱਤੀਆਂ ਅਤੇ ਦਖ਼ਲਅੰਦਾਜ਼ੀਆਂ ਕੀਤੀਆਂ ਹਨ। ਜੈਂਡਰ ਦੇ ਭਵਿੱਖ-ਨਕਸ਼ੇ ਤੋਂ ਤੁਸੀਂ ਆਪਣੇ ਵਿਕਾਸ ਨੂੰ ਕਿਵੇਂ ਦੇਖਦੇ ਹੋ?**

ਸਭ ਤੋਂ ਪਹਿਲਾਂ ਤਾਂ ਮੈਂ ਇਹ ਕਹਾਂਗੀ ਕਿ ਮੇਰਾ ਇਹ ਵਿਸ਼ਵਾਸ ਨਹੀਂ ਕਿ ਜੈਂਡਰ ਸਿਰਫ਼ ਦੋ ਹੀ ਹਨ। ਮੈਂ ਜੈਂਡਰ ਨੂੰ ਇਕ ਸਿਲਸਿਲੇ ਦੇ ਤੌਰ ’ਤੇ ਲੈਂਦੀ ਹਾਂ ਅਤੇ ਉਸੇ ਸਿਲਸਿਲੇ ਉਪਰ ਕਿਤੇ ਮੇਰੀ ਜਗ੍ਹਾ ਹੈ। ਇਕ ਸਮਲਿੰਗੀ ਦੋਸਤ ਅਨੁਸਾਰ ਜੈਂਡਰ ਸਿਲਸਿਲੇ ਉਪਰ ਮੇਰਾ ਵਿਕਾਸ ‘ਵਿਪਰੀਤ-ਲਿੰਗੀ’ ਤੋਂ ਸ਼ੁਰੂ ਹੋ ਕੇ ‘ਸਮਲਿੰਗੀ ਚੇਤਨਾ’ ਤਕ ਪਹੁੰਚਿਆ ਹੈ। ਦੂਜੀ ਗੱਲ, ਮੇਰਾ ਆਪਣੇ ਬਾਰੇ ਕਹਿਣਾ ਹੈ ਕਿ ਮੈਂ ਦੁਨੀਆ ਨੂੰ ‘ਹੱਕਾਂ’ ਅਤੇ ‘ਮੁੱਦਿਆਂ’ ਦੀਆਂ ਐਨਕਾਂ ਰਾਹੀਂ ਨਹੀਂ ਦੇਖਦੀ। ਇਹ ਲੇਖਕ ਦਾ ਦੁਨੀਆ ਨੂੰ ਦੇਖਣ ਦਾ ਇਕ ਬਹੁਤ ਹੀ ਤੰਗ, ਖੋਖਲਾ ਤਰੀਕਾ ਹੈ। ਜੇ ਤੁਸੀਂ ਮੈਨੂੰ ਪੁੱਛੋ ਕਿ ਜੋ ਮੈਂ ਲਿਖਦੀ ਹਾਂ ਉਸ ਦਾ ਤੱਤ ਕੀ ਹੈ, ਇਹ ‘ਹੱਕਾਂ’ ਬਾਰੇ ਨਹੀਂ, ਨਿਆਂ ਬਾਰੇ ਹੈ। ਨਿਆਂ ਇਕ ਮਹਾਨ, ਖ਼ੂਬਸੂਰਤ, ਇਨਕਲਾਬੀ ਖ਼ਿਆਲ ਹੈ। ਨਿਆਂ ਕਿਵੇਂ ਨਜ਼ਰ ਆਵੇਗਾ? ਜੇ ਅਸੀਂ ਚੀਜ਼ਾਂ ਨੂੰ “ਮੁੱਦਿਆਂ” ਵਿਚ ਤੋੜ ਲੈਂਦੇ ਹਾਂ, ਫਿਰ ਉਹ ਮਹਿਜ਼ “ਮੁੱਦੇ” ਰਹਿ ਜਾਂਦੇ ਹਨ, ਇਕ ਐਸੇ ਦ੍ਰਿਸ਼ ਦੇ ਸਮੱਸਿਆ ਵਾਲੇ ਖੇਤਰ ਜੋ ਸਾਨੂੰ ਕਬੂਲ ਹੈ। ਨਿਸ਼ਚੇ ਹੀ, ਦੁਨੀਆ ਵਿਚ ਐਸਾ ਕੋਈ ਸਮਾਜ ਨਹੀਂ ਜੋ ਹੱਕ-ਬਜਾਨਬ ਜਾਂ ਮੁਕੰਮਲ ਹੋਵੇ - ਪਰ ਇਸ ਕਾਰਨ ਅਸੀਂ ਨਿਆਂ ਲਈ ਤਰੱਦਦ ਬੰਦ ਨਹੀਂ ਕਰ ਸਕਦੇ। ਲਗਦਾ ਹੈ ਅੱਜ ਅਸੀਂ ਉਲਟੀ ਦਿਸ਼ਾ ’ਚ ਦੌੜ ਰਹੇ ਹਾਂ, ਅਸੀਂ ਅਨਿਆਂ ਲਈ ਜ਼ੋਰ ਮਾਰ ਰਹੇ ਹਾਂ, ਇਸ ਦੀ ਇੰਞ ਬੱਲੇ-ਬੱਲੇ ਕਰ ਰਹੇ ਹਾਂ ਜਿਵੇਂ ਇਹ ਬਹੁਤ ਅਹਿਮ ਸੁਪਨਾ ਹੋਵੇ, ਇਕ ਟੀਚਾ, ਇਕ ਤਮੰਨਾ ਹੋਵੇ। ਹਿੰਦੁਸਤਾਨ ਦੀ ਭਿਆਨਕ ਤ੍ਰਾਸਦੀ ਇਹ ਹੈ ਕਿ ਜਾਤ ਵਿਵਸਥਾ ਨੇ ਅਨਿਆਂ ਦਾ ਸੰਸਥਾਕਰਨ ਕਰ ਦਿੱਤਾ ਹੈ, ਇਸ ਨੂੰ ਪਵਿੱਤਰ ਚੀਜ਼ ਬਣਾ ਦਿੱਤਾ ਹੈ। ਲਿਹਾਜ਼ਾ ਸਾਡੇ ਦਿਮਾਗਾਂ ਦੀ ਫਲਾਈ ਦਰਜੇਬੰਦੀਆਂ ਅਤੇ ਅਨਿਆਂ ਨੂੰ ਸਵੀਕਾਰ ਕਰਨ ਦੇ ਮਨੋਰਥ ਨਾਲ ਕੀਤੀ ਜਾਂਦੀ ਹੈ। ਇਹ ਨਹੀਂ ਕਿ ਬਾਕੀ ਸਮਾਜ ਨਿਆਂਕਾਰੀ ਹਨ। ਹੋਰ ਸਮਾਜ ਵੀ ਇਸ ਪੱਧਰ ਦੀਆਂ ਜੰਗਾਂ ਅਤੇ ਨਸਲਕੁਸ਼ੀ ਵਿੱਚੋਂ ਗੁਜ਼ਰ ਰਹੇ ਹਨ ਕਿ ਯਕੀਨ ਨਹੀਂ ਆਉਂਦਾ। ਮੈਂ ਤਾਂ ਬਸ ਆਪਣੇ ਸਮਾਜ ਦੀ ਕਲਪਨਾ ਦੀ ਗੱਲ ਕਰ ਰਹੀ ਹਾਂ। ਕੀ ਕੀਤਾ ਜਾ ਸਕਦਾ ਹੈ, ਅਸੀਂ ਇਸ ਨੂੰ ਕਿਵੇਂ ਰੋਕਦੇ ਹਾਂ? ਸਾਡੇ ਵਿੱਚੋਂ ਜ਼ਿਆਦਾਤਰ ਉਹੀ ਕਰਦੇ ਹਨ ਜੋ ਉਨ੍ਹਾਂ ਨੇ ਕਰਨਾ ਹੁੰਦਾ ਹੈ, ਇਹ ਜਾਣਦੇ ਹੋਏ ਕਿ ਜੇ ਕੋਈ ਵੀ ਸਾਡੀ ਨਹੀਂ ਸੁਣ ਰਿਹਾ ਫਿਰ ਵੀ। ਇੱਥੋਂ ਤਕ ਕਿ ਜੇ ਸਾਡੀ ਕਦੇ ਜਿੱਤ ਨਹੀਂ ਵੀ ਹੁੰਦੀ ਫਿਰ ਵੀ, ਹਾਲਾਂਕਿ ਅਸੀਂ ਜਿੱਤਣ ਦੀ ਜ਼ਬਰਦਸਤ ਖ਼ਾਹਸ਼ ਰੱਖਦੇ ਹਾਂ, ਫਿਰ ਵੀ ਅਸੀਂ ਇਸ ਜਿੱਤ ਦੇ ਜਲੂਸ ਦਾ ਹਿੱਸਾ ਬਣਨ ਦੀ ਥਾਂ ਦੂਜੇ ਪਾਸੇ ਖੜ੍ਹਨਾ ਪਸੰਦ ਕਰਾਂਗੇ ਕਿਉਂਕਿ ਇਹ ਦਰਅਸਲ ਮੌਤ ਦਾ ਜਲੂਸ ਹੈ।

**ਜਦੋਂ ਤੁਸੀਂ ਇਸ ਬਾਰੇ ਸੋਚਦੇ ਹੋ, ਕੀ ਇਸ ਨੂੰ ਸਮਝਣਾ ਅਸੰਭਵ ਹੈ ਕਿ ਔਰਤਾਂ ਐਨੇ ਸਮਕਾਲੀ ਸੰਘਰਸ਼ਾਂ ਦੀ ਮੋਹਰਲੀ ਕਤਾਰ ਵਿਚ ਕਿਉਂ ਹਨ?**

ਔਰਤਾਂ ਸੰਘਰਸ਼ਾਂ ’ਚ ਕਿਉਂ ਜੁੱਟੀਆਂ ਹੋਈਆਂ ਹਨ? ਕਿਉਂਕਿ, ਮੋਟੇ ਤੌਰ ’ਤੇ ਗੱਲ ਕਰੀਏ, ਉਹ ਦੋਵੇਂ ਪਾਸਿਓਂ ਹਮਲਿਆਂ ਦੀ ਮਾਰ ਹੇਠ ਹਨ, ਰਵਾਇਤ ਵਲੋਂ ਵੀ ਅਤੇ ਇਸ ਨਵੀਂ ਮੰਡੀ-ਸੰਚਾਲਤ “ਆਧੁਨਿਕਤਾ” ਵਲੋਂ ਵੀ। ਮੈਂ ਖ਼ੁਦ ‘ਰਵਾਇਤ’ ਦੀ ਜ਼ਿੰਦਗੀ ਤੋਂ ਖਹਿੜਾ ਛੁਡਾਉਣ ਦੇ ਸੁਪਨੇ ਲੈਂਦਿਆਂ ਕੇਰਲਾ ਵਿਚ ਜੰਮੀ-ਪਲੀ, ਪਰ ਫਿਰ ਜਿਸ ਤਰ੍ਹਾਂ ਦੀ ਆਧੁਨਿਕਤਾ ਨਾਲ ਵਾਹ ਪਿਆ ਮੈਂ ਉਸ ਤੋਂ ਵੀ ਖਹਿੜਾ ਛੁਡਾਕੇ ਭੱਜਣ ਦਾ ਯਤਨ ਕੀਤਾ। ਲਿਹਾਜ਼ਾ ਤੁਹਾਨੂੰ ਇਸ ਸਭ ਕਾਸੇ ਵਿੱਚੋਂ ਚੁਣਨਾ ਪੈਂਦਾ ਹੈ ਅਤੇ ਆਪਣਾ ਰਾਹ ਤਲਾਸ਼ਣਾ ਪੈਂਦਾ ਹੈ। ਇਸ ਮੁਲਕ ਵਿਚ ਲੋਕ ਕੁੜੀਆਂ ਦੀ ਭਰੂਣ-ਹੱਤਿਆਵਾਂ ਕਰਦੇ ਹਨ, ਬੱਚੀਆਂ ਮਾਰ ਦਿੱਤੀਆਂ ਜਾਂਦੀਆਂ ਹਨ। ਇਹ ਸਿਰਫ਼ ਰਵਾਇਤੀ ਪੇਂਡੂ ਭਾਈਚਾਰਿਆਂ ਵਿਚ ਹੀ ਨਹੀਂ ਹੈ। ਸਾਡੇ ਇਥੇ ਜਾਤ ਦੇ ਅਧਾਰ ’ਤੇ ਅਣਖ ਖ਼ਾਤਰ ਕਤਲ ਹੁੰਦੇ ਹਨ, ਅਤੇ ਨਾਲ ਹੀ ਸਾਡੇ ਇਥੇ ਦੁਨੀਆ ਦੀਆਂ ਸਭ ਤੋਂ ਆਜ਼ਾਦ, ਮਜ਼ਬੂਤ, ਸਭ ਤੋਂ ਜੋਸ਼ੀਲੀਆਂ ਔਰਤਾਂ ਵੀ ਹਨ। ਸਭ ਤੋਂ ਆਜ਼ਾਦ ਅਤੇ ਜੁਝਾਰੂ ਔਰਤਾਂ। ਮੌਲਿਕ ਚਿੰਤਕ ਜੋ ਸੰਘਰਸ਼ਾਂ ਦੀਆਂ ਮੋਹਰਲੀਆਂ ਕਤਾਰਾਂ ਵਿਚ ਲੜ ਰਹੀਆਂ ਹਨ- ਹਿੰਦੁਸਤਾਨ ਵਿਚ ਅਸੀਂ ਇਕੋ ਸਮੇਂ ਕਈ ਸਦੀਆਂ ਵਿਚ ਰਹਿ ਰਹੇ ਹਾਂ।

ਹਰ ਤਰ੍ਹਾਂ ਦੇ ਗੁਜ਼ਾਰੇ ਦੇ ਸਾਧਨਾਂ ਉਪਰ ਹਮਲਾ, ਜ਼ਮੀਨ ਉਪਰ ਹਮਲਾ, ਇਹ ਸਾਰਾ ਕੁਝ ਔਰਤਾਂ ਨੂੰ ਮੂਲ ਰੂਪ ’ਚ ਪ੍ਰਭਾਵਿਤ ਕਰਦਾ ਹੈ। ਲਿਹਾਜ਼ਾ ਜੇ ਤੁਸੀਂ ਨਰਮਦਾ ਅੰਦੋਲਨ ਨੂੰ ਦੇਖੋ, ਜਿਥੇ ਅਸੀਂ ਪੂਰੀ ਦਰਿਆਈ ਘਾਟੀ ਦੀ ਤਹਿਜ਼ੀਬ ਦੇ ਉਜਾੜੇ ਅਤੇ ਤਬਾਹੀ ਦੀ ਗੱਲ ਕਰ ਰਹੇ ਹਾਂ, ਸੈਂਕੜੇ ਹਜ਼ਾਰਾਂ ਲੋਕ, ਆਦਿਵਾਸੀ ਔਰਤਾਂ ਹਨ ਜਿਨ੍ਹਾਂ ਨੇ ਮਿਲਕੇ ਮਿਹਨਤ ਕੀਤੀ ਸੀ ਅਤੇ ਜ਼ਮੀਨਾਂ ਦੀਆਂ ਮਾਲਕ ਸਨ - ਅਤੇ ਮੈਂ ਇਹ ਨਹੀਂ ਕਹਿ ਰਹੀ ਕਿ ਆਦਿਵਾਸੀ ਸਮਾਜ ਕੋਈ ਨਾਰੀਵਾਦੀ ਸਦਗੁਣਾਂ ਦਾ ਨਮੂਨਾ ਹੈ - ਪਰ ਉਥੇ ਇਹ ਸਮਝਦਾਰੀ ਜ਼ਰੂਰ ਸੀ ਜਿਸ ਵਿਚ ਔਰਤਾਂ ਮਾਲਕੀ ਵਿਚ ਹਿੱਸੇਦਾਰ ਸਨ, ਜ਼ਮੀਨ ਉਨ੍ਹਾਂ ਦੀ ਵੀ ਸੀ। ਪਰ ਔਰਤਾਂ ਦੀ ਸਮੁੱਚੀ ਵਸੋਂ ਨੂੰ ਉਜਾੜ ਦੇਣਾ ਅਤੇ ਸਿਰਫ਼ ਮਰਦਾਂ ਨੂੰ ਨਗ਼ਦ ਮੁਆਵਜ਼ਾ ਦੇਣਾ ਜੋ ਹਫ਼ਤਿਆਂ ’ਚ ਹੀ ਇਸ ਨੂੰ ਦਾਰੂ ਅਤੇ ਮੋਟਰਸਾਈਕਲਾਂ ਉਪਰ ਉਡਾ ਦਿੰਦੇ ਹਨ, ਔਰਤਾਂ ਨੂੰ ਇਸ ਭਿਆਨਕ ਆਧੁਨਿਕਤਾ ਦੇ ਸਮੁੰਦਰ ਹਵਾਲੇ ਕਰ ਦੇਣਾ ਹੈ ਜਿਥੇ ਉਹ ਸਾਰੀਆਂ ਮੰਡੀ ਵਿਚ ਆਰਜੀ ਮਜ਼ਦੂਰ ਹਨ ਜਾਂ ਹੋਰ ਢੰਗਾਂ ਨਾਲ ਲੁੱਟੀਆਂ ਜਾਂਦੀਆਂ ਹਨ। ਇਸ ਨੂੰ ਕਦੇ ਵੀ ਨਾਰੀਵਾਦੀ ਮੁੱਦੇ ਵਜੋਂ ਨਹੀਂ ਦੇਖਿਆ ਜਾਂਦਾ, ਹਾਲਾਂਕਿ ਇਹ ਐਸਾ ਮੁੱਦਾ ਹੈ। ਬਸਤਰ ਵਿਚ ਉਜਾੜੇ ਨਾਲ ਲੜ ਰਹੇ ਨੱਬੇ ਹਜ਼ਾਰ ਮੈਂਬਰਸ਼ਿਪ ਵਾਲੇ ਕ੍ਰਾਂਤੀਕਾਰੀ ਆਦਿਵਾਸੀ ਮਹਿਲਾ ਸੰਗਠਨ ਨੂੰ ਨਾਰੀਵਾਦੀ ਜਥੇਬੰਦੀ ਨਹੀਂ ਸਮਝਿਆ ਜਾਂਦਾ। ਪਰ ਉਹ ਲੜ ਰਹੀਆਂ ਹਨ, ਅਤੇ ਕਿਵੇਂ! ਨਰਮਦਾ ਘਾਟੀ ਵਿਚ, ਇਹ ਔਰਤਾਂ ਹਨ ਜਿਨ੍ਹਾਂ ਨੇ ਸੰਘਰਸ਼ ਜਾਰੀ ਰੱਖਿਆ ਹੋਇਆ ਹੈ। ਲੜਾਈ ਦੇ ਅਮਲ ਵਿਚ, ਉਹ ਖ਼ੁਦ ਨੂੰ ਬਦਲਦੀਆਂ ਹਨ, ਖ਼ੁਦ ਨੂੰ ਮਜ਼ਬੂਤ ਕਰਦੀਆਂ ਹਨ। ਜਦੋਂ ਮੈਂ ਬਸਤਰ ਗਈ, ਜਦੋਂ ਮੈਂ ਸਾਥੀਆਂ ਨਾਲ ਵਿਚਰਦਿਆਂ (29 ਮਾਰਚ 2010) ਲੇਖ ਲਿਖਿਆ। ਮੈਂ ਦੇਖਕੇ ਹੈਰਾਨ ਰਹਿ ਗਈ ਕਿ ਹਥਿਆਰਬੰਦ ਛਾਪਾਮਾਰ ਲੜਾਕਿਆਂ ਦੀ ਅੱਧੀ ਗਿਣਤੀ ਔਰਤਾਂ ਦੀ ਸੀ। ਮੈਂ ਕਈ ਦਿਨ ਅਤੇ ਰਾਤਾਂ ਉਨ੍ਹਾਂ ਨਾਲ ਗੁਜ਼ਾਰਕੇ ਵਿਸਤਾਰ ’ਚ ਗੱਲਬਾਤ ਕੀਤੀ, ਇਸ ਬਾਰੇ ਕਿ ਉਨ੍ਹਾਂ ਨੇ ਇਹ ਫ਼ੈਸਲਾ ਕਿਉਂ ਲਿਆ। ਨਿਸ਼ਚੇ ਹੀ, ਉਨ੍ਹਾਂ ’ਚੋਂ ਕਈਆਂ ਨੇ ਸਲਵਾ ਜੁਡਮ ਅਤੇ ਨੀਮ-ਫ਼ੌਜੀ ਤਾਕਤਾਂ ਦੀ ਭਿਆਨਕਤਾ ਅੱਖੀਂ ਡਿੱਠੀ ਸੀ- ਜਬਰ-ਜਨਾਹ ਅਤੇ ਪਿੰਡਾਂ ਦੀ ਸਾੜਫੂਕ ਵਗੈਰਾ। ਪਰ ਉਨ੍ਹਾਂ ਵਿੱਚੋਂ ਕਈਆਂ ਨੇ ਇਹ ਆਪਣੇ ਸਮਾਜ ਵਿਚਲੇ ਮਰਦ ਹੰਕਾਰਵਾਦ ਅਤੇ ਹਿੰਸਾ ਤੋਂ ਬਚਣ ਲਈ ਕੀਤਾ। ਨਿਸ਼ਚੇ ਹੀ “ਪਾਰਟੀ” ਵਿਚ ਵੀ ਉਨ੍ਹਾਂ ਦਾ ਵਾਹ ਮਰਦ ਹੰਕਾਰਵਾਦ ਅਤੇ ਹਿੰਸਾ ਨਾਲ ਪਿਆ। ਉਥੇ ਇਕ ਵਾਰ ਅਸੀਂ ਸਾਰੀਆਂ ਨਦੀ ਵਿਚ ਨਹਾਉਣ ਗਈਆਂ, ਮੈਂ ਅਤੇ ਔਰਤ ਸਾਥੀ। ਉਨ੍ਹਾਂ ’ਚੋਂ ਕੁਝ ਪਹਿਰਾ ਦਿੰਦੀਆਂ ਰਹੀਆਂ ਜਦਕਿ ਅਸੀਂ ਬਾਕੀ ਪਾਣੀ ਵਿਚ ਤੈਰਦੀਆਂ ਅਤੇ ਨਹਾਉਂਦੀਆਂ ਰਹੀਆਂ। ਜਿੱਧਰੋਂ ਪਾਣੀ ਆ ਰਿਹਾ ਸੀ ਉਥੇ ਕੁਝ ਕਿਸਾਨ ਔਰਤਾਂ ਵੀ ਨਹਾ ਰਹੀਆਂ ਸਨ। ਮੈਂ ਸੋਚ ਰਹੀ ਸੀ, “ਜ਼ਰਾ ਦੇਖੋ ਪਾਣੀ ਵਿਚ ਇਹ ਸਭ ਕੌਣ ਹਨ! ਇਸ ਵਗਦੇ ਹੋਏ ਪਾਣੀ ਵਿਚ ਇਨ੍ਹਾਂ ਔਰਤਾਂ ਨੂੰ ਦੇਖੋ।” ਕਿਆ ਕਮਾਲ ਨੇ ਉਹ। ਲਿਹਾਜ਼ਾ, ਤੁਹਾਡੇ ਸਵਾਲ ਦਾ ਜਵਾਬ ਦਿੰਦੇ ਹੋਏ, ਮੈਂ ਸੋਚਦੀ ਹਾਂ ਕਿ ਇਹ ਇਸ ਦੀ ਵਧੀਆ ਤਰਕਸੰਗਤ ਵਿਆਖਿਆ ਹੈ ਕਿ ਔਰਤਾਂ ਲਹਿਰਾਂ ਦੀ ਮੋਹਰਲੀ ਕਤਾਰ ਵਿਚ ਕਿਉਂ ਹਨ। ਉਥੇ ਔਰਤਾਂ ਬਾਰੇ ਬਹੁਤ ਹੀ ਖ਼ਾਸ ਗੱਲ ਇਹ ਹੈ ਉਹ ਐਸੇ ਸਮਾਜ ਵਿਚ ਇਹ ਕਰ ਸਕਦੀਆਂ ਹਨ, ਜੋ ਉਨ੍ਹਾਂ ਖ਼ਿਲਾਫ਼ ਹਿੰਸਾ ਨਾਲ ਐਨਾ ਭਰਿਆ ਪਿਆ ਹੈ। ਇਹ ਮਹਿਜ਼ ਕੁਝ ਖ਼ਾਸ ਔਰਤਾਂ ਨਹੀਂ ਹਨ, ਜਿਨ੍ਹਾਂ ਦੇ ਨਾਂ ਅਸੀਂ ਸਾਰੇ ਜਾਣਦੇ ਹਾਂ, ਉਹ ਬੇਸ਼ੁਮਾਰ ਔਰਤਾਂ ਹਨ। ਉਹ ਮਹਿਜ਼ ਸ਼ਹਿਰੀ ਨਫ਼ੀਸ਼ ਔਰਤਾਂ ਨਹੀਂ ਹਨ - ਅਤੇ ਉਥੇ ਉਹ ਕਿਸੇ ਦੀ ਪਤਨੀ ਜਾਂ ਮਾਂ ਜਾਂ ਵਿਧਵਾ ਜਾਂ ਭੈਣ ਵਜੋਂ ਨਹੀਂ ਹਨ। ਉਹ ਆਪ ਹਨ। ਉਹ ਬੇਮਿਸਾਲ ਹਨ।

**ਤੁਸੀਂ ਜੋ ਹੋ ਤੁਹਾਡੀ ਜ਼ਿੰਦਗੀ ਦੇ ਕਿਹੜੇ ਪ੍ਰਭਾਵਾਂ ਨੇ ਤੁਹਾਨੂੰ ਇਸ ਤਰ੍ਹਾਂ ਦੇ ਬਣਾਇਆ?**

ਮੇਰੇ ਖ਼ਿਆਲ ’ਚ ਸਭ ਤੋਂ ਪਹਿਲਾਂ ਤਾਂ ਮੇਰੀ ਅਦਭੁਤ ਅਤੇ ਅਸਾਧਾਰਨ ਮਾਂ ਨੇ, ਅਨੋਖੇ ਅਤੇ ਕਰੂਰ ਢੰਗਾਂ ਨਾਲ ਪ੍ਰਭਾਵ ਛੱਡਿਆ। ਉਹ ਪਲਕ ਝਪਕਦੇ ਹੀ ਮੇਰਾ ਸਾਹ ਫੁਲਾ ਦਿੰਦੀ ਹੈ। ਸ਼ਾਇਦ ਤੁਸੀਂ ਮੇਰੀ ਬਜਾਏ ਉਸ ਨਾਲ ਗੱਲਬਾਤ ਕਰਨਾ ਚਾਹੋਗੇ। ਉਹ ਇਕ ਸੀਰੀਆਈ ਈਸਾਈ ਪਰਿਵਾਰ ਵਿੱਚੋਂ ਹੈ ਜੋ ਕਿਸੇ ਪੱਖੋਂ ਵੀ ਸਰਦੀ-ਪੁੱਜਦੀ ਨਹੀਂ ਸੀ। ਫਿਰ ਉਸਨੇ ਭਾਈਚਾਰੇ ਤੋਂ ਬਾਹਰਲੇ ਇਕ ਬੰਗਾਲੀ ਨਾਲ ਵਿਆਹ ਕਰਵਾ ਲਿਆ, ਕੁਝ ਸਾਲਾਂ ’ਚ ਉਨ੍ਹਾਂ ਦਾ ਤਲਾਕ ਹੋ ਗਿਆ ਅਤੇ ਫਿਰ ਆਪਣੀ ਮਾਂ ਕੋਲ ਕੇਰਲਾ ਦੇ ਪਿੰਡ ਵਿਚ ਆ ਗਈ। ਉਹ.... ਅਤੇ ਅਸੀਂ.. ਇਸ ਪੂਰੀ ਤਰ੍ਹਾਂ ਜਾਤਵਾਦੀ ਅਤੇ ਮਾਲਕੀ ਹੱਕ ਵਾਲੇ, ਅਮੀਰ, ਭੋਂਇਮਾਲਕ ਭਾਈਚਾਰੇ ਵਲੋਂ ਸਾਨੂੰ ਪੂਰੀ ਤਰ੍ਹਾਂ ਛੇਕ ਦਿੱਤਾ ਗਿਆ। ਹੁਣ ਬੇਸ਼ਕ ਉਸ ਦਾ ਨਾਂ ਹੈ। ਪਰ ਓਦੋਂ ਉਹ ਮੇਰੇ ਭਰਾ ਅਤੇ ਮੇਰੇ ਉਪਰ ਅਕਸਰ ਆਪਣਾ ਗੁੱਸਾ ਕੱਢਦੀ ਸੀ। ਅਸੀਂ ਇਹ ਸਮਝਦੇ ਸੀ, ਪਰ ਇਸ ਨਾਲ ਹਾਲਤ ਹੋਰ ਮੁਸ਼ਕਲ ਹੋ ਜਾਂਦੀ ਸੀ। ਮੇਰੇ ਆਪਣੀ ਮਾਂ ਨਾਲ ਰਿਸ਼ਤੇ ਬਹੁਤ ਪੇਚੀਦਾ ਹਨ-ਮੈਂ 17 ਸਾਲ ਦੀ ਸੀ ਜਦੋਂ ਘਰ ਛੱਡ ਦਿੱਤਾ ਅਤੇ ਬਹੁਤ ਸਾਲਾਂ ਬਾਦ ਵਾਪਸ ਗਈ। ਬਹੁਤੇ ਲੋਕਾਂ ਲਈ ਪਰਿਵਾਰ ਵਾਜਬ ਸੁਰੱਖਿਅਤ ਥਾਂ ਹੈ ਪਰ ਜਿਸਨੇ ਦ ਗੌਡ ਆਫ ਸਮਾਲ ਥਿੰਗਜ਼ ਪੜ੍ਹਿਆ ਹੈ ਉਹ ਮੇਰੇ ਬਾਰੇ ਜਾਣਦੇ ਹਨ ਕਿ ਇਹ ਮੇਰੇ ਲਈ ਕਿੰਨੀ ਖ਼ਤਰਨਾਕ ਜਗ੍ਹਾ ਸੀ। ਉਸ ਜਗ੍ਹਾ ਮੈਂ ਜ਼ਲਾਲਤ ਮਹਿਸੂਸ ਕਰਦੀ ਸੀ। ਜਿੰਨੀ ਛੇਤੀ ਹੋ ਸਕੇ ਮੈਂ ਉਸ ਤੋਂ ਮੁਕਤ ਹੋਣਾ ਚਾਹੁੰਦੀ ਸੀ। ਮੈਂ ਐਸੇ ਪਿੰਡ ਵਿਚ ਵੱਡੀ ਹੋਈ ਜਿਥੇ ਸਭ ਕੁਝ ਚੱਲਦਾ ਸੀ। ਜਿਥੇ ਮਹਾਨ ਧਰਮ ਨਾਲੋ-ਨਾਲ ਮੌਜੂਦ ਸਨ - ਹਿੰਦੂਵਾਦ, ਈਸਾਈਅਤ, ਇਸਲਾਮ, ਮਾਰਕਸਵਾਦ - ਅਸੀਂ ਵਿਸ਼ਵਾਸ ਕਰਦੇ ਸੀ ਕਿ ਇਨਕਲਾਬ ਆ ਰਿਹਾ ਸੀ। ਹਰ ਪਾਸੇ ਲਾਲ ਝੰਡੇ ਅਤੇ ਇਨਕਲਾਬ ਜ਼ਿੰਦਾਬਾਦ ਸੀ! ਅਤੇ ਇਸ ਦੇ ਬਾਵਜੂਦ ਇਹ ਅਜੇ ਵੀ ਬਹੁਤ ਸੰਕੀਰਣ ਸੀ ਅਤੇ ਉਥੇ ਹਮੇਸ਼ਾ ਜਾਤਪਾਤ ਚਲਦੀ ਸੀ। ਜਦੋਂ ਮੈਂ ਬਹੁਤ ਛੋਟੀ ਸੀ ਓਦੋਂ ਤੋਂ ਹੀ ਮੈਂ ਇਸ ਨੂੰ ਸਮਝਣ ਦਾ ਯਤਨ ਕਰਨ ਲੱਗੀ। ਮੈਨੂੰ ਬਹੁਤ ਸਾਫ਼ ਹੋ ਗਿਆ ਕਿ ਇਹ “ਖ਼ਰਾ” ਸੀਰੀਆਈ ਈਸਾਈ ਸਮਾਜ ਨਹੀਂ ਸੀ ਅਤੇ ਮੈਂ ਕਦੇ ਵੀ ਉਸ ਮਹਾਨ ਸਮਾਜ ਦਾ ਹਿੱਸਾ ਨਹੀਂ ਬਣਨ ਜਾ ਰਹੀ। ਸੋ ਮੈਂ ਉੱਥੋਂ ਛੁੱਟ ਕੇ ਭੱਜਣ ਲਈ ਬੇਕਰਾਰ ਸੀ, ਇਸ ਹਾਲਤ ’ਚ ਮੈਂ ਵੱਡੀ ਹੋਈ। ਮੇਰੇ ਲਈ ਪਿੰਡ ਦਾ ਕੁਝ ਵੀ ਬਹੁਤਾ ਰੋਮਾਂਚਕ ਨਹੀਂ ਸੀ। ਨਾ ਮੇਰੇ ਵਿਚ ਭਾਈਚਾਰੇ ਜਾਂ ਪਰਿਵਾਰ ਵਿਚ ਸ਼ਾਮਲ ਹੋਣ ਦੀ ਕੋਈ ਇੱਛਾ ਸੀ ਅਤੇ ਨਾ ਹੀ ਭਾਈਚਾਰੇ ਅਤੇ ਸਮਾਜ ਦੀ ਮੈਨੂੰ ਆਪਣੇ ਵਿਚ ਸ਼ਾਮਲ ਕਰਨ ਦੀ। ਆਪਣੇ ਬਾਪ ਬਾਰੇ ਮੈਂ ਕੁਝ ਨਹੀਂ ਸੀ ਜਾਣਦੀ, ਮੈਂ ਦੋ ਕੁ ਤਸਵੀਰਾਂ ਹੀ ਦੇਖੀਆਂ ਸਨ, ਬਸ ਏਨੀ ਕੁ ਜਾਣਕਾਰੀ ਸੀ। ਉਸ ਨੂੰ ਮੈਂ ਬਹੁਤ ਬਾਅਦ ਵਿਚ ਜਦੋਂ ਵੀਹ ਕੁ ਸਾਲ ਦੀ ਹੋਈ ਓਦੋਂ ਦੇਖਿਆ। ਲਿਹਾਜ਼ਾ ਮੇਰੀ ਜ਼ਿੰਦਗੀ ਵਿਚ ਕੋਈ ਮਰਦ ਸ਼ਖਸੀਅਤ ਨਹੀਂ ਸੀ ਜੋ ਮੇਰੀ ਦੇਖਭਾਲ ਕਰਦਾ ਅਤੇ ਮੈਨੂੰ ਸੁਰੱਖਿਆ ਦਿੰਦਾ। ਭਾਵੁਕ ਤੌਰ ’ਤੇ ਇਹ ਮੇਰੇ ਪਾਲਣ-ਪੋਸ਼ਣ ਲਈ ਬੜੀ ਅਜੀਬ ਅਤੇ ਅਸੁਰੱਖਿਅਤ ਥਾਂ ਸੀ। ਦੁਨੀਆ ਦੀਆਂ ਕੁਲ ਦੁੱਖ-ਤਕਲੀਫ਼ਾਂ ਅਤੇ ਜਿਸ ਹਾਲਾਤ ਵਿੱਚੋਂ ਬੱਚਿਆਂ ਨੂੰ ਗੁਜ਼ਰਨਾ ਪੈਂਦਾ ਹੈ ਉਸ ਨੂੰ ਦੇਖਦਿਆਂ, ਮੈਂ ਦਾਅਵਾ ਨਹੀਂ ਕਰ ਸਕਦੀ ਕਿ ਇਕੱਲਾ ਮੇਰਾ ਹੀ ਬਚਪਨ ਤ੍ਰਾਸਦਿਕ ਸੀ। ਪਰ ਇਹ ਇਕ ਗੰਭੀਰ ਬਚਪਨ ਸੀ, ਜਿਥੇ ਹਰ ਚੀਜ਼ ਬਾਰੇ ਇਕੱਲੀ ਨੂੰ ਸੋਚਣਾ ਪੈਂਦਾ ਸੀ। ਮੈਂ ਕਾਫ਼ੀ ਵਕਤ ਦਰਿਆ ਵਿਚ ਮੱਛੀਆਂ ਫੜ੍ਹਦਿਆਂ ਗੁਜ਼ਾਰਦੀ ਸੀ। ਇਕ ਲੇਖਕ ਵਜੋਂ ਮੈਂ ਆਪਣੀ ਆਵਾਜ਼ ਨੂੰ ਦਾਬੇ ਦੇ ‘ਸ਼ੁੱਧ’ ਪੀੜਤ ਵਾਲੀ ਸਾਫ਼ ਅਤੇ ਭੱਦੀ ਆਵਾਜ਼ ਨਹੀਂ ਬਣਾ ਸਕਦੀ-ਜੇ ਸੱਚਮੁੱਚ ਐਸੀ ਕੋਈ ਚੀਜ਼ ਹੈ। ਮੈਂ ਇਕ ਤਰ੍ਹਾਂ ਦੀ ਅਸੁਖਾਵੀਂ ਹਾਲਤ ’ਚ ਹਾਂ ਜਿੱਥੋਂ ਇਕ ਕੋਣ ਤੋਂ ਚੀਜ਼ਾਂ ਨੂੰ ਦੇਖਦੀ ਹਾਂ ਅਤੇ ਲਿਖਦੀ ਹਾਂ।

ਤੁਸੀਂ ਨਰਮਦਾ ਅੰਦੋਲਨ, ਕਸ਼ਮੀਰ, ਮਾਓਵਾਦੀਆਂ ਅਤੇ ਸਰਮਾਏਦਾਰੀ ਬਾਰੇ

ਬਹੁਤ ਕੁਝ ਲਿਖਿਆ ਹੈ। ਇਥੇ ਹਿੰਦੁਸਤਾਨ ਵਿਚ ਇਕ ਫਾਂਸੀ ਦਿੱਤੀ ਗਈ ਅਤੇ ਤੁਸੀਂ ਅਫ਼ਜ਼ਲ ਗੁਰੂ ਦੇ ਬੇਕਸੂਰ ਹੋਣ ਦੀ ਦਲੀਲ ਦਿੰਦਿਆਂ ਇਕ ਬਹੁਤ ਹੀ ਕਮਾਲ ਦਾ ਲੇਖ ਲਿਖਿਆ ਸੀ।

ਜਦੋਂ ਦ ਗੌਡ ਆਫ ਸਮਾਲ ਥਿੰਗਜ਼ ਨੂੰ ਬੁੱਕਰ ਇਨਾਮ ਮਿਲਿਆ, ਓਦੋਂ ਇਹ ਦਿਖਾਉਣ ਲਈ ਵਿਸ਼ਵ ਸੁੰਦਰੀਆਂ ਦੇ ਨਾਲ-ਨਾਲ ਮੇਰੇ ਨਾਂ ਦੀ ਰੱਟ ਲਗਾਈ ਜਾਣ ਲੱਗੀ ਕਿ ਇਹ ਇਕ ਜੇਤੂ, ਨਵੇਂ ਨਵੇਂ ਗਲੋਬਲੀ ਹੋਏ, ਖੁੱਲ੍ਹੀ ਮੰਡੀ ਵਾਲੇ ਹਿੰਦੁਸਤਾਨ ਦਾ ਚਿਹਰਾ ਹੈ ਜੋ ਪੂਰੇ ਭਰੋਸੇ ਨਾਲ ਸੰਸਾਰ ਮੰਚ 'ਤੇ ਕਦਮ ਰੱਖਣ ਜਾ ਰਿਹਾ ਹੈ। ਇਕ ਤਰ੍ਹਾਂ ਨਾਲ ਮੈਨੂੰ ਇਸਤੇਮਾਲ ਕੀਤਾ ਜਾ ਰਿਹਾ ਸੀ, ਇਹ ਸਹੀ ਹੈ। ਪਰ ਇਸ ਤੋਂ ਛੇਤੀ ਬਾਅਦ, ਭਾਜਪਾ ਸੱਤਾ 'ਚ ਆ ਗਈ ਅਤੇ ਪ੍ਰਮਾਣੂ ਤਜ਼ਰਬੇ ਕੀਤੇ ਗਏ ਜਿਸ ਦੀ ਉਨ੍ਹਾਂ ਹਲਕਿਆਂ ਨੇ ਵੱਡੀ ਪੱਧਰ 'ਤੇ ਅਸ਼ਲੀਲ ਢੰਗ ਨਾਲ ਵਾਹ-ਵਾਹ ਕੀਤੀ ਜਿਨ੍ਹਾਂ ਤੋਂ ਉਮੀਦ ਨਹੀਂ ਸੀ।

ਮੈਂ ਭੈਭੀਤ ਹੋ ਗਈ। ਉਸ ਵਕਤ ਮੈਂ ਜਿੰਨੀ ਕੁ ਜਾਣੀ-ਪਛਾਣੀ ਸ਼ਖਸੀਅਤ ਸੀ ਓਦੋਂ ਖ਼ਾਮੋਸ਼ ਰਹਿਣਾ ਇਕ ਤਰ੍ਹਾਂ ਨਾਲ ਉਨ੍ਹਾਂ ਤਜ਼ਰਬਿਆਂ ਨੂੰ ਸਹਿਮਤੀ ਦੇਣਾ ਸੀ। ਬੋਲਣ ਵਾਂਗ ਖ਼ਾਮੋਸ਼ ਰਹਿਣਾ ਵੀ ਇਕ ਸਿਆਸੀ ਕਦਮ ਸੀ। ਲਿਹਾਜ਼ਾ ਮੈਂ ਕਲਪਨਾ ਦਾ ਅੰਤ (3 ਅਗਸਤ 1998) ਲੇਖ ਲਿਖਿਆ। ਤੁਰੰਤ ਮੇਰੇ ਹੇਠੋਂ ਕੁਰਸੀ ਖਿੱਚ ਲਈ ਗਈ - ਜਿਸ ਕੁਰਸੀ ਉਪਰ ਮੈਨੂੰ ਪਰੀਆਂ ਦੀ ਰਾਣੀ-ਮਿਸ ਇੰਡੀਆ-ਇਨਾਮ ਜੇਤ ਲੇਖਕਾ ਨੂੰ ਬੁੱਤ ਬਣਾਕੇ ਬਿਠਾਇਆ ਗਿਆ ਸੀ। ਨ਼ਫ਼ਰਤ ਅਤੇ ਗਾਲ੍ਹ-ਮੰਦੇ ਦਾ ਕੰਨ ਪਾੜਵਾਂ ਸ਼ੋਰ ਸ਼ੁਰੂ ਹੋ ਗਿਆ। ਮੇਰਾ ਵਿਸ਼ਵਾਸ ਹੈ ਕਿ ਉਨ੍ਹਾਂ ਪ੍ਰਮਾਣੂ ਧਮਾਕਿਆਂ ਨੇ ਜਨਤਕ ਬਹਿਸ ਦੀ ਸੁਰ ਬਦਲ ਦਿੱਤੀ ਸੀ। ਇਹ ਹੋਰ ਵੀ ਭੱਦੀ, ਵਧੇਰੇ ਕੜਕਵੀਂ ਰਾਸ਼ਟਰਵਾਦੀ ਸੁਰ ਬਣ ਗਈ ਅਤੇ ਉਸੇ ਤਰ੍ਹਾਂ ਦੀ ਬਣੀ ਹੋਈ ਹੈ। ਪਰ ਜਦੋਂ ਇਕ ਵੰਨਗੀ ਦੇ ਲੋਕ ਮੈਨੂੰ ਭੰਡ ਰਹੇ ਸਨ, ਓਦੋਂ ਦੂਜਿਆਂ ਨੇ ਮੈਨੂੰ ਗਲ ਨਾਲ ਲਾਇਆ। ਉੱਥੋਂ ਮੇਰਾ ਇਕ ਸਫ਼ਰ ਸ਼ੁਰੂ ਹੋ ਗਿਆ ਜੋ ਅੱਜ ਵੀ ਜਾਰੀ ਹੈ। ਧਮਾਕਿਆਂ ਤੋਂ ਛੇਤੀ ਬਾਦ, ਸੁਪਰੀਮ ਕੋਰਟ ਨੇ ਸਰਦਾਰ ਸਰੋਵਰ ਡੈਮ ਦੀ ਉਸਾਰੀ ਉਪਰ ਲੰਮੇ ਸਮੇਂ ਤੋਂ ਦਿੱਤੀ ਸਟੇਅ ਹਟਾ ਦਿੱਤੀ। ਮੈਂ ਨਰਮਦਾ ਘਾਟੀ ਗਈ ਅਤੇ ਦ ਗਰੇਟਰ ਕਾਮਨ ਗੁੱਡ (24 ਮਈ 1999) ਲੇਖ ਲਿਖਿਆ।

ਹਰੇਕ ਸਫ਼ਰ, ਹਰੇਕ ਲੇਖ ਨੇ ਮੇਰੀ ਸਮਝ ਨੂੰ ਗਹਿਰਾਈ ਦਿੱਤੀ। ਜਦੋਂ ਪਾਰਲੀਮੈਂਟ ਉਪਰ ਹਮਲਾ ਹੋਇਆ, ਓਦੋਂ ਹੀ ਮੈਨੂੰ ਜਾਪਿਆ ਇਹ ਕੋਈ ਕਪਟੀ-ਚਾਲ ਹੈ। ਵਕੀਲ ਨੰਦਿਤਾ ਹਕਸਰ ਨੇ ਇਸ ਦੀ ਪੋਲ ਖੋਲ੍ਹਣ ਦਾ ਸ਼ਾਨਦਾਰ ਕੰਮ ਕੀਤਾ। ਓਦੋਂ ਹੀ ਮੈਨੂੰ ਅਦਾਲਤ ਦੀ ਹੱਤਕ ਕਰਨ ਦੇ ਜੁਰਮ 'ਚ ਜੇਲ੍ਹ ਭੇਜਿਆ ਗਿਆ। ਹਮਲੇ ਦੇ ਇਕ ਮੁਲਜ਼ਿਮ ਸ਼ੌਕਤ ਗੁਰੂ ਦੀ ਪਤਨੀ ਅਫਸਾਂ ਗੁਰੂ ਵੀ ਉਥੇ ਕੈਦ ਸੀ। ਉਹ ਗਰਭਵਤੀ ਸੀ, ਬਸ ਖਾਲੀ ਨਜ਼ਰਾਂ ਨਾਲ ਝਾਕਦੀ ਰੋਂਦੀ ਰਹਿੰਦੀ ਸੀ। ਉਹ ਕੁਝ ਨਹੀਂ ਜਾਣਦੀ ਸੀ ਕਿ ਉਸ ਨੂੰ ਜੇਲ੍ਹ ਵਿਚ ਕਿਉਂ ਡੱਕਿਆ ਗਿਆ ਸੀ। ਬਾਕੀ ਕੈਦੀ ਉਸ ਨਾਲ ਕਿਸੇ ਮਹਾਂ ਗ਼ਦਾਰ ਵਾਂਗ ਸਲੂਕ ਕਰਦੇ ਸਨ। ਮੈਂ ਉਸ ਨਾਲ ਗੱਲ ਕਰਨ ਦਾ ਯਤਨ ਕੀਤਾ। ਮੈਂ ਕਿਹਾ, "ਛੇਤੀ ਹੀ ਮੈਂ ਰਿਹਾਅ ਹੋ ਜਾਵਾਂਗੀ, ਕੀ ਮੈਂ ਤੇਰੇ ਲਈ ਕੁਝ ਕਰ ਸਕਦੀ ਹਾਂ?" ਉਹ ਬਸ ਮੇਰੇ ਵੱਲ ਖਾਲੀ ਖਾਲੀ ਝਾਕੀ ਅਤੇ ਬੋਲੀ, "ਕੀ ਤੂੰ ਮੇਰੇ ਲਈ ਤੌਲੀਏ ਦਾ ਇੰਤਜ਼ਾਮ ਕਰ ਸਕਦੀ ਏ? ਮੇਰੇ ਕੋਲ ਤੌਲੀਆਂ ਨਹੀਂ ਹੈ।" ਕੁਝ ਸਾਲ ਬਾਅਦ ਉਹ ਬਰੀ ਹੋ ਗਈ ਪਰ ਉਸਦੀ ਜ਼ਿੰਦਗੀ ਤਬਾਹ ਕਰ ਦਿੱਤੀ ਗਈ ਸੀ।

ਹੁਣ ਕੋਈ ਵੀ ਉਸਦੀ ਗੱਲ ਨਹੀਂ ਕਰਦਾ। ਉਸ ਪਿੱਛੋਂ ਮੈਂ ਮਾਮਲੇ ਨੂੰ ਗ਼ੌਰ ਨਾਲ ਵਾਚਿਆ। ਜਦੋਂ ਐੱਸ.ਏ.ਆਰ. ਗਿਲਾਨੀ ਨੂੰ ਬਰੀ ਕੀਤਾ ਗਿਆ ਅਤੇ ਅਫ਼ਜ਼ਲ ਨੂੰ ਸਜ਼ਾ-ਏ-ਮੌਤ ਦਿੱਤੀ ਗਈ, ਮੈਂ ਉਸ ਮੁਕੱਦਮੇ ਦੇ ਸਾਰੇ ਅਦਾਲਤੀ ਕਾਗਜ਼ਾਤ ਇਕੱਠੇ ਕੀਤੇ ਅਤੇ ਪੂਰਾ ਸੂਟਕੇਸ ਭਰਕੇ ਗੋਆ ਚਲੀ ਗਈ। ਬਾਰਿਸ਼ ਦੀ ਰੁੱਤ ਸੀ, ਉਥੇ ਓਦੋਂ ਬਹੁਤ ਥੋੜ੍ਹੇ ਲੋਕ ਸਨ ਅਤੇ ਮੈਂ ਇਕ ਝੁੱਗੀ ਜਹੀ 'ਚ ਬੈਠਕੇ ਉਹ ਸਾਰਾ ਕੁਝ ਪੜ੍ਹਿਆ। ਮੈਂ ਹੈਰਾਨ ਰਹਿ ਗਈ। ਲਿਹਾਜ਼ਾ ਮੈਂ 'ਤੇ ਉਸਦੀ ਜ਼ਿੰਦਗੀ ਦਾ ਚਿਰਾ.ਗ ਬੁੱਝਣਾ ਹੀ ਚਾਹੀਦੈ' ਲੇਖ ਲਿਖਿਆ (30 ਅਕਤੂਬਰ 2006) ਕਿ ਕਿਵੇਂ ਸਬੂਤ ਘੜੇ ਗਏ, ਕਿਸੇ ਅਦਾਲਤੀ ਅਮਲ ਦੀ ਪਾਲਣਾ ਨਹੀਂ ਕੀਤੀ ਗਈ, ਕਿਵੇਂ ਅਫ਼ਜ਼ਲ ਨੂੰ ਕਦੇ ਆਪਣਾ ਪੱਖ ਰੱਖਣ ਲਈ ਕੋਈ ਵਕੀਲ ਵੀ ਨਹੀਂ ਦਿੱਤਾ ਗਿਆ। ਸੁਪਰੀਮ ਕੋਰਟ ਨੇ ਕਿਹਾ ਕਿ ਪੁਲਿਸ ਹਿਰਾਸਤ ਵਿਚ ਲਏ ਇਕਬਾਲੀਆ ਬਿਆਨਾਂ ਨੂੰ ਸਬੂਤ ਨਹੀਂ ਮੰਨਿਆ ਜਾ ਸਕਦਾ ਪਰ ਮੀਡੀਆ ਨੇ ਵੱਖੋ-ਵੱਖਰੇ "ਇਕਬਾਲੀਆ-ਬਿਆਨਾਂ" ਦੀਆਂ ਤਰ੍ਹਾਂ ਤਰ੍ਹਾਂ ਦੀਆਂ ਵੀਡੀਓ ਟੇਪਾਂ ਉਸਦੇ ਖ਼ਿਲਾਫ਼ ਵਰਤੀਆਂ ਜੋ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਹਿਰਾਸਤ ਵਿਚ ਉਸ ਤੋਂ ਕਬੂਲ ਕਰਵਾਏ ਸਨ। ਪੁਲਿਸ ਨੇ ਇਥੇ ਲੋਧੀ ਇਸਟੇਟ ਵਿਚ ਉਹ ਫਿਲਮਾਏ ਸਨ। ਇਕ ਇਕਬਾਲੀਆ ਬਿਆਨ ਰਾਹੀਂ ਗਿਲਾਨੀ ਨੂੰ ਫਸਾਇਆ ਗਿਆ, ਦੂਜੇ ਰਾਹੀਂ ਕਿਸੇ ਹੋਰ ਨੂੰ।

ਉਹ ਮਰਜ਼ੀ ਨਾਲ ਚੁਣ ਸਕਦੇ ਸਨ ਕਿ ਕਿਹੜਾ ਇਕਬਾਲੀਆ-ਬਿਆਨ ਦਿਖਾਉਣਾ ਹੈ। ਉਨ੍ਹਾਂ ਨੇ ਉਹ ਚੁਣਿਆ ਜੋ ਉਨ੍ਹਾਂ ਨੂੰ ਰਾਸ ਆਉਂਦਾ ਸੀ। ਮੀਡੀਆ ਨੇ ਇਹ ਸੱਤ ਸਾਲ ਬਾਅਦ ਦਿਖਾਇਆ ਜਦੋਂ ਉਹ ਅਜੇ ਜਿਊਂਦਾ ਸੀ, ਅਤੇ ਜਦੋਂ ਵੀਡੀਓ ਦਿਖਾਇਆ ਗਿਆ ਤਾਂ ਟੀ.ਵੀ. ਸਕਰੀਨ ਦੇ ਹੇਠਲੇ ਪਾਸੇ ਦਰਸ਼ਕਾਂ ਦੇ ਧੜਾਧੜ ਐੱਸ.ਐੱਮ.ਐੱਸ. ਫਲੈਸ਼ ਹੋਏ ਸ਼ੁਰੂ ਹੋ ਗਏ। ਜਿਨ੍ਹਾਂ ਵਿਚ ਮੰਗ ਕੀਤੀ ਜਾ ਰਹੀ ਸੀ "ਉਸ ਨੂੰ ਲਾਲ ਚੌਕ ਵਿਚ ਪਤਾਲੂਆਂ ਨੂੰ ਰੱਸਾ ਬੰਨ੍ਹਕੇ ਫਾਂਸੀ ਦਿਓ" ਵਗੈਰਾ। ਐਨੀ ਦਰਿੰਦਗੀ ਸੀ। ਜੇ ਬੰਦਾ ਪਾਗਲ ਹੋਏ ਬੈਨਾਨਾ ਗਣਰਾਜ ਦਾ ਬਾਸ਼ਿੰਦਾ ਹੋਵੇ, ਇਸ ਨੂੰ ਸਵੀਕਾਰ ਕਰ ਸਕਦਾ ਹੈ ਪਰ ਇਥੇ ਅਸੀਂ ਕੁਝ ਹੋਰ ਹੀ ਦਿਖਾਵਾ ਕਰ ਰਹੇ ਹਾਂ। ਜਦੋਂ ਆਊਟਲੁਕ ਵਿਚ ਇਹ ਲੇਖ ਛਪਿਆ ਉਥੇ ਇਸ ਤਰ੍ਹਾਂ ਦੀਆਂ ਚਿੱਠੀਆਂ ਛਪੀਆਂ: "ਅਫ਼ਜ਼ਲ ਗੁਰੂ ਨੂੰ ਬਖ਼ਸ਼ ਦਿਓ ਪਰ ਅਰੁੰਧਤੀ ਰਾਏ ਨੂੰ ਫਾਹੇ ਲਾਓ"। ਸਭ ਕਾਸੇ ਦੇ ਬਾਵਜੂਦ ਕਾਂਗਰਸ ਸਰਕਾਰ ਨੇ ਉਸ ਨੂੰ ਫਾਹੇ ਲਾ ਦਿੱਤਾ, ਭਲੀਭਾਂਤ ਜਾਣਦੇ-ਬੁੱਝਦੇ ਹੋਏ ਕਿ ਉਹ ਬੇਕਸੂਰ ਸੀ। ਇਹ ਸਿਆਸੀ ਚਾਲ ਸੀ, ਉਹ ਉਸਦੇ ਖ਼ੂਨ ਦੇ ਤਿਹਾਏ ਹਜੂਮ ਨੂੰ ਵੋਟਾਂ 'ਚ ਬਦਲਣ ਦੀ ਮਨਸ਼ਾ ਨਾਲ ਲਾਹਾ ਲੈ ਰਹੇ ਸਨ। ਜੋ ਭਿਆਨਕ ਸੀ, ਇਕ ਬੁਜ਼ਦਿਲੀ ਸੀ। ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਸੀ। ਉਨ੍ਹਾਂ ਨੇ ਤਾਂ ਉਸਦੀ ਲਾਸ਼ ਵੀ ਉਸਦੇ ਪਰਿਵਾਰ ਨੂੰ ਨਹੀਂ ਦਿੱਤੀ। ਜਿਹੜਾ ਖ਼ਤ ਉਨ੍ਹਾਂ ਨੂੰ ਭੇਜਿਆ ਗਿਆ ਉਹ ਜਾਣਬੁੱਝਕੇ ਲੇਟ ਕੀਤਾ ਗਿਆ ਤਾਂ ਜੋ ਫਾਂਸੀ ਦਿੱਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਮਿਲੇ। ਇਹ 'ਮੁੱਦੇ' ਨਹੀਂ ਹਨ। ਕਸ਼ਮੀਰ ਵਿਚ ਹਿੰਦੁਸਤਾਨ ਦੀ ਹਕੂਮਤ ਵਲੋਂ ਢਾਹੀ ਜਾ ਰਹੀ ਵਹਿਸ਼ਤ ਮੁੱਦਾ ਨਹੀਂ ਹੈ-ਇਹ ਅਸਲ ਜ਼ਿੰਦਗੀ ਹੈ। ਅਸੀਂ ਐਸਾ ਸਮਾਜ ਹਾਂ ਜੋ ਇਸ ਨੂੰ ਹਜ਼ਮ ਕਰਨ ਲਈ ਤਿਆਰ ਹੈ ਅਸੀਂ ਖ਼ੁਦ ਨੂੰ ਨਸ਼ਟ ਕਰ ਰਹੇ ਹਾਂ। ਅਸੀਂ ਆਪਣੇ ਲਈ ਆਫ਼ਤ ਨੂੰ ਸੱਦਾ ਦੇ ਰਹੇ ਹਾਂ।

ਮੈਂ ਦੋ ਘਾਟੀਆਂ ਬਾਰੇ ਲਿਖਿਆ ਹੈ, ਨਰਮਦਾ ਘਾਟੀ ਅਤੇ ਕਸ਼ਮੀਰ ਘਾਟੀ। ਕਈ ਵਾਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਇਕ ਘਾਟੀ ਵਿਚ ਨਿਆਂ ਦੀ ਜ਼ੋਰਦਾਰ ਲਾਲਸਾ ਨੇ ਦੂਜੀ ਨੂੰ ਕਿਉਂ ਨਹੀਂ ਸਮਝਿਆ ਜਾਂ ਉਸ ਉਪਰ ਕੋਈ ਪ੍ਰਭਾਵ ਕਿਉਂ ਨਹੀਂ ਪਾਇਆ। ਭਾਵ ਨਰਮਦਾ ਵੈਲੀ ਵਿਚ ਵਾਤਾਵਰਣ ਦੇ ਮੁੱਦਿਆਂ, ਜਿਵੇਂ ਇਕ ਡੈਮ ਕੀ ਹੈ, ਇਸ ਦਾ ਕੀ ਅਸਰ ਪੈਂਦਾ ਹੈ, ਸਥਾਨਕ ਆਰਥਿਕਤਾ ਬਾਰੇ, ਸੰਸਾਰ ਬੈਂਕ ਬਾਰੇ ਘੋਰ ਗ਼ਰੀਬੀ ਬਾਰੇ ਐਨੀ ਵਧੀਆ ਸਮਝਦਾਰੀ ਹੈ ਪਰ ਕਸ਼ਮੀਰ ਦੇ ਲੋਕਾਂ ਨੂੰ ਕੀ ਝੱਲਣਾ ਪੈ ਰਿਹਾ ਹੈ ਉਥੇ ਉਸ ਬਾਰੇ ਕੋਈ ਸਮਝਦਾਰੀ ਨਹੀਂ ਹੈ। ਉਧਰ ਕਸ਼ਮੀਰ ਵਿਚ ਇਕ ਫ਼ੌਜ ਦੇ ਕਬਜ਼ੇ ਹੇਠ ਜਿਊਣਾ ਕੀ ਹੁੰਦਾ ਹੈ ਇਸ ਬਾਰੇ ਤਾਂ ਖ਼ੂਬ ਸਮਝਦਾਰੀ ਹੈ ਪਰ ਵੱਡਾ ਡੈਮ ਕੀ ਹੈ ਅਤੇ ਉਸ ਦੇ ਅਸਰ ਕੀ ਪੈਂਦੇ ਹਨ, ਜਿਸ ਢੰਗ ਨਾਲ ਨਵ-ਉਦਾਰਵਾਦੀ ਨੀਤੀਆਂ ਲੋਕਾਂ ਨੂੰ ਦਰੜਦੀਆਂ ਹਨ ਇਸ ਬਾਰੇ ਬਹੁਤ ਘੱਟ ਜਾਣਕਾਰੀ ਹੈ। ਮੈਂ ਤਾਂ ਉਸ ਤੰਦ ਦੀ ਗੱਲ ਕਰ ਰਹੀ ਹਾਂ ਜੋ ਮੈਂ ਫੜੀ ਹੈ.. .. ਇਹ ਹਰ ਕਿਸੇ ਲਈ ਤੰਦ ਨਹੀਂ ਹੋ ਸਕਦੀ ਪਰ ਨਿਸ਼ਚੇ ਹੀ ਇਹ ਮੇਰੀ ਤੰਦ ਤਾਂ ਹੈ। ਇਸ ਸਭ ਕਾਸੇ ਨਾਲ ਉਹ ਜੁੜ ਜਾਂਦਾ ਹੈ ਜਿਸ ਨੂੰ ਜੌਹਨ ਬਰਜਰ "ਦੇਖਣ ਦਾ ਢੰਗ"(a way of seeing) ਕਹਿੰਦਾ ਹੈ। ਇਹੀ ਹੈ ਜੋ ਸਾਹਿਤ ਹੈ, ਜੋ ਕਵਿਤਾ ਹੈ। ਇਹੀ ਹੈ ਜੋ ਇਸ ਨੂੰ ਹੋਣਾ ਚਾਹੀਦਾ ਹੈ।

**ਅਜੋਕੇ ਹਿੰਦੁਸਤਾਨ ਵਿਚ ਤੁਹਾਨੂੰ ਕਿਹੜੀ ਚੀਜ਼ ਸਭ ਤੋਂ ਵੱਧ ਪ੍ਰੇਸ਼ਾਨ ਕਰਦੀ ਹੈ?**

ਅੱਜ ਅਸੀਂ ਜਿਸ ਵਿੱਚੋਂ ਗੁਜ਼ਰ ਰਹੇ ਹਾਂ, ਆਰ.ਐੱਸ.ਐੱਸ. ਦੇ ਇਤਿਹਾਸ ਨੂੰ ਦੇਖਦੇ ਹੋਏ ਇਹ ਕਿਸੇ ਵਕਤ ਹੋਕੇ ਹੀ ਰਹਿਣਾ ਸੀ। ਅਸੀਂ ਇਹ ਇਮਤਿਹਾਨ ਕਿਵੇਂ ਪਾਸ ਕਰਦੇ ਹਾਂ ਇਸ ਤੋਂ ਪਤਾ ਚੱਲੇਗਾ ਕਿ ਅਸੀਂ ਅਸਲ ਵਿਚ ਕਿਸ ਮਿੱਟੀ ਦੇ ਬਣੇ ਹੋਏ ਹਾਂ। ਅੱਜ ਹਰ ਸੰਸਥਾ, ਜੁਡੀਸ਼ਰੀ, ਵਿਦਿਅਕ ਸੰਸਥਾਵਾਂ ਉਪਰ ਜ਼ਹਿਰੀਲਾ, ਫਿਰਕੂ ਹਮਲਾ ਹੋ ਰਿਹਾ ਹੈ। ਤਾਲੀਮ ਦੇ ਕੇਂਦਰਾਂ ਵਜੋਂ ਯੂਨੀਵਰਸਿਟੀਆਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ, ਫਿਰਕੂ ਮੂੜ੍ਹ ਮੱਤੀਆਂ ਨੂੰ ਅਧਿਆਪਕ ਲਗਾਇਆ ਜਾ ਰਿਹਾ ਹੈ, ਸਿਲੇਬਸ ਨੂੰ ਵਿਦਵਤਾ ਤੋਂ ਵਾਂਝਾ ਕਰਕੇ ਗੰਵਾਰਾਂ ਦਾ ਮਨਪਸੰਦ ਮਸਾਲਾ ਭਰਿਆ ਜਾ ਰਿਹਾ ਹੈ। ਹਰ ਚੀਜ਼ ਨੂੰ ਫਾਸ਼ੀਵਾਦੀ ਨਜ਼ਰੀਏ ਤੋਂ ਭੰਨਘੜ ਕੀਤਾ ਜਾ ਰਿਹਾ ਹੈ। ਇਹ ਸਿੱਧਾ ਢੰਗ ਹੈ। ਇਹ ਸਿਰਫ਼ ਸਿਆਸੀ ਪਾਰਟੀਆਂ ਅਤੇ ਸੱਤਾ ਦਾ ਸਵਾਲ ਨਹੀਂ ਹੈ। ਢਾਂਚੇ ਨੂੰ ਹੀ ਬਦਲਿਆ ਜਾ ਰਿਹਾ ਹੈ। ਇਹ ਇਸ ਮੁਲਕ ਦੀ ਰੂਹ, ਇਸ ਦੀ ਕਲਪਨਾ ਉਪਰ ਹਮਲਾ ਹੈ। ਇਹ ਗੰਭੀਰ ਮਾਮਲਾ ਹੈ। ਮੈਂ ਤਾਂ ਕਹਾਂਗੀ ਕੁਝ ਪ੍ਰਤੀਕਰਮ ਹੌਸਲਾ ਦੇਣ ਵਾਲੇ ਹਨ। ਹਰ ਥਾਂ ਲੋਕ ਉਠ ਰਹੇ ਹਨ-ਐੱਫ.ਟੀ.ਆਈ.ਆਈ. ਦੇ ਵਿਦਿਆਰਥੀਆਂ ਨੂੰ ਦੇਖੋ - ਉਨ੍ਹਾਂ ਨੇ ਕਮਾਲ ਕਰ ਦਿੱਤੀ। ਜਿਸ ਹਮਲੇ ਦਾ ਸਾਨੂੰ ਸਾਹਮਣਾ ਕਰਨਾ ਪੈ ਰਿਹਾ ਹੈ ਉਹ ਵਿਆਪਕ, ਡੂੰਘਾ ਅਤੇ ਖ਼ਤਰਨਾਕ ਹੈ, ਪਰ ਮੋਦੀ ਹਕੂਮਤ ਦੁਆਲੇ ਬੁਣਿਆ ਚੜ੍ਹਤ ਦਾ ਜਾਦੂ ਅਣਕਿਆਸੀ ਤੇਜ਼ੀ ਨਾਲ ਕਾਫ਼ੂਰ ਹੋ ਰਿਹਾ ਹੈ। ਯਾਕੂਬ ਮੈਮਨ ਨੂੰ ਫਾਂਸੀ ਇਸ ਦਿਸ਼ਾ ਵਿਚ ਇਕ ਕਦਮ ਹੈ। ਅਗਲੀ ਚੋਣਾਂ ਤੋਂ ਪਹਿਲਾਂ ਉਹ ਵੱਡੇ ਪੈਮਾਨੇ 'ਤੇ ਫਿਰਕੂ ਦੰਗੇ ਭੜਕਾਉਣਗੇ। ਮੈਂ ਝੂਠੇ "ਦਹਿਸ਼ਤਪਸੰਦ" ਹਮਲਿਆਂ ਅਤੇ ਪਾਕਿਸਤਾਨ ਨਾਲ ਜੰਗ, ਇਕ ਪ੍ਰਮਾਣੂ ਜੰਗ ਤੋਂ ਫ਼ਿਕਰਮੰਦ ਹਾਂ। ਇਸ ਤਰ੍ਹਾਂ ਦੀ ਆਤਮਘਾਤੀ ਬੇਵਕੂਫ਼ੀ ਸਰਹੱਦ ਦੇ ਦੋਵੇਂ ਪਾਸੇ ਦੀਆਂ ਹਕੂਮਤਾਂ ਅਤੇ ਮੀਡੀਆ ਕਰ ਸਕਦੇ ਹਨ।

**ਤੁਸੀਂ ਕੌਮਾਂਤਰੀ ਪ੍ਰਸਿੱਧੀ ਵਾਲੀ ਲੇਖਿਕਾ ਹੋ ਪਰ ਤੁਸੀਂ ਲੇਖਕਾਂ ਦੇ ਭਾਈਚਾਰੇ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ। ਤੁਸੀਂ ਸਾਹਿਤਕ ਮੇਲਿਆਂ ਵਿਚ ਨਹੀਂ ਜਾਂਦੇ, ਹਾਲਾਂਕਿ ਤੁਸੀਂ ਇਕ ਭਾਈਚਾਰੇ ਦਾ ਹਿੱਸਾ ਹੋ ਜਿਨ੍ਹਾਂ ਨੂੰ ਕਾਰਕੁਨ ਕਿਹਾ ਜਾ ਸਕਦਾ ਹੈ।**

ਮੈਨੂੰ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਲੇਖਕਾਂ ਦਾ ਕੋਈ ਭਾਈਚਾਰਾ ਹੈ। ਦੇਖੋ, ਮੈਂ ਸ਼ੁੱਧਤਾਵਾਦੀ ਨਹੀਂ ਹਾਂ। ਮੈਂ ਤਾਂ ਸਿਰਫ਼ ਇਹੀ ਕਰ ਸਕਦੀ ਹਾਂ ਕਿ ਜੋ ਮੈਂ ਸੋਚਦੀ ਹਾਂ ਉਹ ਕਹਿ ਦਿਆਂ। ਲੋਕ ਮੇਲਿਆਂ 'ਤੇ ਜਾਂਦੇ ਹਨ, ਅਕਸਰ ਉਨ੍ਹਾਂ ਦੀ ਸਰਪ੍ਰਸਤੀ ਖਣਨ ਕਾਰਪੋਰੇਸ਼ਨਾਂ ਅਤੇ ਫਾਊਂਡੇਸ਼ਨਾਂ ਕਰਦੀਆਂ ਹਨ ਜਿਨ੍ਹਾਂ ਦੇ ਖ਼ਿਲਾਫ਼ ਮੈਂ ਲਿਖਦੀ ਹਾਂ-ਪਰ ਮੇਰਾ ਕਹਿਣਾ ਇਹ ਨਹੀਂ ਹੈ ਕਿ ਮੈਂ ਉਨ੍ਹਾਂ ਤੋਂ ਵੱਧ ਖ਼ਰੀ ਹਾਂ। ਮੈਂ ਇੰਵ ਨਹੀਂ ਹਾਂ। ਉਹ ਚੀਜ਼ਾਂ ਮੈਨੂੰ ਪ੍ਰੇਸ਼ਾਨ ਕਰਦੀਆਂ ਹਨ, ਲਿਹਾਜ਼ਾ ਮੈਂ ਉਹ ਨਹੀਂ ਕਰਦੀ। ਪਰ ਜਿਊਣ ਲਈ ਦੁਨੀਆ ਬੜੀ ਜ਼ਾਲਮ ਥਾਂ ਹੈ, ਲੋਕਾਂ ਨੂੰ ਉਹ ਕੁਝ ਕਰਨਾ ਪੈਂਦਾ ਹੈ ਜੋ ਉਹ ਕਰਨਾ ਨਹੀਂ ਚਾਹੁੰਦੇ। ਮੇਰੇ ਕੋਲ ਚੋਣ ਕਰਨ ਦੀ ਖੁੱਲ੍ਹ ਹੈ। ਲਿਹਾਜ਼ਾ ਮੈਂ ਚੋਣ ਕਰਦੀ ਹਾਂ। ਹਰ ਕਿਸੇ ਕੋਲ ਇਹ ਸਹੂਲਤ ਨਹੀਂ ਹੁੰਦੀ।

ਜਿੱਥੋਂ ਤਕ "ਕਾਰਕੁਨ" ਲਫ਼ਜ਼ ਦਾ ਸਵਾਲ ਹੈ-ਮੈਂ ਯਕੀਨ ਨਾਲ ਨਹੀਂ ਕਹਿ ਸਕਦੀ ਇਹ ਕਦੋਂ ਘੜਿਆ ਗਿਆ। ਮੇਰੇ ਵਰਗਿਆਂ ਨੂੰ ਲੇਖਕ-ਕਾਰਕੁਨ ਕਹਿਣ ਤੋਂ ਤਾਂ ਇਹੀ ਪਤਾ ਚਲਦਾ ਹੈ ਕਿ ਜਿਸ ਦੁਨੀਆ ਵਿਚ ਉਹ ਰਹਿੰਦੇ ਹਨ ਉਸ ਬਾਰੇ ਲਿਖਣਾ ਲੇਖਕ ਦਾ ਕੰਮ ਨਹੀਂ। ਪਰ ਇਹੀ ਤਾਂ ਸਾਡਾ ਕੰਮ ਸੀ। ਇਹ ਅਜੀਬ ਗੱਲ ਹੈ, ਜਦੋਂ ਤਕ ਮੰਡੀ ਨੇ ਲੇਖਕਾਂ ਨੂੰ ਕਾਬੂ ਨਹੀਂ ਕੀਤਾ ਸੀ, ਲੇਖਕ ਇਹੀ ਤਾਂ ਕਰਦੇ ਸਨ - ਉਨ੍ਹਾਂ ਨੇ ਵਹਿਣ ਦੇ ਉਲਟ ਲਿਖਿਆ, ਉਹ ਸਰਹੱਦਾਂ ਦੇ ਪਹਿਰੇਦਾਰ ਬਣੇ, ਉਨ੍ਹਾਂ ਨੇ ਬਹਿਸਾਂ ਦੇ ਚੌਖਟੇ ਬਣਾਏ ਕਿ ਸਮਾਜ ਨੂੰ ਕਿਵੇਂ ਸੋਚਣਾ ਚਾਹੀਦਾ ਹੈ। ਉਹ ਖ਼ਤਰਨਾਕ ਲੋਕ ਹੁੰਦੇ ਸਨ। ਹੁਣ ਸਾਨੂੰ ਕਿਹਾ ਜਾ ਰਿਹਾ ਹੈ ਕਿ ਮੇਲਿਆਂ 'ਤੇ ਜਾਣਾ ਚਾਹੀਦਾ ਹੈ ਅਤੇ ਕਿ ਤੁਸੀਂ ਸਭ ਤੋਂ ਵੱਧ ਵਿਕਣ ਵਾਲੇ ਲੇਖਕਾਂ ਦੀ ਸੂਚੀ ਵਿਚ ਹੋਣੇ ਚਾਹੀਦੇ ਹੋ ਅਤੇ, ਜੇ ਸੰਭਵ ਹੋਵੇ, ਤਾਂ ਬਣਦੇ-ਫੱਬਦੇ ਹੋਣੇ ਚਾਹੀਦੇ ਹੋ।

***

# ਤਰਕਸ਼ੀਲ ਸੁਸਾਇਟੀ ਦੀ ਪਿਕਨਿਕ ਵਿਚ ਖ਼ੂਬ ਰੌਣਕਾਂ




ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ ਵਲੋਂ ਬੀਤੇ ਐਤਵਾਰ ਨੂੰ ਬਰੈਂਪਟਨ ਦੇ ਐਲ ਡੋਰੈਡੋ ਪਾਰਕ ਵਿਚ ਅਯੋਜਿਤ ਕੀਤੀ ਪਿਕਨਿਕ ਵਿਚ ਵੱਡੀ ਗਿਣਤੀ ਵਿਚ ਸੁਸਾਇਟੀ ਦੇ ਮੈਂਬਰਾਂ, ਹਤੈਸ਼ੀਆਂ, ਸਪੌਂਸਰਾਂ, ਪਤਰਕਾਰਾਂ ਤੇ ਕਲਾਕਾਰਾਂ ਨੇ ਸ਼ਾਮਿਲ ਹੋ ਕੇ ਰੌਣਕਾਂ ਵਧਾਈਆਂ। ਇਸ ਵਿਚ ਪੰਜਾਬੀ ਭਾਈਚਾਰੇ ਦੀਆਂ ਬਹੁਤ ਸਾਰੀਆਂ ਸਤਿਕਾਰਿਤ ਹਸਤੀਆਂ ਦੇ ਨਾਲ ਨਾਲ ਪੰਜਾਬੀ ਭਾਈਚਾਰੇ ਦੇ ਕਈ ਲੀਡਰ ਵੀ ਪਹੁੰਚੇ। ਇਸ ਵਾਰ ਬੱਚਿਆਂ ਦੀਆਂ ਖੇਡਾਂ ਦਾ ਖਾਸ ਇੰਤਜ਼ਾਮ ਕੀਤਾ ਗਿਆ ਸੀ, ਜਿਸ ਨਾਲ ਉਨ੍ਹਾਂ ਇਸ ਪਿਕਨਿਕ ਦਾ ਬਹੁਤ ਆਨੰਦ ਮਾਣਿਆਂ, ਤੇ ਸ਼ਾਮ ਵੇਲੇ ਪਿਕਨਿਕ ਤੇ ਆਈਆਂ ਔਰਤਾਂ ਵਲੋਂ ਪਾਏ ਗਿੱਧੇ ਨਾਲ ਪ੍ਰੋਗਰਾਮ ਨੂੰ ਖਾਸ ਪੰਜਾਬੀ ਰੰਗਤ ਮਿਲੀ।


ਸਵੇਰੇ 11 ਵਜੇ ਤੋਂ ਹੀ ਬੱਚਿਆਂ ਸਮੇਤ ਲੋਕ ਆਉਣ ਲੱਗ ਪਏ ਅਤੇ 12 ਕੁ ਵਜੇ ਤੱਕ ਇਕੱਠ ਇਕ ਮੇਲੇ ਦਾ ਰੂਪ ਧਾਰਨ ਕਰ ਗਿਆ। ਇਸੇ ਵੇਲੇ ਤੋਂ ਹੀ ਪਿਕਨਿਕ ਦੇ ਅੰਤ ਤੀਕ ਜਸਵੀਰ ਚਹਿਲ ਤੇ ਭਰਪੂਰ ਰੰਧਾਵਾ ਵਲੋਂ ਕਰਵਾਈਆਂ ਗਈਆਂ ਖੇਡਾਂ ਵਿਚ ਸਾਰੇ ਹੀ, ਪਰ ਖਾਸ ਕਰ ਬੱਚੇ ਸ਼ਾਮਿਲ ਹੋ, ਮੰਨੋਰੰਜਣ ਕਰਦੇ ਰਹੇ। ਬਚਿਆਂ ਨੂੰ ਖੇਡ ਦੇ ਖਤਮ ਹੋਣ ਤੇ ਹੀ, ਪ੍ਰਬੰਧਕਾਂ ਵਲੋਂ ਦਿੱਤੇ ਇਨਾਮਾਂ ਨਾਲ ਉਹ ਹੋਰ ਉਤਸ਼ਿਹਤ ਹੋਏ ਤੇ ਅੱਗੇ ਕਰਵਾਏ ਮੁਕਾਬਲਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗੇ। ਕਈ ਪ੍ਰੀਵਾਰ ਅਪਣੇ ਬੱਚਿਆਂ ਨੂੰ ਨਾਲ ਲੈ ਪਾਰਕ ਦੇ ਸੰਘਣੇ ਜੰਗਲ ਵਿਚ ਤੇ ਵਗਦੇ ਕਰੈਡਿਟ ਦਰਿਆ ਦੇ ਪਾਣੀਆਂ ਦੇ ਨੇੜੇ ਤੇੜੇ ਦਾ ਰਮਣੀਕ ਨਜ਼ਾਰਾ ਵੀ ਲੈਣ ਚੱਲੇ ਜਾਂਦੇ ਰਹੇ। ਸਵੇਰ ਤੋਂ ਹੀ ਖਾਣ ਪੀਣ ਦਾ ਖੁਲ੍ਹਾ ਪ੍ਰਬੰਧ ਸੀ, ਜਿਸ ਵਿਚਲੀਆਂ ਪੂਰੀਆਂ, ਛੋਲੇ, ਜਲੇਬੀਆਂ, ਛੱਲੀਆਂ ਤੇ ਬਾਰਬੀਕਿਊ ਤੇ ਪਕਦੇ ਹੋਰ ਪਕਵਾਨਾਂ ਦਾ ਸਾਰਿਆਂ ਚੰਗਾ ਸੁਆਦ ਮਾਣਿਆਂ। ਸਾਰਾ ਸਮਾਂ ਸ਼ਾਮਿਲ ਵਿਅੱਕਤੀਆਂ ਨੇ ਆਪਸ ਵਿਚ ਵੱਖ ਵੱਖ ਵਿਸ਼ਿਆਂ ਤੇ ਚਰਚਾ ਕੀਤੀ। ਚੋਣਾਂ ਦਾ ਮੌਕਾ ਹੋਣ ਕਾਰਨ ਤਕਰੀਬਨ ਸਾਰੀਆਂ ਹੀ ਪਾਰਟੀਆਂ ਦੇ ਉਮੀਦਵਾਰ ਇਸ ਪਿਕਨਿਕ ਵਿਚ, ਲੋਕਾਂ ਨਾਲ ਰਾਬਤਾ ਕਾਇਮ ਕਰਨ ਆਏ। ਆਥਣ ਵੇਲੇ, ਪਿਕਨਿਕ ਤੇ ਅੰਤ ਸਮੇਂ ਆਈਆਂ ਸਾਰੀਆਂ ਔਰਤਾਂ ਨੇ ਗਿਧਾ ਪਾਇਆ ਅਤੇ ਇਸ ਨੂੰ ਤੀਆਂ ਦੇ ਰੰਗ ਵਿਚ ਰੰਗ ਦਿੱਤਾ। ਸੁਸਾਇਟੀ ਵਲੋਂ ਸਾਰੇ ਸ਼ਾਮਿਲ ਵਿਅਕਤੀਆਂ ਦਾ ਧੰਨਵਾਦ ਕੀਤਾ ਜਾਂਦਾ ਹੈ।

ਤਰਕਸ਼ੀਲ ਸੁਸਾਇਟੀ ਪੰਜਾਬੀਆਂ ਨੂੰ ਵਹਿਮਾਂ ਭਰਮਾ, ਠੱਗ ਬਾਬਿਆਂ, ਤਵੀਤਾਂ, ਮੜੀਆਂ ਮਸਾਣੀਆਂ, ਭੁਲੇਖਾ ਪਾਊ ਲੁਟੇਰੇ ਪੰਡਤਾਂ 'ਤੇ ਕਰਾਮਾਤੀ ਚਮਕੀਲੇ ਪੱਥਰਾਂ ਦੇ ਤੰਦੂਏ ਜਾਲ ਵਿਚੋਂ ਕੱਢ ਕੇ, ਤਰਕਸ਼ੀਲ ਬਣਾਉਣ ਦੇ ਯਤਨ ਵਿਚ ਪ੍ਰੋਗਰਾਮ ਕਰਵਾਉਂਦੀ ਰਹਿੰਦੀ ਹੈ ਤਾਂ ਜੋ ਲੋਕਾਂ ਦੇ ਅਣਜਾਣ ਪੁਣੇ ਦਾ ਫਾਇਦਾ ਉਠਾ ਕੇ ਠੱਗ ਲੁਟੇਰੇ ਲੋਕਾਂ ਦੀ ਖ਼ੂੰਨ ਪਸੀਨੇ ਦੀ ਕਮਾਈ ਤੇ ਡਾਕੇ ਨਾ ਮਾਰ ਸਕਣ।

ਇਸ ਸੰਸਥਾ ਬਾਰੇ ਹੋਰ ਜਾਣਕਾਰੀ ਲਈ ਸੁਸਾਇਟੀ ਦੇ ਕੋਆਰਡੀਨੇਟਰ ਡਾ ਬਲਜਿੰਦਰ ਸੇਖੋਂ (905 781 1197) ਜਾਂ ਸਹਾਇਕ ਕੋਆਰਡੀਨੇਟਰ ਨਛੱਤਰ ਬਦੇਸ਼ਾ (647 267 3397) ਨਾਲ ਸਪੰਰਕ ਕੀਤਾ ਜਾ ਸਕਦਾ ਹੈ।

## ਲੋਕਾਂ ਦੀ ਮੁਕਤੀ ਦਾ ਮਾਰਗ ਨਕਸਲਬਾੜੀ ਹੈ

# ਨਕਸਲਬਾੜੀ ਲਹਿਰ ਦਾ ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ




12 ਅਗਸਤ 1970 ਨੂੰ ਹਿੰਦ ਸਮਾਚਾਰ 'ਚ ਛਪੀ ਇਹ ਬੇਪਛਾਣ ਤਸਵੀਰ ਜਾਣੇ ਪਹਿਚਾਣੇ ਨਕਸਲੀਏ ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ, ਬਾਬੂ ਸਿੰਘ ਤੇ ਦਲੀਪ ਸਿੰਘ ਦੀ ਹੈ। ਇਨ੍ਹਾਂ ਤਿੰਨਾਂ ਨੂੰ ਜੀਪਾਂ ਪਿੱਛੇ ਸੰਗਲਾਂ ਨਾਲ ਬੰਨ੍ਹ ਕੇ ਪਿੰਡੋ ਪਿੰਡ ਘੜੀਸਿਆ ਗਿਆ ਤੇ ਅਖੀਰ ਅੱਧਮੋਇਆਂ ਨੂੰ ਪੱਖੋ ਕੈਂਚੀਆਂ ਕੋਲ ਗੋਲੀਆਂ ਨਾਲ ਵਿੰਨ੍ਹ ਦਿੱਤਾ ਗਿਆ। ਇਨ੍ਹਾਂ ਤਿੰਨਾਂ ਦਾ ਗੁਨਾਹ ਸੀ ਕਿ ਇਹ ਦੇਸੀ ਬਦੇਸੀ ਲੁਟੇਰਿਆਂ ਤੇ ਜਾਬਰ ਹਕੂਮਤਾਂ ਕੋਲੋਂ ਆਪਣੇ ਦੇਸ਼ ਦੇ ਲੋਕਾਂ ਦੀ ਮੁਕਤੀ ਦੀ ਜੰਗ ਦੇ ਸਿਪਾਹੀ ਸਨ। ਇਹ ਮਜ਼ਦੂਰ ਕਿਸਾਨਾਂ ਦੀ ਰਾਜਸੱਤਾ ਚਾਹੁੰਦੇ ਸਨ। ਅਤੇ ਭਾਰਤੀ ਲੋਕਾਂ ਦੀ ਸੁਰੱਖਿਆ ਲਈ ਤਾਈਨਾਤ ਕੀਤੀ ਸੂਬਾ ਪੰਜਾਬ ਪੁਲਿਸ ਨੇ ਇਸ ਕਾਲੀ ਕਰਤੂਤ ਨੂੰ ਅੰਜਾਮ ਦਿੱਤਾ। ਅਕਾਲੀ ਮੋਰਚਿਆਂ ਦੇ ਝੰਡਾਬਰਦਾਰ ਕਹਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਦੀ ਹਕੂਮਤ ਦੇ ਚੱਲਦਿਆਂ ਅਕਾਲੀ ਮੋਰਚੇ ਦੇ ਘੁਲਾਟੀਏ ਨਿਰੰਜਨ ਸਿੰਘ ਅਕਾਲੀ ਕਾਲਸਾਂ ਨੂੰ 75 ਸਾਲ ਦੀ ਉਮਰ 'ਚ ਇਸ ਤਰ੍ਹਾਂ ਕੋਹ ਕੋਹ ਕੇ ਮਾਰ ਦਿੱਤਾ ਗਿਆ ਅਤੇ ਉੱਤੋਂ ਪੁਲਿਸ ਮੁਕਾਬਲੇ ਦੀ ਝੂਠੀ ਕਹਾਣੀ ਘੜ ਕੇ ਉਹਨਾਂ ਲੋਕ ਮੁਕਤੀ ਲਈ ਜੂਝਣ ਵਾਲੇ ਜੋਧਿਆਂ ਨੂੰ ਬਦਨਾਮ ਕਰਨ ਦੀ ਹਰ ਵਾਹ ਲਾਈ ਗਈ।

ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ ਦਾ ਜੀਵਨ ਅਕਾਲੀ ਲਹਿਰ ਦੇ ਮੋਰਚਿਆਂ ਤੋਂ ਲੈ ਕੇ ਨਕਸਲਬਾੜੀ ਲਹਿਰ 'ਚ ਸਿਰੜ ਨਾਲ ਸ਼ਹੀਦ ਹੋਣ ਤੱਕ ਫੈਲਿਆ ਹੋਇਆ ਹੈ। ਅਕਾਲੀ ਮੋਰਚਿਆਂ 'ਚ ਵੱਧ ਚੜਕੇ ਸ਼ਾਮਲ ਹੋਣਾ, ਕਿਸਾਨ ਕਮੇਟੀਆਂ ਜੱਥੇਬੰਦ ਕਰਨ, ਜਗੀਰਦਾਰਾਂ ਤੋਂ ਜਮੀਨਾਂ ਖੋਹ ਕੇ ਲੋਕਾਂ 'ਚ ਵੰਡਣ, ਦੇਸ਼ ਦੀ ਵੰਡ ਤੋਂ ਪਹਿਲਾਂ ਭਾਰਤੀ ਪੰਜਾਬ ਆ ਕੇ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਕਿਸਾਨਾਂ ਮਜ਼ਦੂਰਾਂ ਨੂੰ ਲਾਮਬੰਦ ਕਰਨ, ਉਨ੍ਹਾਂ ਦੇ ਸੰਘਰਸ਼ਾਂ ਦੀ ਅਗਵਾਈ ਕਰਨ, ਜੇਲ੍ਹਾਂ ਕੱਟਣ, ਪੈਪਸੂ ਲਹਿਰ 'ਚ ਕੰਮ ਕਰਨ, ਖੁਸ਼ ਹੈਸੀਅਤ ਟੈਕਸ ਮੋਰਚੇ ਉੱਤੇ ਜਾਣ ਆਦਿ ਦਾ ਇਕ ਲੰਮਾ ਅਤੇ ਸੰਘਰਸ਼ਸ਼ੀਲ ਜੀਵਨ ਉਸ 75 ਸਾਲਾ ਸਿਰੜੀ ਬਜੁਰਗ ਨੇ ਆਪਣੇ ਪਿੰਡੇ ਤੇ ਹੰਢਾਇਆ। ਬਾਬਾ ਜੀ ਦਾ ਜੀਵਨ ਇਕੱਲਾ ਆਰਥਿਕ ਸਮਾਜਿਕ ਮਸਲਿਆਂ ਉਪਰ ਚੱਲੇ ਘੋਲਾਂ 'ਚ ਸ਼ਾਮਲ ਹੋਣ ਤੇ ਅਗਵਾਈ ਦੇਣ ਤੱਕ ਹੀ ਸੀਮਿਤ ਨਹੀਂ ਬਲਕਿ ਉਹ ਅਕਾਦਮਿਕ ਸਿੱਖਿਆ ਤੋਂ ਸੱਖਣੇ ਹੋਣ ਦੇ ਬਾਵਜੂਦ ਲਹਿਰ ਦੇ ਸਿਆਸੀ ਤੇ ਵਿਚਾਰਧਾਰਕ ਸਵਾਲਾਂ ਉਪਰ ਵੀ ਕਾਫੀ ਪਕੜ ਰੱਖਦੇ ਸਨ। ਜਿਸਦੀ ਇਕ ਮਿਸਾਲ 1961/62 ਦੌਰਾਨ ਸੋਧਵਾਦ ਦੀ ਪਟੜੀ ਤੇ ਚੜ੍ਹ ਚੁੱਕੀ ਸੀ. ਪੀ. ਆਈ. ਨਾਲੋਂ ਤੋੜ ਵਿਛੋੜਾ ਕਰਕੇ ਸੀ. ਪੀ. ਐਮ. ਤੇ ਬਾਅਦ ਵਿਚ ਨਕਸਲੀ ਲਹਿਰ ਵਿਚ ਕੰਮ ਕਰਨ, ਪਾਰਟੀ ਮੈਂਬਰਸ਼ਿਪ ਹਾਸਲ ਕਰਨ ਤੇ ਬਾਬਾ ਬੂਝਾ ਸਿੰਘ ਦੁਆਰਾ ਦਿੱਤੀ ਜਾਂਦੀ ਮਾਰਕਸਵਾਦੀ ਵਿੱਦਿਆ ਦੀ ਟਰੇਨਿੰਗ ਦੇ ਸਕੂਲ ਆਪਣੇ ਇਲਾਕੇ ਵਿੱਚ ਲਗਵਾਉਣ ਵਿਚ ਬਾਬਾ ਜੀ ਮੋਹਰੀ ਰਹਿੰਦੇ ਸਨ। ਉਹ ਨਕਸਲਬਾੜੀ ਨੂੰ ਲੋਕਾਂ ਦੀ ਮੁਕਤੀ ਦਾ ਅਸਲੀ ਮਾਰਗ ਮੰਨਦੇ ਸਨ। ਆਪਣੇ ਇਲਾਕੇ ਵਿਚ ਪਾਰਟੀ ਦਾ ਪ੍ਰਚਾਰ ਕਰਨ, ਗੁਪਤ ਪਾਰਟੀ ਪੋਸਟਰ ਲਗਾਉਣ ਤੇ ਨਵੇਂ ਨੌਜਵਾਨਾਂ ਨੂੰ ਇਨਕਲਾਬੀ ਸਾਹਿਤ ਦੀ ਚੇਟਕ ਲਾਉਣ ਲਈ ਹਮੇਸ਼ਾਂ ਪ੍ਰੇਰਦੇ ਰਹਿੰਦੇ ਸਨ। ਉਹ ਪਿੰਡ ਦੇ ਇਕ ਹੋਰ ਉੱਘੇ ਨਕਸਲੀ ਘੁਲਾਟੀਏ ਲਾਲ ਸਿੰਘ ਕਾਲਸਾਂ ਦੇ ਸੰਪਰਕ 'ਚ ਆ ਕੇ ਨਕਸਲੀ ਲਹਿਰ ਵਿਚ ਕੁੱਦੇ ਹੋਣ ਕਾਰਨ ਉਨ੍ਹਾਂ ਦਾ ਜਿਆਦਾ ਮਿਲਵਰਤਣ ਲਾਲ ਸਿੰਘ ਹੋਰਾਂ ਨਾਲ ਸੀ। ਪਾਰਟੀ ਦੇ ਗੁਪਤ ਟਿਕਾਣੇ ਸਥਾਪਿਤ ਕਰਨ ਅਤੇ ਬੁੱਚੜ ਪੁਲਿਸ ਅਫਸਰਾਂ ਨੂੰ ਸੋਧਣ ਵਿਚ ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਘਰ ਦੀ ਗਰੀਬੀ ਦੇ ਬਾਵਜੂਦ ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ ਨੇ ਆਪਣੀ ਸਾਰੀ ਜਿੰਦਗੀ ਕਿਰਤੀ ਲੋਕਾਂ ਦੀ ਮੁਕਤੀ ਦੇ ਮਹਾਨ ਕਾਜ਼ ਨੂੰ ਅਰਪਿਤ ਕਰ ਦਿੱਤੀ ਸੀ।

ਉਸ ਦੌਰ ਅੰਦਰ ਹਕੂਮਤੀ ਜਬਰ ਰਾਹੀਂ ਨਕਸਲਬਾੜੀ ਲਹਿਰ ਨੂੰ ਕੁਚਲਨ ਲਈ ਭਾਰਤੀ ਹਕੂਮਤ ਤੇ ਇਸਦੇ ਅੰਗ ਪੁਲਿਸ, ਫੌਜ ਤੇ ਅਦਾਲਤਾਂ ਪੂਰੀ ਤਰ੍ਹਾਂ ਪੱਬਾਂ ਭਾਰ ਸਨ। ਦੇਸ਼ ਦੇ ਕੋਨੇ ਕੋਨੇ 'ਚੋਂ ਨਕਸਲਬਾੜੀ ਲਹਿਰ ਦੇ ਕਾਰਕੁੰਨਾਂ ਨੂੰ ਕਤਲ ਕਰਨ, ਝੂਠੇ ਪੁਲਿਸ ਮੁਕਾਬਲੇ ਬਣਾਉਣ, ਜੇਲ੍ਹਾਂ ਵਿੱਚ ਗੈਰ ਕਾਨੂੰਨੀ ਢੰਗ ਨਾਲ ਬੰਦ ਕਰਨ, ਅੰਨ੍ਹਾ ਤਸ਼ੱਦਦ ਢਾਹੁਣ, ਘਰ ਪਰਿਵਾਰ ਉਜਾੜਨ ਦੀਆਂ ਖਬਰਾਂ ਅਕਸਰ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਸਨ। ਅਜਿਹੀਆਂ ਐਮਰਜੈਂਸੀ ਦੀਆਂ ਹਾਲਤਾਂ 'ਚ ਗੁਪਤਵਾਸ ਰਹਿਕੇ ਲੋਟੂ ਤੇ ਜਾਬਰ ਹਕੂਮਤ ਖਿਲਾਫ ਕਿਰਤੀ ਲੋਕਾਂ ਦੀ ਹਥਿਆਰਬੰਦ ਬਗਾਵਤ ਨੂੰ ਜੱਥੇਬੰਦ ਕਰਨਾ ਅਤਿ ਦਾ ਮੁਸ਼ਕਲ ਕੰਮ ਸੀ। ਸਿਰਾਂ ਤੇ ਕੱਫਨ ਬੰਨ੍ਹ ਕੇ ਚੱਲਣ ਬਰਾਬਰ ਸੀ। ਤੇ ਉਹਨਾਂ ਸਿਰੜੀ ਸੂਰਿਆਂ ਨੇ ਇਸ ਚੈਲਿੰਜ ਨੂੰ ਖਿੜੇਮੱਥੇ ਕਾਬੂਲ ਕੀਤਾ।


4 ਅਗਸਤ 1970 ਨੂੰ ਨਿਰੰਜਨ ਸਿੰਘ ਅਕਾਲੀ ਕਾਲਸਾਂ, ਬਾਬੂ ਸਿੰਘ ਤੇ ਦਲੀਪ ਸਿੰਘ ਨੇ ਪੁਲਿਸ ਮੁਖਬਰ ਮੇਹਰ ਸਿੰਘ ਨੂੰ ਉਸਦੀਆਂ ਲੋਕ ਵਿਰੋਧੀ ਕਰਤੂਤਾਂ ਕਰਕੇ ਮਾਰ ਦਿੱਤਾ। ਇਸ ਕਤਲ ਨੂੰ ਲੈ ਕੇ ਇਲਾਕੇ ਵਿਚ ਪੁਲਿਸ ਚੌਕਸੀ ਵਧਾ ਦਿੱਤੀ ਗਈ ਅਤੇ ਨਕਸਲੀਆਂ ਨੂੰ ਫੜਨ ਦੀ ਮੁਹਿੰਮ ਤੇਜ ਕਰ ਦਿੱਤੀ ਗਈ। ਇਸ ਕਤਲ ਤੋਂ ਕੁਝ ਦਿਨਾਂ ਬਾਅਦ ਬਾਬਾ ਜੀ ਹੁਰਾਂ ਦੇ ਇਕ ਸਾਥੀ ਜੀਤਾ ਸਿੰਘ ਵੱਲੋਂ ਮੁਖਬਰੀ ਕਰਨ ਤੇ 8 ਅਗਸਤ ਨੂੰ ਨਿਰੰਜਨ ਸਿੰਘ ਅਕਾਲੀ ਕਾਲਸਾਂ, ਬਾਬੂ ਸਿੰਘ ਤੇ ਦਲੀਪ ਸਿੰਘ ਨੂੰ ਪੁਲਿਸ ਨੇ ਪਿੰਡ ਖੁੱਡੀ ਤੋਂ ਗ੍ਰਿਫਤਾਰ ਕਰ ਲਿਆ। ਤਿੰਨਾਂ ਨਕਸਲੀ ਯੋਧਿਆ ਨੂੰ ਹੰਢਿਆਇਆ ਥਾਣੇ 'ਚ ਲਿਜਾਕੇ ਅੰਨ੍ਹਾਂ ਜਬਰ ਤਸ਼ੱਦਦ ਕੀਤਾ ਗਿਆ। ਉਨ੍ਹਾਂ ਕੋਲੋਂ ਪਾਰਟੀ ਦੇ ਗੁਪਤ ਟਿਕਾਣਿਆ, ਪਾਰਟੀ ਸਾਹਿਤ, ਪਾਰਟੀ ਸੰਪਰਕ ਅਤੇ ਦੂਸਰੇ ਨਕਸਲੀ ਸਾਥੀਆਂ ਦਾ ਭੇਦ ਦੱਸਣ ਲਈ ਤਸ਼ੱਦਦ ਕੀਤਾ ਗਿਆ। ਪਰ ਲੋਕ ਮੁਕਤੀ ਦੇ ਉਨ੍ਹਾਂ ਜੁਝਾਰੂਆਂ ਨੇ ਪਾਰਟੀ ਦਾ ਇਕ ਵੀ ਭੇਦ ਨਹੀਂ ਦੱਸਿਆ। ਅਖੀਰ ਨਾਕਾਮ ਰਹੀ ਪੁਲਿਸ ਨੇ ਕੇਂਦਰੀ ਤੇ ਸੂਬਾਈ ਹਕੂਮਤ ਦੇ ਇਸ਼ਾਰਿਆ ਤੇ ਉਨ੍ਹਾਂ ਨੂੰ ਜੀਪਾਂ ਪਿੱਛੇ ਬੰਨ੍ਹ ਕੇ ਘੜੀਸਿਆ ਅਤੇ ਅਖੀਰ ਵਾਹ ਨਾ ਚਲਦੀ ਵੇਖ ਕੇ 9 ਅਗਸਤ ਨੂੰ ਅਧਮੋਇਆਂ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਅਤੇ ਲਾਸ਼ਾਂ ਕੋਲ ਹਥਿਆਰ ਰੱਖਕੇ ਪੁਲਿਸ ਮੁਕਾਬਲੇ ਦੇ ਝੂਠੀ ਕਹਾਣੀ ਘੜੀ ਗਈ। ਪੁਲਿਸ ਦੇ ਅੜਿੱਕਾ ਡਾਹੁਣ ਤੇ ਵੀ ਸ਼ਹੀਦਾਂ ਦੇ ਨਕਸਲੀ ਸਾਥੀਆਂ ਤੇ ਇਲਾਕੇ ਦੇ ਕਿਰਤੀ ਲੋਕਾਂ ਨੇ ਜਿਨ੍ਹਾਂ ਖਾਤਰ ਉਹ ਜਿੰਦਗੀ ਵਾਰ ਗਏ ਸਨ ਨੇ ਆਪਣੇ ਮਹਿਬੂਬ ਸ਼ਹੀਦਾਂ ਨੂੰ ਪੂਰੇ ਸਨਮਾਨ ਨਾਲ ਅੰਤਿਮ ਵਿਦਾਇਗੀ ਦਿੱਤੀ।



ਅੱਜ ਅੱਧੀ ਸਦੀ ਬੀਤ ਜਾਣ ਤੇ ਵੀ ਨਕਸਲੀ ਲਹਿਰ ਦੇ ਉਹ ਸ਼ਹੀਦ ਕਿਰਤੀ ਲੋਕਾਂ ਦੇ ਦਿਲਾਂ 'ਚ, ਚੇਤਿਆਂ 'ਚ ਜਿੰਦਾ ਹਨ। ਉਹਨਾਂ ਦੀ ਵਿਚਾਰਧਾਰਾ ਅੱਜ ਵੀ ਲੱਖਾਂ ਮੁਸ਼ਕਲਾਂ ਦੇ ਬਾਵਜੂਦ ਅੱਗੇ ਵੱਧ ਰਹੀ ਹੈ। ਮੌਜੂਦਾ ਸਮੇਂ 'ਚ ਸੰਸਾਰ ਪੂੰਜੀਵਾਦੀ ਪ੍ਰਬੰਧ ਦੇ ਵੱਧ ਰਹੇ ਸੰਕਟ 'ਚ ਸੰਸਾਰ ਕਿਰਤੀ ਜਮਾਤ ਨੂੰ, ਇਸਦੀ ਵਿਚਾਰਧਾਰਾ ਤੇ ਸਿਆਸਤ ਨੂੰ ਇਕਜੁਟ ਤੇ ਲਾਮਬੰਦ ਕਰਦਿਆਂ ਉਨ੍ਹਾਂ ਨਕਸਲਬਾੜੀ ਦੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਦਿਆਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨੀ ਹਰ ਇਨਸਾਫਪਸੰਦ ਵਿਅਕਤੀ ਦਾ ਫਰਜ ਹੈ।

**ਮਨਦੀਪ**


## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ




ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੇਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉੱਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੋਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੋਂ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਊਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਸ਼ਾਂ ਤੇ ਰੇਖਾਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

### ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜ਼ਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

# ਫ਼ਰਜ਼ੀ ਖੋਜਕਾਰਜ, ਜਾਅਲੀ ਮੈਗਜ਼ੀਨ

**ਡਾ. ਅੰਮ੍ਰਿਤ**

ਕਿਸੇ ਵੀ ਵਿਗਿਆਨ ਦਾ ਇੱਕ ਬੁਨਿਆਦੀ ਥੰਮ੍ਹ ਉਸ ਵਿੱਚ ਲਗਾਤਾਰ ਹੋਣ ਵਾਲ਼ਾ ਖੋਜਕਾਰਜ ਹੁੰਦਾ ਹੈ ਜਿਸ ਵਿੱਚ ਵਿਗਿਆਨੀਆਂ ਵੱਲੋਂ ਕੀਤੇ ਜਾਂਦੇ ਤਜ਼ਰਬੇ ਤੇ ਉਹਨਾਂ ਵਿੱਚੋਂ ਕੱਢੇ ਗਏ ਸਿੱਟੇ, ਉਸ ਖੇਤਰ ਨਾਲ਼ ਸਬੰਧਤ ਅੰਕੜੇ ਤੇ ਤੱਥਾਂ ਨੂੰ ਇਕੱਠਾ ਕਰਨਾ ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰਕੇ ਕੱਢੇ ਗਏ ਨਤੀਜੇ ਸ਼ਾਮਲ ਹੁੰਦੇ ਹਨ। ਮੈਡੀਕਲ ਵਿਗਿਆਨ ਬਾਰੇ ਵੀ ਇਹ ਗੱਲ ਓਨੀ ਹੀ ਸੱਚ ਹੈ ਜਿੰਨੀ ਕਿਸੇ ਹੋਰ ਵਿਗਿਆਨ ਬਾਰੇ, ਪਰ ਹੁਣ ਮੈਡੀਕਲ ਵਿਗਿਆਨ ਦੀ ਇਸ ਬੁਨਿਆਦ ਉੱਤੇ ਹੀ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ ਅਤੇ ਇਹ ਸਵਾਲ ਕੋਈ ਬਾਹਰੀ ਵਿਅਕਤੀ ਨਹੀਂ ਸਗੋਂ ਮੈਡੀਕਲ ਵਿਗਿਆਨ ਨਾਲ਼ ਜੁੜੇ ਵਿਗਿਆਨੀ ਤੇ ਡਾਕਟਰ ਹੀ ਉਠਾ ਰਹੇ ਹਨ। 'ਲਾਂਸੇਟ' ਮੈਡੀਕਲ ਖੇਤਰ ਦਾ ਬਹੁਤ ਉੱਘਾ ਤੇ ਸਭ ਤੋਂ ਪੁਰਾਣੇ ਮੈਗਜ਼ੀਨਾਂ ਵਿੱਚੋਂ ਇੱਕ ਹੈ, ਜਿਸ ਵਿੱਚ ਛਪਣ ਵਾਲ਼ੇ ਖੋਜ-ਪੱਤਰਾਂ ਨੂੰ ਦੁਨੀਆਂ ਭਰ ਵਿੱਚ ਡਾਕਟਰ ਤੇ ਵਿਗਿਆਨੀ ਹਵਾਲਿਆਂ ਦੇ ਤੌਰ 'ਤੇ ਵਰਤਦੇ ਹਨ ਅਤੇ ਇਸ ਵਿੱਚ ਆਪਣਾ ਖੋਜ-ਪੱਤਰ ਛਪਵਾਉਣਾ ਲੋਕਾਂ ਦਾ ਸੁਪਨਾ ਹੁੰਦਾ ਹੈ। ਇਸੇ ਮੈਗਜ਼ੀਨ ਦੇ ਮੁੱਖ ਸੰਪਾਦਕ ਡਾ. ਰਿਚਰਡ ਹੌਰਟਨ (ਉਹ 1996 ਤੋਂ ਇਸ ਮੈਗਜ਼ੀਨ ਦੇ ਮੁੱਖ ਸੰਪਾਦਕ ਹਨ) ਨੇ ਇਸ ਮੈਗਜ਼ੀਨ ਦੇ ਅਪ੍ਰੈਲ ਅੰਕ ਵਿੱਚ ਮੈਡੀਕਲ ਖੋਜਕਾਰਜਾਂ ਦੀ ਪ੍ਰਮਾਣਿਕਤਾ ਉੱਤੇ ਗੰਭੀਰ ਇਤਰਾਜ਼ ਉਠਾਏ ਹਨ।

ਡਾ. ਹੌਰਟਨ ਨੇ ਸੰਪਾਦਕੀ ਵਿੱਚ ਲਿਖਿਆ ਹੈ ਵਿਗਿਆਨ ਖਿਲਾਫ਼ ਮਾਮਲਾ ਸਿੱਧਾ ਹੈ: ਵਿਗਿਆਨਕ ਲੇਖਣੀ ਦਾ ਵੱਡਾ ਹਿੱਸਾ, ਸ਼ਾਇਦ ਅੱਧਾ, ਹੋ ਸਕਦਾ ਹੈ ਕਿ ਸੱਚਾ ਨਾ ਹੋਵੇ। ਵਿਗਿਆਨ ਨੂੰ ਨਾਕਾਫ਼ੀ ਸੈਂਪਲ, ਮਾਮੂਲੀ ਫਾਇਦਿਆਂ, ਗਲਤ ਵਿਸ਼ਲੇਸ਼ਣ ਢੰਗਾਂ ਅਤੇ ਹਿਤਾਂ ਦੇ ਟਕਰਾਅ ਨਾਲ਼ ਗ੍ਰਸਤ ਅਧਿਐਨ ਤੇ ਨਾਲ਼ ਹੀ ਸ਼ੱਕੀ ਅਹਿਮੀਅਤ ਵਾਲ਼ੇ ਫੈਸ਼ਨੇਬਲ ਰੁਝਾਨਾਂ ਪਿੱਛੇ ਭੱਜਣ ਦਾ ਖਬਤ ਚਿੰਬੜੇ ਹੋਏ ਹਨ ਅਤੇ ਵਿਗਿਆਨ ਹਨੇਰੇ ਵੱਲ ਮੋੜ ਕੱਟ ਗਿਆ ਹੈ। ਸੰਪਾਦਕੀ ਵਿੱਚ ਡਾਕਟਰ ਹੌਰਟਨ ਨੇ ਇੱਥੋਂ ਤੱਕ ਕਿਹਾ ਹੈ ਕਿ ਵੱਖ-ਵੱਖ ਮੈਗਜ਼ੀਨਾਂ ਦਾ ਸੰਪਾਦਕੀ ਅਮਲਾ ਅਜਿਹੇ ਖੋਜ-ਕਾਰਜ ਨੂੰ ਰੋਕਣ ਦੀ ਥਾਂ ਉਸਦੇ ਫੈਲਣ ਵਿੱਚ ਯੋਗਦਾਨ ਪਾਉਂਦਾ ਹੈ, ਨਾ ਸਿਰਫ ਮੈਗਜ਼ੀਨ ਸਗੋਂ ਯੂਨੀਵਰਸਿਟੀਆਂ/ਕਾਲਜ ਦਾ ਮਾਹੌਲ ਵੀ ਇਸ ਰੁਝਾਨ ਨੂੰ ਉਤਸ਼ਾਹਿਤ ਕਰਦੇ ਹਨ। ਕੁਝ ਇਹੋ ਜਿਹੇ ਵਿਚਾਰ ਹੀ ਇੱਕ ਹੋਰ ਬਹੁਤ ਉੱਘੇ ਮੈਡੀਕਲ ਮੈਗਜ਼ੀਨ 'ਨਿਊ ਇੰਗਲੈਂਡ ਮੈਡੀਕਲ ਜਰਨਲ ਦੀ ਸੰਪਾਦਕ ਡਾ.ਮਾਰਸਿਆ ਐਂਜਲ ਦੇ ਹਨ। ਉਹਨਾਂ ਅਨੁਸਾਰ - ਜਿਹੜੀ ਮੈਡੀਕਲ ਖੋਜ ਪ੍ਰਕਾਸ਼ਿਤ ਹੋ ਰਹੀ ਹੈ ਉਸ ਉੱਤੇ ਯਕੀਨ ਕਰਨਾ ਹੁਣ ਸੰਭਵ ਨਹੀਂ ਰਿਹਾ, ਨਾ ਹੀ ਭਰੋਸੇਯੋਗ ਡਾਕਟਰਾਂ ਦੀਆਂ ਕਹੀਆਂ ਗੱਲਾਂ ਜਾਂ ਅਧਿਕਾਰਤ ਮੈਡੀਕਲ ਦਿਸ਼ਾ-ਨਿਰਦੇਸ਼ਾਂ ਉੱਤੇ ਨਿਰਭਰ ਹੋਇਆ ਜਾ ਸਕਦਾ ਹੈ। ਮੈਨੂੰ ਇਹ ਸਿੱਟਾ ਕੱਢਦੇ ਹੋਏ ਕੋਈ ਖੁਸ਼ੀ ਨਹੀਂ ਹੋ ਰਹੀ ਜਿਸ ਉੱਤੇ ਮੈਂ 'ਨਿਊ ਇੰਗਲੈਂਡ ਜਰਨਲ ਆਫ਼ ਮੈਡੀਸਨ' ਦੇ ਸੰਪਾਦਕ ਵਜੋਂ ਕੰਮ ਕਰਦੇ ਹੋਏ ਹੌਲ਼ੀ-ਹੌਲ਼ੀ ਤੇ ਬੜੇ ਅਣਮੰਨੇ ਮਨ ਨਾਲ਼ ਪਹੁੰਚੀ ਹਾਂ।

ਗੈਰ-ਭਰੋਸੇਯੋਗ ਤੇ ਫ਼ਰਜ਼ੀ ਖੋਜ-ਪੱਤਰ ਨਾ ਸਿਰਫ਼ ਮਸ਼ਹੂਰ ਮੈਡੀਕਲ ਮੈਗਜ਼ੀਨਾਂ ਵਿੱਚ ਛਪਦੇ ਹਨ, ਸਗੋਂ ਇਸ ਤੋਂ ਵੀ ਅੱਗੇ ਫ਼ਰਜ਼ੀ ਮੈਗਜ਼ੀਨਾਂ ਦਾ ਇੱਕ ਵੱਡਾ ਧੰਦਾ ਹੈ। ਇਹ ਫ਼ਰਜ਼ੀ ਮੈਗਜ਼ੀਨ ਹਰ ਪੱਖੋਂ ਖਰੇ ਮੈਡੀਕਲ ਮੈਗਜ਼ੀਨ ਲੱਗਦੇ ਹਨ ਤੇ ਇਹਨਾਂ ਦੇ ਫ਼ਰਜ਼ੀ ਹੋਣ ਬਾਰੇ ਉਸ ਖੇਤਰ ਦਾ ਬਹੁਤ ਜਾਣੂ ਵਿਅਕਤੀ ਹੀ ਦੱਸ ਸਕਦਾ ਹੈ। ਜੈਫਰੀ ਬੇਅਲ ਜੋ ਅਮਰੀਕਾ ਦੇ ਇੱਕ ਅਕਾਦਮਿਕ ਲਾਇਬ੍ਰੇਰੀਅਨ ਹਨ, ਨੇ ਅਜਿਹੇ ਫ਼ਰਜ਼ੀ ਮੈਡੀਕਲ ਮੈਗਜ਼ੀਨਾਂ ਦੀ ਸੂਚੀ ਤਿਆਰ ਕੀਤੀ ਹੈ ਜਿਸ ਵਿੱਚ ਉਹ 1300 ਤੋਂ ਉੱਪਰ ਨਾਮ ਦਰਜ ਕਰ ਚੁੱਕੇ ਹਨ। ਕੁਝ ਮਹੀਨੇ ਪਹਿਲਾਂ ਹਾਰਵਰਡ ਯੂਨੀਵਰਸਿਟੀ ਦੇ ਸਕਾਲਰ ਮਾਰਕ ਸ਼੍ਰਿਮ ਨੇ ਕੈਂਸਰ ਦੇ ਇਲਾਜ ਵਿੱਚ ਭੋਜਨ ਦੀ ਭੂਮਿਕਾ ਸਬੰਧੀ ਇੱਕ ਫ਼ਰਜ਼ੀ ਖੋਜ-ਪੱਤਰ ਤਿਆਰ ਕਰਕੇ 37 ਮੈਡੀਕਲ ਮੈਗਜ਼ੀਨਾਂ ਨੂੰ ਭੇਜਿਆ ਜਿਸ ਵਿੱਚੋਂ 17 ਨੇ ਉਸਦਾ ਖੋਜ-ਪੱਤਰ ਪ੍ਰਵਾਨ ਕਰ ਲਿਆ। ਇੱਕ ਹੋਰ ਖੋਜਾਰਥੀ ਜੌਹਨ ਬੋਹਾਨਨ ਨੇ ਇਸੇ ਤਰ੍ਹਾਂ ਦਾ ਤਜ਼ਰਬਾ ਕੀਤਾ ਹੈ ਤੇ ਉਸਦੇ ਨਤੀਜੇ ਵੀ ਇਹੋ-ਜਿਹੇ ਹੀ ਹਨ। ਇਹ ਫ਼ਰਜ਼ੀ ਮੈਗਜ਼ੀਨ ਖੋਜਾਰਥੀਆਂ/ਵਿਗਿਆਨੀਆਂ ਨੂੰ ਈਮੇਲ ਦੇ ਮਾਧਿਅਮ ਨਾਲ਼ ਸੰਪਰਕ ਕਰਦੇ ਹਨ ਅਤੇ ਕੁਝ ਪੈਸਿਆਂ ਬਦਲੇ ਖੋਜ-ਪੱਤਰ ਛਾਪਣ ਦਾ ਲਾਲਚ ਦਿੰਦੇ ਹਨ। ਬਹੁਤ ਸਾਰੇ ਖੋਜਾਰਥੀ/ਵਿਗਿਆਨੀ ਜਿਹੜੇ ਆਪਣੇ ਖੋਜ-ਪੱਤਰ ਕਿਸੇ ਹੋਰ ਮੈਗਜ਼ੀਨ ਵਿੱਚ ਨਹੀਂ ਛਪਾ ਸਕੇ ਹੁੰਦੇ, ਉਹ ਇਹਨਾਂ ਮੈਗਜ਼ੀਨਾਂ ਦੇ ਜਾਲ਼ ਵਿੱਚ ਫਸ ਜਾਂਦੇ ਹਨ। ਫਾਇਦਾ ਦੋਵਾਂ ਧਿਰਾਂ ਦਾ ਹੁੰਦਾ ਹੈ, ਮੈਗਜ਼ੀਨ ਵਾਲ਼ੇ ਪੈਸੇ ਕਮਾਉਂਦੇ ਹਨ ਤੇ ਵਿਗਿਆਨੀ ਦਾ ਖੋਜ-ਪੱਤਰ ਛਪ ਜਾਂਦਾ ਹੈ। ਫਿਰ ਇਹਨਾਂ ਖੋਜ-ਪੱਤਰਾਂ ਦੇ ਹਵਾਲੇ ਉਸ ਖੇਤਰ ਦੇ ਹੋਰ ਖੋਜਾਰਥੀ ਆਪਣੇ ਖੋਜ-ਕਾਰਜਾਂ ਵਿੱਚ ਦਿੰਦੇ ਹਨ ਜਦਕਿ ਅਜਿਹੇ ਖੋਜ-ਪੱਤਰ ਅਕਸਰ ਫ਼ਰਜ਼ੀ ਹੁੰਦੇ ਹਨ ਜਾਂ ਫਿਰ ਪੂਰੀ ਤਰ੍ਹਾਂ ਠੀਕ ਨਹੀਂ ਹੁੰਦੇ। ਇਹਨਾਂ ਫ਼ਰਜ਼ੀ ਮੈਗਜ਼ੀਨਾਂ ਪਿੱਛੇ ਦਵਾ-ਕੰਪਨੀਆਂ ਤੇ ਮੈਡੀਕਲ ਖੇਤਰ ਜੁੜੀਆਂ ਹੋਰ ਕੰਪਨੀਆਂ ਵੀ ਹੁੰਦੀਆਂ ਹਨ ਜਿਹੜੀਆਂ ਆਪਣੀਆਂ ਦਵਾਈਆਂ ਤੇ ਹੋਰ ਉਤਪਾਦ ਵੇਚਣ ਲਈ ਇਹਨਾਂ ਫ਼ਰਜ਼ੀ ਮੈਗਜ਼ੀਨਾਂ ਵਿੱਚ ਛਪੇ ਫ਼ਰਜ਼ੀ ਖੋਜ-ਪੱਤਰਾਂ ਨੂੰ ਪ੍ਰਚਾਰ ਲਈ ਵਰਤਦੀਆਂ ਹਨ।

ਇਸ ਫ਼ਰਜ਼ੀ ਖੋਜ-ਕਾਰਜ ਦਾ ਨੁਕਸਾਨ ਵਿਗਿਆਨ ਤੇ ਆਮ ਲੋਕਾਂ ਨੂੰ ਬਰਾਬਰ ਭੁਗਤਣਾ ਪੈਂਦਾ ਹੈ। ਅਖ਼ਬਾਰਾਂ ਵਿੱਚ ਅਕਸਰ ਇਸ ਜਾਂ ਉਸ ਅਧਿਐਨ ਦੇ ਹਵਾਲੇ ਨਾਲ਼ ਕੋਈ ਚੀਜ਼ ਖਾਣ ਜਾਂ ਨਾ ਖਾਣ ਅਤੇ ਹੋਰ ਕਈ ਤਰ੍ਹਾਂ ਦੀਆਂ ਸਿਹਤ ਸਬੰਧੀ ਖਬਰਾਂ ਛਪਦੀਆਂ ਰਹਿੰਦੀਆਂ ਹਨ ਪਰ ਇਹਨਾਂ ਅਧਿਐਨਾਂ ਦਾ ਸਹੀ ਹੋਣਾ ਸ਼ੱਕ ਦੇ ਘੇਰੇ ਵਿੱਚ ਹੁੰਦਾ ਹੈ, ਅਕਸਰ ਅਜਿਹੇ ਅਧਿਐਨ ਫ਼ਰਜ਼ੀ ਹੁੰਦੇ ਹਨ ਅਤੇ ਮੈਡੀਕਲ ਵਿਗਿਆਨ ਦੇ ਉਲ਼ਟ ਹੁੰਦੇ ਹਨ। ਅਜਿਹੇ ਅਧਿਐਨ ਸਿਰਫ ਕਿਸੇ ਚੀਜ਼ ਦੀ ਵਿੱਕਰੀ ਵਧਾਉਣ ਦੇ ਮਨਸ਼ੇ ਨਾਲ਼ ਕਰਵਾਏ ਜਾਂਦੇ ਹਨ, ਕਿਉਂਕਿ ਅਜਿਹੇ ਅਧਿਐਨਾਂ ਦਾ ਉੱਘੇ ਤੇ ਜਾਣੇ-ਪਛਾਣੇ ਮੈਗਜ਼ੀਨਾਂ ਵਿੱਚ ਛਪ ਸਕਣਾ ਔਖਾ ਹੁੰਦਾ ਹੈ, ਇਸ ਲਈ ਇਹਨਾਂ ਨੂੰ ਅਜਿਹੇ ਜਾਅਲੀ ਮੈਗਜ਼ੀਨਾਂ ਵਿੱਚ ਛਪਵਾ ਲਿਆ ਜਾਂਦਾ ਹੈ ਅਤੇ ਫਿਰ ਉਸ ਦੇ ਅਧਾਰ ਉੱਤੇ ਪ੍ਰਚਾਰਿਆ ਜਾਂਦਾ ਹੈ। ਰੈੱਡ ਵਾਈਨ ਪੀਣ ਨਾਲ਼ ਮੋਟਾਪਾ ਦੂਰ ਹੋਣ ਦਾ ਰੌਲ਼ਾ ਪੈਂਦਾ ਰਿਹਾ ਹੈ, ਜਿਸ ਲਈ ਕਈ ਅਧਿਐਨਾਂ ਦੇ ਹਵਾਲੇ ਦਿੱਤੇ ਗਏ ਜਦਕਿ ਸਿਹਤ-ਵਿਗਿਆਨੀ ਇਸ ਨੂੰ ਗਲਤ ਪ੍ਰਚਾਰ ਦੱਸ ਰਹੇ ਸਨ। ਚਾਕਲੇਟ ਖਾ ਕੇ ਭਾਰ ਘਟਣ ਤੇ ਹੋਰ ਵੀ ਕਈ ਫਾਇਦੇ ਹੋਣ ਦੀਆਂ ਖ਼ਬਰਾਂ ਅਕਸਰ ਛਪਦੀਆਂ/ਪ੍ਰਸਾਰਤ ਹੁੰਦੀਆਂ ਰਹਿੰਦੀਆਂ ਹਨ ਪਰ ਇਹਨਾਂ ਖ਼ਬਰਾਂ ਦਾ ਅਧਾਰ ਵੀ ਆਮ ਕਰਕੇ ਇਹੀ ਫ਼ਰਜ਼ੀ ਖੋਜ-ਕਾਰਜ ਹੁੰਦਾ ਹੈ। ਅਖ਼ਬਾਰਾਂ/ਰਸਾਲਿਆਂ ਰਾਹੀਂ ਤਾਂ ਅਜਿਹਾ




ਖੋਜ-ਕਾਰਜ ਲੋਕਾਂ ਦਾ ਨੁਕਸਾਨ ਕਰਦਾ ਹੀ ਹੈ, ਫ਼ਰਜ਼ੀ ਖੋਜ-ਕਾਰਜ ਸਿਹਤ-ਵਿਗਿਆਨ ਨੂੰ ਬੇਹੱਦ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਵੱਖ-ਵੱਖ ਬਿਮਾਰੀਆਂ ਦੀ ਪਛਾਣ ਲਈ, ਉਹਨਾਂ ਦੇ ਇਲਾਜ ਲਈ ਤੇ ਇਲਾਜ ਦੌਰਾਨ ਬਿਮਾਰੀ ਦੇ ਰੁਖ਼ ਨੂੰ ਦੇਖਣ ਲਈ ਕਈ ਪੈਮਾਨੇ ਬਣਾਏ ਜਾਂਦੇ ਹਨ, ਇਲਾਜ ਲਈ ਦਵਾਈਆਂ ਤੈਅ ਹੁੰਦੀਆਂ ਹਨ ਅਤੇ ਇਹ ਸਭ ਕੁਝ ਸਿਹਤ-ਵਿਗਿਆਨ ਵਿੱਚ ਹੁੰਦੇ ਖੋਜ-ਕਾਰਜ ਦੇ ਅਧਾਰ ਉੱਤੇ ਹੀ ਹੁੰਦਾ ਹੈ। ਹੁਣ ਜੇ ਖੋਜ-ਕਾਰਜ ਹੀ ਫ਼ਰਜ਼ੀ ਹੈ ਤਾਂ ਇਹਨਾਂ ਪੈਮਾਨਿਆਂ ਦਾ ਕੀ ਬਣਦਾ ਹੋਵੇਗਾ, ਇਹ ਤਾਂ ਅਸੀਂ ਸਹਿਜੇ ਹੀ ਸੋਚ ਸਕਦੇ ਹਾਂ। ਇਸ ਦਾ ਖਮਿਆਜ਼ਾ ਫਿਰ ਮਰੀਜ਼ਾਂ ਨੂੰ ਭੁਗਤਣਾ ਪੈਂਦਾ ਹੈ। ਤੀਸਰਾ, ਵਿਗਿਆਨ ਦਾ ਅਗਲੇਰਾ ਵਿਕਾਸ ਉਸਦੇ ਹੁਣ ਤੱਕ ਹੋਏ ਵਿਕਾਸ ਤੇ ਖੋਜ-ਕੰਮ ਉੱਤੇ ਟਿਕਿਆ ਹੁੰਦਾ ਹੈ। ਇੱਕ ਗਲਤ ਖੋਜ ਕਿਸੇ ਖੋਜ-ਕਾਰਜ ਨੂੰ, ਜਿਹੜਾ ਉਸਨੂੰ ਬੁਨਿਆਦ ਬਣਾ ਕੇ ਚੱਲਦਾ ਹੈ, ਉੱਕਾ ਹੀ ਗਲਤ ਰਸਤੇ ਲਿਜਾ ਸਕਦਾ ਹੈ ਜਿਸ ਦਾ ਨੁਕਸਾਨ ਸਾਧਨਾਂ ਦੀ ਬਰਬਾਦੀ (ਜੇ ਗਲਤ ਨਤੀਜਿਆਂ ਦਾ ਪਤਾ ਲੱਗ ਗਿਆ) ਵਿੱਚ ਨਿੱਕਲ਼ਦਾ ਹੈ ਅਤੇ ਜੇ ਬੁਨਿਆਦੀ ਗਲਤੀ ਦਾ ਪਤਾ ਹੀ ਨਾ ਲੱਗ ਸਕਿਆ ਤਾਂ ਉਸ ਤੋਂ ਨਿੱਕਲਣ ਵਾਲ਼ੇ ਗਲਤ ਸਿੱਟਿਆਂ ਦਾ ਨਤੀਜਾ ਵਿਗਿਆਨ ਤੇ ਵਿਗਿਆਨੀ ਨੂੰ ਭੁਗਤਣਾ ਪੈਣਾ ਹੈ।

ਜਿਵੇਂ ਕਿ ਅਸੀਂ ਦੇਖਿਆ ਹੈ, ਖੋਜ-ਕਾਰਜ ਦਾ ਖਰਾ ਹੋਣਾ ਮੈਡੀਕਲ ਵਿਗਿਆਨ ਦੇ ਖੇਤਰ ਵਿੱਚ ਕਿੰਨਾ ਜ਼ਰੂਰੀ ਹੈ ਕਿਉਂਕਿ ਇਹ ਖੇਤਰ ਸਿੱਧਾ ਮਨੁੱਖੀ ਜਾਨਾਂ ਨਾਲ਼ ਜੁੜਿਆ ਹੋਇਆ ਹੈ, ਪਰ ਤਾਂ ਵੀ ਫ਼ਰਜ਼ੀ ਖੋਜ-ਕਾਰਜ ਦਾ ਗੋਰਖ-ਧੰਦਾ ਨਾ ਸਿਰਫ ਧੜੱਲੇ ਨਾਲ਼ ਚੱਲ ਰਿਹਾ ਹੈ, ਸਗੋਂ ਵਧ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿੱਚ ਇਸ ਵਿੱਚ ਤਿੱਖਾ ਵਾਧਾ ਹੋਇਆ ਹੈ। ਡਾ. ਹੌਰਟਨ ਇਸ ਫ਼ਰਜ਼ੀ ਤੇ ਗੈਰ-ਭਰੋਸੇਯੋਗ ਖੋਜ-ਕਾਰਜ ਪਿੱਛੇ ਕੰਮ ਕਰਦੇ ਕਈ ਕਾਰਨ ਗਿਣਾਉਂਦੇ ਹਨ। ਲੋਕ ਮਸ਼ਹੂਰ ਮੈਗਜ਼ੀਨਾਂ ਵਿੱਚ ਛਪਣ ਲਈ ਹੋੜ੍ਹ ਵਿੱਚ ਹਨ, ਖੋਜ-ਕਾਰਜ ਵਿੱਚੋਂ ਸਿੱਟੇ ਕੱਢਣ ਦਾ ਤਰੀਕਾ ਤਸੱਲੀਬਖਸ਼ ਨਹੀਂ ਹੈ, ਵਿਗਿਆਨੀ ਪਹਿਲੋਂ ਤੈਅ ਕੀਤੇ ਨਤੀਜਿਆਂ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਖੋਜ-ਕਾਰਜ ਨੂੰ ਡੀਜ਼ਾਇਨ ਕਰਦੇ ਹਨ, ਮੈਗਜ਼ੀਨਾਂ ਦੇ ਸੰਪਾਦਕਾਂ ਤੇ ਮੈਡੀਕਲ ਵਿੱਦਿਅਕ ਸੰਸਥਾਵਾਂ ਵੱਲੋਂ ਅਜਿਹੇ ਖੋਜ-ਕਾਰਜ ਨੂੰ ਉਤਸ਼ਾਹਤ ਕਰਨ ਦੀ ਗੱਲ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ। ਇਹਨਾਂ ਕਾਰਨਾਂ ਦੀ ਚਰਚਾ ਕਰਦੇ-ਕਰਦੇ ਉਹ ਅਸਲੀ ਕਾਰਨ ਵੱਲ ਇਸ਼ਾਰਾ ਕਰ ਜਾਂਦੇ ਹਨ (ਭਾਵੇਂ ਉਹ ਖੁੱਲ੍ਹ ਕੇ ਨਹੀਂ ਕਹਿੰਦੇ), ਵਿਗਿਆਨੀਆਂ ਨੂੰ ਇਸ ਲਈ ਪੈਸੇ ਨਹੀਂ ਮਿਲ਼ਦੇ ਕਿ ਉਹ ਸਹੀ ਖੋਜ ਕਰਨ, ਸਗੋਂ ਇਸ ਲਈ ਪੈਸਾ ਮਿਲ਼ਦਾ ਹੈ ਕਿ ਉਹ ਕਿੰਨਾ ਲਾਭ ਕਮਾ ਕੇ ਦਿੰਦੇ ਹਨ। ਸੁਭਾਵਿਕ ਹੈ ਕਿ ਉਹ ਇੱਕ ਡਾਕਟਰ ਹਨ, ਇੱਕ ਵਿਸ਼ੇਸ਼ ਖੇਤਰ ਨਾਲ਼ ਜੁੜੇ ਤੇ ਬਾਕੀਆਂ ਖੇਤਰਾਂ ਖਾਸ ਕਰਕੇ ਸਮਾਜ-ਵਿਗਿਆਨਾਂ ਨਾਲ਼ੋਂ ਟੁੱਟੇ ਹੋਣ ਕਰਕੇ ਉਹ ਇਸ ਸਭ ਕੁਝ ਦੇ ਹੱਲ ਦੀ ਚਰਚਾ ਕਰਦੇ ਹੋਏ ਬਹੁਤੇ ਸੁਝਾਅ ਨਹੀਂ ਦੱਸਦੇ, ਸਿਵਾਏ ਇਸਦੇ ਕਿ ਖੋਜ-ਕਾਰਜ ਦੇ ਸਿੱਟੇ ਕੱਢਣ ਦੇ ਤਰੀਕਿਆਂ ਨੂੰ ਹੋਰ ਬਿਹਤਰ ਕਰਨਾ ਚਾਹੀਦਾ ਹੈ ਤੇ ਖੋਜ-ਕਾਰਜਾਂ ਦੀ ਹੋਰ ਚੰਗੀ ਤਰ੍ਹਾਂ ਜਾਂਚ-ਪੜਤਾਲ ਦੇ ਢੰਗ-ਤਰੀਕੇ ਵਿਕਸਤ ਕਰਨੇ ਚਾਹੀਦੇ ਹਨ।

ਇਹ ਠੀਕ ਹੈ ਕਿ ਖੋਜ-ਕਾਰਜਾਂ ਦੀ ਜਾਂਚ-ਪੜਤਾਲ਼ ਚੰਗੀ ਤਰ੍ਹਾਂ ਨਾ ਹੋਣਾ ਵੀ ਫ਼ਰਜ਼ੀ ਖੋਜ-ਕਾਰਜਾਂ ਦੇ ਵਾਧੇ ਪਿੱਛੇ ਇੱਕ ਕਾਰਨ ਹੈ ਪਰ ਇਹ ਸਮੁੱਚ ਨਹੀਂ ਹੈ, ਸਗੋਂ ਅੰਸ਼ ਹੈ। ਅਸਲ ਕਾਰਨ ਮੁਨਾਫ਼ੇ ਉੱਤੇ ਟਿਕਿਆ ਢਾਂਚਾ ਹੈ। ਇੱਥੇ ਹਰ ਵਿਅਕਤੀ ਦੂਜੇ ਵਿਅਕਤੀ ਨੂੰ ਦਰੜ ਕੇ ਅੱਗੇ ਲੰਘਣਾ ਚਾਹੁੰਦਾ ਹੈ, ਇਹ ਵਿਅਕਤੀ ਦੀ ਚੋਣ ਨਹੀਂ ਹੈ ਸਗੋਂ ਉਸ ਉੱਤੇ ਥੋਪਿਆ ਹੋਇਆ ਹੈ ਜਿਸ ਤੋਂ ਉਹ ਬਚ ਨਹੀਂ ਸਕਦਾ। ਕਿਸੇ ਵਿਗਿਆਨੀ ਜਾਂ ਡਾਕਟਰ ਨੇ ਕਿਸੇ ਖੋਜ-ਕੇਂਦਰ ਜਾਂ ਯੂਨੀਵਰਸਿਟੀ ਵਿੱਚ ਪਹੁੰਚਣਾ ਹੈ ਤਾਂ ਉਸ ਉੱਤੇ ਵਿੱਦਿਅਕ ਪੈਮਾਨਿਆਂ ਉੱਤੇ ਖਰੇ ਉੱਤਰਨ ਦਾ ਦਬਾਅ ਹੈ। ਇਹਨਾਂ ਵਿੱਦਿਅਕ ਪੈਮਾਨਿਆਂ ਵਿੱਚ ਛਪ ਚੁੱਕੇ ਖੋਜ-ਪੱਤਰਾਂ ਦੀ ਗਿਣਤੀ ਵੀ ਹੁੰਦੀ ਹੈ, ਜਿੰਨਾ ਮਸ਼ਹੂਰ ਕੋਈ ਖੋਜ-ਕੇਂਦਰ ਜਾਂ ਯੂਨੀਵਰਸਿਟੀ ਹੁੰਦੀ ਹੈ, ਓਨਾ ਹੀ ਵਧੇਰੇ ਉਹਨਾਂ ਵੱਲੋਂ ਛਪ ਚੁੱਕੇ ਖੋਜ-ਪੱਤਰਾਂ ਦੀ ਗਿਣਤੀ ਮੰਗੀ ਜਾਂਦੀ ਹੈ। ਇਸ ਪੈਮਾਨੇ ਨੂੰ ਵੱਧ ਤੋਂ ਵੱਧ ਆਪਣੇ ਪੱਖ ਵਿੱਚ ਵਰਤਣ ਲਈ ਵਿਗਿਆਨੀਆਂ/ਡਾਕਟਰਾਂ ਵਿੱਚ ਹੋੜ੍ਹ ਲੱਗੀ ਰਹਿੰਦੀ ਹੈ, ਭਾਵ ਖੋਜ-ਕਾਰਜ ਦਾ ਮਕਸਦ ਖੋਜ ਨਹੀਂ ਸਗੋਂ ਚੰਗਾ ਕੈਰੀਅਰ, ਚੰਗੀ ਨੌਕਰੀ ਹੁੰਦਾ ਹੈ। ਇਸ ਤੋਂ ਇਲਾਵਾ ਅੱਜਕੱਲ੍ਹ ਮੈਡੀਕਲ ਖੇਤਰ ਵਿੱਚ ਖੋਜ-ਪੱਤਰ ਛਪਵਾਉਣਾ ਇੱਕ ਸਟੇਟਸ ਸਿੰਬਲ, ਇੱਕ ਫੈਸ਼ਨ ਬਣਿਆ ਹੋਇਆ ਹੈ, ਜਿਸ ਕਾਰਨ ਹਰ ਕੋਈ ਖੋਜ-ਪੱਤਰ ਛਪਵਾਉਣ ਦੇ ਜੋੜ-ਤੋੜ ਵਿੱਚ ਲੱਗਿਆ ਰਹਿੰਦਾ ਹੈ। ਅਜਿਹੇ ਵਿਗਿਆਨੀ/ਡਾਕਟਰ ਫ਼ਰਜ਼ੀ ਮੈਗਜ਼ੀਨਾਂ ਲਈ ਅਸਾਨ ਸ਼ਿਕਾਰ ਹੁੰਦੇ ਹਨ। ਦੂਸਰਾ, ਬਹੁਤਾ ਖੋਜ-ਕਾਰਜ ਹੁਣ ਦਵਾ-ਕੰਪਨੀਆਂ ਤੇ ਮੈਡੀਕਲ ਖੇਤਰ ਨਾਲ਼ ਜੁੜੀਆਂ ਦੂਜੀਆਂ ਕੰਪਨੀਆਂ ਦੇ ਹੱਥ ਵਿੱਚ ਆ ਚੁੱਕਾ ਹੈ ਅਤੇ ਇਹ ਕੰਪਨੀਆਂ ਖੋਜ-ਕਾਰਜ ਨੂੰ ਮਨੁੱਖਤਾ ਦੇ ਫਾਇਦੇ ਲਈ, ਵਿਗਿਆਨ ਨੂੰ ਅੱਗੇ ਵਧਾਉਣ ਲਈ ਨਹੀਂ ਸਗੋਂ ਆਪਣਾ ਮੁਨਾਫ਼ਾ ਵਧਾਉਣ ਲਈ ਵਰਤਦੀਆਂ ਹਨ। ਡਾ. ਹੌਰਟਨ ਦਾ ਇਸ਼ਾਰਾ ਇਸ ਵੱਲ ਹੀ ਸੀ ਜਦੋਂ ਉਹ ਕਹਿੰਦੇ ਹਨ ਕਿ ਵਿਗਿਆਨੀਆਂ ਨੂੰ ਇਸ ਲਈ ਪੈਸੇ ਨਹੀਂ ਮਿਲ਼ਦੇ ਕਿ ਉਹ ਸਹੀ ਖੋਜ ਕਰਨ, ਸਗੋਂ ਇਸ ਲਈ ਪੈਸਾ ਮਿਲ਼ਦਾ ਹੈ ਕਿ ਉਹ ਕਿੰਨਾ ਲਾਭ ਕਮਾ ਕੇ ਦਿੰਦੇ ਹਨ। ਵਿਗਿਆਨੀ ਵਿਗਿਆਨ ਲਈ ਨਹੀਂ, ਸਗੋਂ ਕੰਪਨੀ ਲਈ ਕੰਮ ਕਰਦਾ ਹੈ ਅਤੇ ਕੰਪਨੀ ਉਸ ਨੂੰ ਉਸਦੀ ਖੋਜ ਲਈ ਨਹੀਂ, ਉਸਦੀ ਮੁਨਾਫ਼ਾ ਵਧਾਉਣ ਵਿੱਚ ਭੂਮਿਕਾ ਲਈ ਪੈਸਾ ਦਿੰਦੀ ਹੈ। ਅਜਿਹੇ ਵਿੱਚ ਵਿਗਿਆਨੀ ਨੇ ਕੰਪਨੀ ਵੱਲੋਂ ਲਾਂਚ ਕੀਤੀ ਜਾਣ ਵਾਲ਼ੀ ਦਵਾਈ ਦੇ ਪੱਖ ਵਿੱਚ ਖੋਜ-ਪੱਤਰ ਲਿਖਣੇ ਹੁੰਦੇ ਹਨ ਨਾ ਕਿ ਅਸਲ ਸਥਿਤੀ ਸਪੱਸ਼ਟ ਕਰਨ ਲਈ। ਦਵਾਈਆਂ ਦੀ ਖੋਜ ਵੀ ਉਸ ਨੇ ਇਸ ਲਈ ਕਰਨੀ ਹੁੰਦੀ ਹੈ ਕਿ ਕੰਪਨੀ ਦਾ ਮੁਨਾਫ਼ਾ ਵਧੇ, ਨਾ ਕਿ ਇਸ ਲਈ ਕਿ ਮਨੁੱਖਤਾ ਨੂੰ ਵਾਕਈ ਉਸ ਨਵੀਂ ਦਵਾਈ ਦੀ ਕੋਈ ਲੋੜ ਹੈ। ਇਸ ਤਰ੍ਹਾਂ ਖੋਜ-ਕਾਰਜ ਪੂਰੀ ਤਰ੍ਹਾਂ ਨਿੱਜੀ ਮੁਨਾਫ਼ੇ ਦੀ ਜਕੜ ਵਿੱਚ ਆ ਚੁੱਕਾ ਹੈ ਅਤੇ ਬਹੁਤ ਥੋੜ੍ਹੇ ਲੋਕੀਂ ਹਨ ਜਿਹੜੇ ਇਸ ਜਕੜ ਨੂੰ ਤੋੜ ਕੇ ਵਿਗਿਆਨ ਲਈ ਸੱਚਮੁੱਚ ਕੰਮ ਕਰ ਪਾਉਂਦੇ ਹਨ। ਸਿਨਕਲੇਅਰ ਲੂਈਸ ਦੇ ਨਾਵਲ ਐਰੋਸਮਿੱਥ ਵਿੱਚ ਅਜਿਹੇ ਮੈਡੀਕਲ ਖੋਜ-ਕਾਰਜ ਦਾ ਬਹੁਤ ਸ਼ਾਨਦਾਰ ਚਿਤਰਣ ਹੈ, ਭਾਵੇਂ ਇਹ ਨਾਵਲ ਲਿਖੇ ਨੂੰ ਇੱਕ ਸਦੀ ਹੋ ਚੁੱਕੀ ਹੈ ਪਰ ਹਾਲਤ ਉਸ ਨਾਲ਼ੋਂ ਸੁਧਰੇ ਨਹੀਂ ਹਨ ਸਗੋਂ ਵਿਗੜੇ ਹੀ ਹਨ। ਇਹ ਠੀਕ ਹੈ ਕਿ ਜਾਂਚ-ਪੜਤਾਲ਼ ਹੋਰ ਚੰਗੀ ਤਰ੍ਹਾਂ ਹੋਣੀ ਚਾਹੀਦੀ ਹੈ ਪਰ ਇਸ ਨਾਲ਼ ਵੀ ਸਮੱਸਿਆ ਹੱਲ ਹੋਣ ਦੀ ਸੰਭਾਵਨਾ ਘੱਟ ਹੀ ਹੈ ਕਿਉਂਕਿ ਹੋਰ ਚੰਗੀ ਤਰ੍ਹਾਂ ਹੋਣ ਵਾਲ਼ੀ ਜਾਂਚ ਪੜਤਾਲ਼ ਵੀ ਤਾਂ ਕਿਸੇ ਆਦਮੀ ਨੇ ਹੀ ਕਰਨੀ ਹੈ ਅਤੇ ਆਦਮੀਆਂ ਨੂੰ ਮੈਨੇਜ ਕਰਨਾ ਪੈਸੇ ਲਈ ਕੋਈ ਵੱਡਾ ਕੰਮ ਨਹੀਂ ਹੈ।

ਮੱਧਕਾਲ ਦੇ ਹਜ਼ਾਰ ਵਰ੍ਹਿਆਂ ਨੂੰ ਯੂਰਪ ਦਾ ਹਨੇਰਾ ਦੌਰ ਕਿਹਾ ਜਾਂਦਾ ਹੈ ਜਦੋਂ ਯੂਰਪੀ ਸਮਾਜ ਉੱਤੇ ਧਰਮ ਦੀ ਪਕੜ ਇੰਨੀ ਮਜ਼ਬੂਤ ਸੀ ਕਿ ਉਸ ਕਿਸੇ ਵੀ ਨਵੇਂ ਖਿਆਲ ਨੂੰ ਪਨਪਣ ਹੀ ਨਹੀਂ ਦਿੰਦਾ ਸੀ ਸਿੱਟੇ ਵਜੋਂ ਵਿਗਿਆਨ ਦਾ ਵਿਕਾਸ ਲੱਗਭੱਗ ਠੱਪ ਰਿਹਾ। ਇਹੋ ਜਿਹੇ ਹਨੇਰੇ ਦੌਰ ਸਿਰਫ਼ ਯੂਰਪ ਦੀ ਖਾਸੀਅਤ ਨਹੀਂ ਹਨ, ਇਹ ਸਭਨਾਂ ਸਮਾਜਾਂ ਨੇ ਕਿਸੇ ਨਾ ਕਿਸੇ ਸਮੇਂ ਦੌਰਾਨ ਦੇਖੇ ਹਨ। ਭਾਰਤ ਵਿੱਚ ਇਹ ਕੁਝ-ਕੁਝ ਅੱਜ ਤੱਕ ਜਾਰੀ ਹੈ ਜਦੋਂ ਵਿਗਿਆਨਕ ਗੱਲ ਕਰਨਾ ਧਰਮਾਂ ਨੂੰ ਹਜ਼ਮ ਨਹੀਂ ਹੁੰਦਾ। ਪੁਨਰ-ਜਾਗਰਣ ਦੇ ਦੌਰ ਦੀ ਸ਼ੁਰੂਆਤ ਨਾਲ਼ ਇਹ ਖੜੋਤ ਟੁੱਟੀ ਅਤੇ ਵਿਗਿਆਨ ਨੇ ਨਵੇਂ ਸਿਰਿਓਂ ਪੁਲਾਂਘਾਂ ਪੁੱਟਣੀਆਂ ਸ਼ੁਰੂ ਕੀਤੀਆਂ, ਵਿਗਿਆਨ ਨੇ ਪਿਛਲੀਆਂ ਦੋ ਸਦੀਆਂ ਵਿੱਚ ਪਹਿਲਾਂ ਕਦੇ ਵੀ ਕਿਆਸੀ ਨਾ ਗਈ ਰਫ਼ਤਾਰ ਨਾਲ਼ ਵਿਕਾਸ ਕੀਤਾ ਪਰ ਹੁਣ ਇੱਕ ਵਾਰ ਫਿਰ ਵਿਗਿਆਨ ਨੂੰ ਗ੍ਰਹਿਣ ਲੱਗਦਾ ਜਾ ਰਿਹਾ ਹੈ। ਜਿੱਥੇ ਮੱਧਕਾਲ ਵਿੱਚ ਧਰਮ ਦੀ ਬੁਨਿਆਦ ਉੱਤੇ ਟਿਕਿਆ ਜਗੀਰੂ ਢਾਂਚਾ ਉਸਦੀਆਂ ਪੈਰਾਂ ਦੀਆਂ ਬੇੜੀਆਂ ਬਣਿਆ ਹੋਇਆ ਸੀ, ਹੁਣ ਨਿੱਜੀ ਜਾਇਦਾਦ ਤੇ ਮੁਨਾਫ਼ੇ ਉੱਤੇ ਟਿਕਿਆ ਢਾਂਚਾ ਵਿਗਿਆਨ ਲਈ ਅੜਿੱਕਾ ਬਣ ਰਿਹਾ ਹੈ। ਜਦੋਂ ਕੋਈ ਸਮਾਜਕ-ਆਰਥਿਕ ਢਾਂਚਾ ਆਪਣੀ ਮਿਆਦ ਪੁਗਾ ਬਹਿੰਦਾ ਹੈ ਤਾਂ ਉਹ ਇਹੀ ਕਰ ਸਕਦਾ ਹੈ ਤੇ ਇਸਦਾ ਹੱਲ ਉਹੀ ਹੈ ਜਿਹੜਾ ਮਨੁੱਖਤਾ ਨੇ ਜਗੀਰੂ ਢਾਂਚੇ ਦੀਆਂ ਬੇੜੀਆਂ ਤੋੜਨ ਲਈ ਕੀਤਾ ਸੀ, ਭਾਵ ਪੁਰਾਣਾ ਢਾਂਚਾ ਢਾਹ ਕੇ ਨਵਾਂ ਢਾਂਚਾ ਖੜ੍ਹਾ ਕਰਨਾ।

## ਪਾਸ਼ ਦੇ ਜਨਮ ਦਿਨ ਸਮਾਗਮ ’ਤੇ

# ਅਰੁੰਧਤੀ ਰਾਏ ਵਲੋਂ ਲੋਕਾਂ ਨੂੰ ਗਿਆਨ ਤੋਂ ਵਾਂਝੇ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਬਣਾਉਣ ਦਾ ਹੋਕਾ





30 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿਚ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਵੱਲੋਂ ਇਨਕਲਾਬੀ ਕਵੀ ਅਵਤਾਰ ਪਾਸ਼ ਦੇ ਜਨਮ ਦਿਹਾੜੇ ਉਪਰ ਸੂਬਾਈ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਸੰਸਾਰ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਮੁੱਖ ਵਕਤਾ ਵਜੋਂ ਅਤੇ ਉਨ੍ਹਾਂ ਦੇ ਨਾਲ ਮਸ਼ਹੂਰ ਫ਼ਿਲਮਸਾਜ਼ ਸੰਜੇ ਕਾਕ ਉਚੇਚੇ ਤੌਰ ’ਤੇ ਸ਼ਾਮਲ ਹੋਏ। ਪ੍ਰੋਫੈਸਰ ਅਜਮੇਰ ਸਿੰਘ ਔਲੱਖ, ਕਾ. ਗੁਰਮੀਤ, ਡਾ. ਰਘੁਬੀਰ ਕੌਰ, ਡਾ. ਅਰੀਤ, ਸੰਜੇ ਕਾਕ, ਅਤਰਜੀਤ, ਡਾ. ਪਰਮਿੰਦਰ ’ਤੇ ਅਧਾਰਤ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਸਭ ਤੋਂ ਪਹਿਲਾਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਟਰੱਸਟੀ ਕਾ. ਗੁਰਮੀਤ ਵਲੋਂ ਮਹਿਮਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ ਗਿਆ। ਡਾ. ਰਘਬੀਰ ਕੌਰ (ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ) ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅੱਜ ਵੀ ਗ਼ਦਰੀਆਂ ਦੇ ਵਾਰਿਸਾਂ ਦੀ ਇਨਸਾਫ਼ ਅਤੇ ਸੱਚੀ ਆਜ਼ਾਦੀ ਲਈ ਲੜਾਈ ਜਾਰੀ ਹੈ ਜਿਸ ਦੇ ਸੁਨੇਹੇ ਨੂੰ ਬੁਲੰਦ ਕਰਨ ਦੀ ਲੋੜ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਅਰੁੰਧਤੀ ਰਾਏ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਜ਼ੋਰ ਦਿੱਤਾ ਕਿ ਅੱਜ ਫਾਸ਼ੀਵਾਦ ਦੇ ਦੌਰ ਵਿਚ ਕਲਮ ਅਤੇ ਕਲਾ ਸਮਾਜ ਦੀ ਤਰੱਕੀ ਦਾ ਰਾਹ ਰੋਕਣ ਵਾਲੀਆਂ ਤਾਕਤਾਂ ਦੇ ਤਿੱਖੇ ਹਮਲਿਆਂ ਦੀ ਮਾਰ ਹੇਠ ਹੈ। ਜਿਨ੍ਹਾਂ ਨੂੰ ਪਛਾੜਦੇ ਹੋਏ ਤਰੱਕੀ ਪਸੰਦ ਤਾਕਤਾਂ ਨੂੰ ਜਬਰ-ਜ਼ੁਲਮ ਦੇ ਖ਼ਿਲਾਫ਼ ਕਲਾ ਸਮੇਤ ਹਰ ਸਾਧਨ ਇਸਤੇਮਾਲ ਕਰਦੇ ਹੋਏ ਸਮਾਜ ਨੂੰ ਚੇਤਨ ਤੇ ਜਾਗਰੂਕ ਕਰਨ ਦੀ ਲੋੜ ਹੈ। ਕਿ ਕਿਵੇਂ ਸਾਡੇ ਸਮਾਜਾਂ ਨੂੰ ਫਿਲਮਾਂ, ਟੀ.ਵੀ. ਆਦਿ ਪ੍ਰਚਾਰ ਮਾਧਿਅਮਾਂ ਜ਼ਰੀਏ ਫੈਲਾਈ ਜਾ ਰਹੀ ਸੂਚਨਾ ਦੇ ਨਾਂ ਹੇਠ ਗਿਆਨ ਤੋਂ ਵਾਂਝੇ ਕੀਤਾ ਜਾ ਰਿਹਾ ਹੈ ਅਤੇ ਪ੍ਰਚਾਰ ਮਾਧਿਅਮਾਂ ਵਿਚ ਆਮ ਲੋਕ ਗ਼ਾਇਬ ਹਨ। ਉਨ੍ਹਾਂ ਮਿਸਾਲ ਦਿੱਤੀ ਕਿ ਮੁਸਲਿਮ ਭਾਈਚਾਰੇ ਦੇ ਦੇਸ਼ ਦੀ ਆਜ਼ਾਦੀ ਦੀ ਜੱਦੋਜਹਿਦ ਵਿਚ ਯੋਗਦਾਨ ਅਤੇ ਦੇਸ਼ਭਗਤੀ ਦੇ ਜਜ਼ਬੇ ਨੂੰ ਇਕ ਸਾਜ਼ਿਸ਼ ਤਹਿਤ ਦਬਾਕੇ ਸਮੁੱਚੇ ਭਾਈਚਾਰੇ ਨੂੰ ਹੀ ਦਹਿਸ਼ਤਗਰਦ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ। ਵਿਸ਼ਵੀਕਰਨ ਨੂੰ ਬੇਪਰਦ ਕਰਦਿਆਂ ਉਨ੍ਹਾਂ ਕਿਹਾ ਕਿ ਕੁਲ ਆਲਮ ਦੇ ਲੋਕਾਂ ਨੂੰ ਲੁੱਟਣ ਲਈ ਮਜ਼ਬੂਤ ਕੰਟਰੋਲ ਤਹਿਤ ਅਦਿਖ ਜੰਜ਼ੀਰਾਂ ਵਿਚ ਜਕੜਿਆ ਹੋਇਆ ਹੈ ਜਦੋਂਕਿ ਸਰਮਾਏ ਲਈ ਕੋਈ ਸਰਹੱਦਾਂ ਅਤੇ ਰੋਕਾਂ ਨਹੀਂ। ਕਾਰਪੋਰੇਟ ਸਰਮਾਏਦਾਰੀ ਕੁਲ ਆਲਮ ਦੇ ਕੁਦਰਤੀ ਖਜ਼ਾਨੇ ਅਤੇ ਕਿਰਤ ਸ਼ਕਤੀ ਲੁੱਟਣ ਲਈ ਪੂਰੀ ਤਰ੍ਹਾਂ ਆਜ਼ਾਦ ਹੈ। ਜਮਹੂਰੀਅਤ ’ਤੇ ਕਟਾਖ਼ਸ਼ ਕਰਦਿਆਂ ਉਨ੍ਹਾਂ ਕਿਹਾ ਕਿ ਸਰਮਾਏਦਾਰੀ ਨੇ ਜਮਹੂਰੀਅਤ ਵਰਗੇ ਅਗਾਂਹਵਧੂ ਸੰਕਲਪਾਂ ਨੂੰ ਉਨ੍ਹਾਂ ਦੇ ਅਰਥਾਂ ਤੋਂ ਵਾਂਝੇ ਕਰਕੇ ਇਨ੍ਹਾਂ ਨੂੰ ਖੋਖਲੇ ਲਫ਼ਜ਼ ਬਣਾ ਦਿੱਤਾ ਹੈ। ਅਸੀਂ ਮਹਿਜ਼ ਚੋਣਾਂ ਕਰਵਾਏ ਜਾਣ ਨੂੰ ਹੀ ਜਮਹੂਰੀਅਤ ਸਮਝੀ ਬੈਠੇ ਹਾਂ। ਇਸ ਦੀ ਓਟ ਲੈਕੇ ਸਾਡੇ ਸਮਾਜ ਵਿਚ ਜਾਤਪਾਤ, ਫਿਰਕਾਪ੍ਰਸਤੀ ਮਜ਼ਬੂਤ ਹੋਈ ਹੈ ਜੋ ਜਮਹੂਰੀਅਤ ਦੀ ਮੂਲ ਭਾਵਨਾ ਦੇ ਉਲਟ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਹੀ ਹਾਸ਼ੀਏ ’ਤੇ ਧੱਕੇ ਲੋਕਾਂ ਦੇ ਜਦੋਂ ਨਿਗੂਣੇ ਵਸੀਲੇ ਵੀ ਖੋਹੇ ਜਾ ਰਹੇ ਹਨ ਤਾਂ ਉਨ੍ਹਾਂ ਕੋਲ ਲੜਨ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਅਮਲ ਨਾਲੋਂ ਟੁੱਟ ਕੇ ਅਤੇ ਸਿਰਫ਼ ਟੀ ਸ਼ਰਟਾਂ ਉਪਰ ਉਕਰੇ ਜਾਣ ਨਾਲ ਕ੍ਰਾਂਤੀ ਜਾਂ ਸਮਾਜਿਕ ਤਬਦੀਲੀ ਨਹੀਂ ਆ ਸਕਦੀ। ਆਪਣੀ ਤਕਰੀਰ ਵਿਚ ਉਨ੍ਹਾਂ ਨੇ ਸਾਹਿਤਕਾਰਾਂ, ਕਲਮਕਾਰਾਂ, ਪੱਤਰਕਾਰਾਂ ਸਮੇਤ ਸਮੂਹ ਬੁੱਧੀਜੀਵੀਆਂ ਨੂੰ ਸਰਮਾਏਦਾਰ ਵਲੋਂ ਫੈਲਾਏ ਜਾਲ ਤੋਂ ਬਚ ਕੇ ਲੋਕਾਂ ਦੇ ਪੱਖ ਵਿਚ ਡੱਟਕੇ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸਮਾਜ ਸੁਧਾਰਾਂ ਦੀ ਆੜ ਹੇਠ ਸਰਗਰਮ ਐਨ.ਜੀ.ਓ. ਤੋਂ ਚੌਕਸ ਹੋਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਜੋ ਕਾਰਪੋਰੇਟ ਫੰਡ ਲੈ ਕੇ ਅਸਲੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਕੇ ਜਮਾਤੀ ਜੱਦੋਜਹਿਦ ਨੂੰ ਸੱਟ ਮਾਰਦੀਆਂ ਹਨ। ਉਨ੍ਹਾਂ ਇਸ ਪਾਸੇ ਵੀ ਧਿਆਨ ਦਿਵਾਇਆ ਕਿ ਕਿਵੇਂ ਜਮਹੂਰੀਅਤ ਕਹਾਉਣ ਵਾਲੇ ਰਾਜ 10 ਲੱਖ ਕਮਿਊਨਿਸਟਾਂ ਨੂੰ ਕਤਲ ਕਰਨ ਵਾਲਿਆਂ ਨੂੰ ਸਨਮਾਨਤ ਕਰ ਰਹੇ ਹਨ। ਅਗਲੇ ਸੈਸ਼ਨ ਵਿਚ ਸਰੋਤਿਆਂ ਵਲੋਂ ਜਾਤਪਾਤ, ਰਾਖਵਾਂਕਰਨ, ਵਿਆਹ ਬੰਧਨ, ਵਿਸ਼ਵ ਪੂੰਜੀ, ਆਦਿਵਾਸੀ ਘੋਲ, ਜਾਤ ਅਤੇ ਜਮਾਤ ਆਦਿ ਪਹਿਲੂਆਂ ਬਾਰੇ ਬਹੁਤ ਸਾਰੇ ਸਵਾਲ ਉਠਾਏ ਗਏ ਜਿਨ੍ਹਾਂ ਦੇ ਜਵਾਬ ਅਰੁੰਧਤੀ ਰਾਏ ਵਲੋਂ ਵਿਸਤਾਰ ’ਚ ਦਿੱਤੇ ਗਏ। ਪ੍ਰੋਫੈਸਰ ਅਜਮੇਰ ਸਿੰਘ ਔਲਖ ਨੇ ਪ੍ਰਧਾਨਗੀ ਮੰਡਲ ਦੀ ਤਰਫ਼ੋਂ ਅਰੁੰਧਤੀ ਰਾਏ ਦੇ ਭਾਸ਼ਣ ਬਾਰੇ ਬੋਲਦਿਆਂ ਕਿਹਾ ਕਿ ਇਹ ਵਿਚਾਰ-ਚਰਚਾ ਲੋਕ ਮੁਕਤੀ ਲਈ ਢੁੱਕਵਾਂ ਰਾਹ ਤਲਾਸ਼ਣ ਲਈ ਸਵੈ-ਮੰਥਨ ਦੀ ਭੂਮਿਕਾ ਨਿਭਾਏਗੀ। ਟ੍ਰਸਟ ਦੇ ਪੰਜਾਬ ਦੇ ਕਨਵੀਨਰ ਅਤਰਜੀਤ ਵਲੋਂ ਆਏ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਜਗੀਰ ਜੋਸਣ ਦੀ ਨਿਰਦੇਸ਼ਨਾ ਹੇਠ ਫੁਲਵਾੜੀ ਕਲਾ ਕੇਂਦਰ ਲੋਹੀਆਂ ਵਲੋਂ ਪਾਸ ਦੀਆਂ ਕਵਿਤਾਵਾਂ ਅਤੇ ਜਗਮੋਹਣ ਜੋਸ਼ੀ ਦੇ ਗੀਤ ਤੇ ਕੋਰੀਓਗ੍ਰਾਫ਼ੀਆਂ ਪੇਸ਼ ਕੀਤੀਆਂ ਗਈਆਂ। ਸਟੇਜ ਦਾ ਸੰਚਾਲਨ ਡਾ. ਪਰਮਿੰਦਰ ਅਤੇ ਅਮੋਲਕ ਸਿੰਘ ਵਲੋਂ ਕੀਤਾ ਗਿਆ।

ਇਸ ਮੌਕੇ ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵਲੋਂ ਹਾਲ ਹੀ ਵਿਚ ਛਾਪੀ ਅਰੁੰਧਤੀ ਰਾਏ ਦੇ ਲੇਖਾਂ ਅਤੇ ਇੰਟਰਵਿਊ ਦੀ ਕਿਤਾਬ - ਜਮਹੂਰੀਅਤ ਕਟਹਿਰੇ ਵਿਚ - (ਸੰਪਾਦਨ ਤੇ ਅਨੁਵਾਦ ਬੂਟਾ ਸਿੰਘ) ਉਚੇਚੇ ਤੌਰ ਤੇ ਪਾਠਕਾਂ ਵਿਚ ਲਿਜਾਈ ਗਈ ਜਿਸ ਨੂੰ ਬਹੁਤ ਹੀ ਭਰਵਾਂ ਹੁੰਗਾਰਾ ਮਿਲਿਆ।

-ਸਰੋਕਾਰਾਂ ਦੀ ਆਵਾਜ਼ ਬਿਊਰੋ

## ਭਾਰਤ ਦੀ ਜਨਗਣਨਾ ਦੇ ਧਰਮ-ਅਧਾਰਤ ਅੰਕੜਿਆਂ ਦੀ ਅਖਬਾਰਾਂ ਵੱਲੋਂ ਕੀਤੀ ਕਵਰੇਜ ਉੱਤੇ ਝਾਤ ਮਾਰਨ ਸਾਰ ਪਤਾ ਲੱਗ ਜਾਂਦਾ ਹੈ ਕਿ ਪੱਤਰਕਾਰੀ ਦਾ ਪੱਧਰ ਕਿਸ ਹੱਦ ਤੱਕ ਡਿੱਗ ਚੁੱਕਾ ਹੈ?




ਅੰਗਰੇਜ਼ੀ ਅਖਬਾਰਾਂ ਦੀਆਂ ਸੁਰਖੀਆਂ:

» ਟਾਈਮਜ਼ ਆਫ਼ ਇੰਡੀਆ : ਹਿੰਦੂਆਂ ਦੀ ਆਬਾਦੀ ਘਟੀ, ਮੁਸਲਮਾਨਾਂ ਦੀ ਵਧੀ - ਜਨਗਣਨਾ

-- ਜਨਗਣਨਾ ਦਾ ਅਸਲੀ ਤੱਥ : 2001-2011 ਵਿਚਕਾਰ ਦੋਵਾਂ ਧਰਮਾਂ ਦੀ ਆਬਾਦੀ ਵਧੀ ਹੈ, ਹਿੰਦੂ ਆਬਾਦੀ 82.76 ਕਰੋੜ ਤੋਂ ਵਧਕੇ 96.62 ਕਰੋੜ ਹੋ ਗਈ ਹੈ, ਜਦਕਿ ਮੁਸਲਮਾਨ ਆਬਾਦੀ 13.82 ਕਰੋੜ ਤੋਂ ਵਧਕੇ 17.22 ਕਰੋੜ ਹੋ ਗਈ ਹੈ? ਕਿਸੇ ਵੀ ਧਰਮ ਦੀ ਆਬਾਦੀ ਵਿੱਚ ਕਮੀ ਨਹੀਂ ਆਈ ਹੈ, ਹਿੰਦੂਆਂ ਦੀ ਆਬਾਦੀ 13.86 ਕਰੋੜ ਵਧੀ ਹੈ ਜਦਕਿ ਮੁਸਲਮਾਨਾਂ ਦੀ 3.4 ਕਰੋੜ ਵਧੀ ਹੈ; ਭਾਵ ਕਿ ਨਿਰਪੇਖ ਅਰਥਾਂ ਵਿੱਚ ਹਿੰਦੂ ਆਬਾਦੀ ਮੁਸਲਮਾਨਾਂ ਤੋਂ 10.46 ਕਰੋੜ ਵਧੇਰੇ ਵਧੀ ਹੈ?

» ਪਾਇਨੀਅਰ : ਮੁਸਲਮਾਨਾਂ ਦੀ ਗਿਣਤੀ ਵਧੀ, ਹਿੰਦੂਆਂ ਦੀ ਘਟੀ

-- ਅਸਲੀ ਅੰਕੜੇ ਅਨੁਸਾਰ ਕੋਰਾ ਝੂਠ

» ਹਿੰਦੋਸਤਾਨ ਟਾਈਮਜ਼ : ਹਿੰਦੂ ਆਬਾਦੀ ਦਾ ਹਿੱਸਾ 80% ਤੋਂ ਘਟਿਆ

» ਇੰਡੀਅਨ ਐਕਸਪ੍ਰੈੱਸ : ਕੁਲ ਆਬਾਦੀ ਵਿੱਚ ਹਿੰਦੂ 80% ਤੋਂ ਘੱਟ ਹੋਏ, ਮੁਸਲਮਾਨਾਂ ਦਾ ਹਿੱਸਾ ਵਧਿਆ, ਹਿੰਦੂਆਂ ਦਾ ਘਟਿਆ

-- ਜਨਗਣਨਾ ਦਾ ਤੱਥ : ਹਿੰਦੂਆਂ ਦੀ ਆਬਾਦੀ ਕੁਲ ਆਬਾਦੀ ਵਿੱਚ 2001 ਵਿੱਚ 80.45% ਸੀ, 2011 ਵਿੱਚ 79.80% ਹੈ? ਮੁਸਲਮਾਨਾਂ ਦਾ ਹਿੱਸਾ 13.4% ਤੋਂ ਵਧਕੇ 14.23% ਹੋਇਆ ਹੈ, ਭਾਵ ਕਿ ਅੱਜ ਵੀ ਮੋਟੇ ਤੌਰ ’ਤੇ ਹਰ ਪੰਜ ਭਾਰਤੀਆਂ ਵਿੱਚੋਂ ਚਾਰ ਹਿੰਦੂ ਹੀ ਹਨ? ਦੋਵਾਂ ਅਖਬਾਰਾਂ ਨੇ ਬੜੇ ਹੋਛੇ ਤਰੀਕੇ ਨਾਲ ਸਨਸਨੀ ਪੈਦਾ ਕਰਕੇ ਆਮ ਲੋਕਾਂ ਦੇ ਮਨਾਂ ਵਿੱਚ ਤੁਆਸੱਬ ਖੜਾ ਕਰਨ ਦੀ ਕੋਸ਼ਿਸ਼ ਕੀਤੀ ਹੈ? ਇਸਨੂੰ ਹੀ ਕਹਿੰਦੇ ‘ਪੀਲੀ ਪੱਤਰਕਾਰੀ?’

» ਦ ਹਿੰਦੂ : ਮੁਸਲਮਾਨਾਂ ਦੀ ਆਬਾਦੀ ਦੀ ਵਾਧਾ ਦਰ ਘਟੀ

-- ਸਿਰਫ਼ ਇਸ ਅਖਬਾਰ ਨੇ ਸਹੀ ਪੇਸ਼ਕਾਰੀ ਕੀਤੀ ਹੈ, ਮੁਸਲਮਾਨ ਆਬਾਦੀ ਦੀ ਵਾਧਾ ਦਰ ਸਾਰੇ ਧਰਮਾਂ ਨਾਲੋਂ ਵੱਧ ਘਟੀ ਹੈ ਭਾਵੇਂ ਕਿ ਇਹ ਅਜੇ ਵੀ ਬਾਕੀ ਧਰਮਾਂ ਦੇ ਮੁਕਾਬਲੇ ਵੱਧ ਹੈ? 2001-2011 ਦੇ ਅਰਸੇ ਵਿੱਚ ਮੁਸਲਮਾਨਾਂ ਦੀ ਵਾਧਾ ਦਰ ਵਿੱਚ 5% (29.5% ਤੋ ਘਟਕੇ 24.6%) ਦੀ ਕਮੀ ਆਈ ਹੈ ਜਦਕਿ ਹਿੰਦੂਆਂ ਦੀ ਵਾਧਾ ਦਰ ਵਿੱਚ 3.16% (19.92% ਤੋਂ ਘਟਕੇ 16.76%) ਦੀ ਕਮੀ ਆਈ ਹੈ?

ਪੰਜਾਬੀ ਅਖਬਾਰਾਂ ਵਿੱਚ ਸਭ ਤੋਂ ਬੁਰਾ ਹਾਲ ਜੱਗਬਾਣੀ ਦਾ ਹੈ?

» ਜੱਗਬਾਣੀ : ਹਿੰਦੂਆਂ ਦੀ ਆਬਾਦੀ ਦਰ ਘਟੀ, ਮੁਸਲਮਾਨਾਂ ਦੀ ਵਧੀ

-- ਇਸ ਅਖਬਾਰ ਨੇ ਤਾਂ ਝੂਠ ਬੋਲਣ ਦੀ ਹੱਦ ਕਰ ਦਿੱਤੀ ਹੈ? ਇਸਨੇ ਤਾਂ ਝੂਠ ਬੋਲਣ ਲਈ ਨਵਾਂ ਵਾਕਅੰਸ਼ ਆਬਾਦੀ ਦਰ ਤੱਕ ਲੱਭ ਲਿਆ ਹੈ? ਆਬਾਦੀ ਦੀ ਵਾਧਾ ਦਰ ਅਤੇ ਅਨੁਪਾਤਕ ਆਬਾਦੀ ਤਾਂ ਕੋਈ ਚੀਜ਼ ਹੋਈ, ਇਹ ਆਬਾਦੀ ਦਰ ਕੀ ਚੀਜ਼ ਹੈ, ਇਹ ਜੱਗਬਾਣੀ ਦੇ ਮਹਾਂਗਿਆਨੀ ਹੀ ਜਾਣਨ!! ਆਬਾਦੀ ਦੀ ਵਾਧਾ ਦਰ ਦੋਵਾਂ ਧਰਮਾਂ ਦੀ ਘਟੀ ਹੈ, ਮੁਸਲਮਾਨਾਂ ਦੀ ਵਾਧਾ ਦਰ ਸਭ ਧਰਮਾਂ ਨਾਲੋਂ ਤੇਜ਼ੀ ਨਾਲ ਘਟੀ ਹੈ? ਅਨੁਪਾਤਕ ਆਬਾਦੀ ਵਿੱਚ ਕੋਈ ਗਿਣਨਯੋਗ ਫ਼ਰਕ ਨਹੀਂ ਪਿਆ?

» ਪੰਜਾਬੀ ਟ੍ਰਿਬਿਊਨ : ਦੇਸ਼ ’ਚ ਹਿੰਦੂਆਂ ਤੇ ਸਿੱਖਾਂ ਦੀ ਆਬਾਦੀ ਘਟੀ, ਮੁਸਲਿਮ ਵਸੋਂ ’ਚ ਵਾਧੇ ਦੀ ਦਰ ਸਭ ਤੋਂ ਵੱਧ

-- ਭਾਵ ਕਿ ਨਿਰਪੱਖਤਾ ਦੇ ਅਲੰਬਰਦਾਰ ਇਸ ਅਖਬਾਰ ਦੀ ਹਾਲਤ ਜੱਗਬਾਣੀ ਤੋਂ ਬਹੁਤੀ ਅਲੱਗ ਨਹੀਂ? ਇਸ ਅਖਬਾਰ ਨੇ ਖਬਰ ਦੇ ਅੰਦਰ ਜ਼ਰੂਰ ‘ਅਨੁਪਾਤਕ ਆਬਾਦੀ ਲਿਖਿਆ ਹੈ, ਪਰ ਇਸਨੇ ਵੀ ਮੁੱਖ ਪੰਨੇ ਉੱਤੇ ਕਿਤੇ ਨਹੀਂ ਲਿਖਿਆ ਕਿ ਮੁਸਲਮਾਨਾਂ ਦੀ ਆਬਾਦੀ ਦੀ ਵਾਧਾ ਦਰ ਸਭ ਤੋਂ ਤੇਜ਼ੀ ਨਾਲ ਘਟੀ ਹੈ, ਹਾਂ ਇਹ ਜ਼ਰੂਰ ਲਿਖਿਆ ਹੈ ਕਿ ਮੁਸਲਮਾਨ ਭਾਈਚਾਰੇ ਦੀ ਆਬਾਦੀ ਨਾ ਸਿਰਫ਼ ਅਨੁਪਾਤਕ ਤੌਰ ’ਤੇ ਵਧੀ ਹੈ ਸਗੋਂ ਇਸਦੀ ਵਿਕਾਸ ਦਰ ਵੀ ਬਾਕੀ ਭਾਈਚਾਰਿਆਂ ਤੋਂ ਵੱਧ ਦਰਜ ਕੀਤੀ ਗਈ ਹੈ? ਇਹ ਹੈ ਨਿਰਪੱਖ ਪੱਤਰਕਾਰੀ ਦਾ ਉੱਤਮ ਨਮੂਨਾ?

# ਸ਼ਹੀਦ ਭਗਤ ਸਿੰਘ ਦੇ ਲੇਖ ਮੈਂ ਨਾਸਤਕ ਕਿਉਂ ਹਾਂ? ਬਾਰੇ ਵਿਚਾਰ ਚਰਚਾ ਬਹਾਨੇ

ਸਾਧੂ ਬਿਨਿੰਗ

ਤੇਈ ਸਾਲ ਦੀ ਉਮਰ ਵਿਚ, ਬਹੁਤ ਹੀ ਵੱਖਰੀ ਕਿਸਮ ਦੀਆਂ ਹਾਲਤਾਂ ਵਿਚ, ਸਾਹਮਣੇ ਖੜ੍ਹੀ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ, ਲਿਖਿਆ ਸ਼ਹੀਦ ਭਗਤ ਸਿੰਘ ਦਾ ਇਹ ਲੇਖ ਪੜ੍ਹਨ 'ਤੇ ਹਰ ਵਾਰ ਹੈਰਾਨ ਤੇ ਪ੍ਰਭਾਵਿਤ ਕਰਦਾ ਹੈ। ਨਾਲ ਹੀ, ਇਹ ਗੱਲ ਹੈਰਾਨ ਤੇ ਪ੍ਰੇਸ਼ਾਨ ਵੀ ਕਰਦੀ ਹੈ ਕਿ ਇਹੋ ਜਿਹੀ ਸਾਫ ਸੁਥਰੀ ਤੇ ਤਾਕਤਵਰ ਲਿਖਤ ਵਲ ਬਣਦਾ ਧਿਆਨ ਕਿਉਂ ਨਹੀਂ ਦਿੱਤਾ ਗਿਆ।

ਅੰਗਰੇਜ਼ੀ ਜ਼ੁਬਾਨ ਦੇ ਮਸ਼ਹੂਰ ਦਾਰਸ਼ਨਿਕ ਲਿਖਾਰੀ ਬਰਟਰੈਂਡ ਰੱਸਲ ਨੇ ਭਗਤ ਸਿੰਘ ਦੇ ਇਸ ਲੇਖ ਤੋਂ ਦੋ ਤਿੰਨ ਸਾਲ ਪਹਿਲਾਂ ਇੱਕ ਲੇਖ ਲਿਖਿਆ ਸੀ, 'ਮੈਂ ਇਸਾਈ ਕਿਉਂ ਨਹੀਂ?' – ਵ੍ਹਾਈ ਆਈ ਐਮ ਨਾਟ ਏ ਕ੍ਰਿਸਚੀਅਨ?। ਰੱਸਲ ਦੇ ਉਸ ਲੇਖ ਨੇ ਇਸਾਈ ਮੱਤ ਉੱਤੇ ਇਕ ਅਜਿਹੀ ਗਹਿਰੀ ਸੱਟ ਮਾਰੀ ਸੀ ਜਿਸ ਦੇ ਡਰ ਤੋਂ ਇਸਾਈ ਮੱਤ ਅਜੇ ਤੱਕ ਵੀ ਕੰਬਦਾ ਹੈ।

ਇਕ ਵੱਖਰੇ ਤਰੀਕੇ ਨਾਲ ਇਹ ਗੱਲ ਭਗਤ ਸਿੰਘ ਦੇ ਲੇਖ ਬਾਰੇ ਵੀ ਕਹੀ ਜਾ ਸਕਦੀ ਹੈ। ਪਹਿਲਾਂ ਲਗਦਾ ਸੀ ਕਿ ਭਗਤ ਸਿੰਘ ਦੇ ਇਸ ਲੇਖ ਨੇ ਧਾਰਮਿਕ ਲੋਕਾਂ ਉੱਪਰ ਉਸ ਕਿਸਮ ਦਾ ਅਸਰ ਨਹੀਂ ਕੀਤਾ ਜਿਸ ਕਿਸਮ ਦਾ ਰੱਸਲ ਦੇ ਲੇਖ ਨੇ ਇਸਾਈਆਂ ਉੱਪਰ ਕੀਤਾ ਸੀ। ਇਹ ਠੀਕ ਹੈ ਕਿ ਭਗਤ ਸਿੰਘ ਦੇ ਇਸ ਲੇਖ ਬਾਰੇ ਸ਼ਾਇਦ ਇਸ ਦੇ ਲਿਖਣ ਸਮੇਂ ਵੱਡੀ ਪੱਧਰ 'ਤੇ ਪ੍ਰਤੀਕਰਮ ਨਾ ਹੋਇਆ ਹੋਵੇ ਪਰ ਹੁਣ ਇਸ ਨੇ ਪੰਜਾਬ/ਭਾਰਤ ਦੇ ਧਾਰਮਿਕ ਲੋਕਾਂ ਨੂੰ ਵਖਤ ਪਾਇਆ ਹੋਇਆ ਹੈ। ਇਸ ਲੇਖ ਦੇ ਦੋ ਕਿਸਮ ਦੇ ਪ੍ਰਤੀਕਰਮ ਦੇਖੇ ਜਾ ਸਕਦੇ ਹਨ। ਇਕ ਤਾਂ ਇਸ ਨੂੰ ਅੱਖੋਂ ਉਹਲੇ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਅਤੇ ਅਜੇ ਵੀ ਕੀਤੀ ਜਾਂਦੀ ਹੈ। ਇਸ ਵਿਚ ਕਈ ਕਾਰਨਾਂ ਕਰਕੇ ਖੱਬੀਆਂ ਸਿਆਸੀ ਤਾਕਤਾਂ ਵੀ ਸ਼ਾਮਲ ਰਹੀਆਂ ਹਨ। ਕੁਝ ਹੱਦ ਤੱਕ ਇਹ ਗੱਲ ਸਮਝ ਵੀ ਪੈਂਦੀ ਹੈ ਕਿ ਲੋਕਾਂ ਨੂੰ ਉਨ੍ਹਾਂ ਦੀਆਂ ਫੌਰੀ ਸਮੱਸਿਆਵਾਂ ਦੇ ਹੱਲ ਲਈ ਜਥੇਬੰਦ ਕਰਨ ਵਿਚ ਵਿਚ ਇਹ ਗੱਲ ਅੜਿਕਾ ਬਣਦੀ ਹੈ। ਸੋ ਲੋਕਾਂ ਨੂੰ ਜਥੇਬੰਦ ਕਰਨ ਦੇ ਨਜ਼ਰੀਏ ਤੋਂ ਅਮਲੀ ਪੱਧਰ 'ਤੇ ਭਗਤ ਸਿੰਘ ਦੀਆਂ ਦੂਜੀਆਂ ਲਿਖਤਾਂ ਜ਼ਿਆਦਾ ਅਹਿਮੀਅਤ ਰੱਖਦੀਆਂ ਹਨ। ਇਸ ਤਰ੍ਹਾਂ ਭਗਤ ਸਿੰਘ ਦੇ ਰੱਬ ਅਤੇ ਧਰਮ ਬਾਰੇ ਵਿਚਾਰਾਂ ਨੂੰ ਪਿਛਾਂਹ ਰੱਖਿਆ ਜਾਂਦਾ ਹੈ।

ਭਗਤ ਸਿੰਘ ਦੇ ਨਾਸਤਿਕਤਾ ਬਾਰੇ ਵਿਚਾਰਾਂ ਦਾ ਦੂਜਾ ਪ੍ਰਤੀਕਰਮ ਉਸ ਨੂੰ ਕਦੇ ਸਿੱਖ ਤੇ ਕਦੇ ਆਰੀਆ ਸਮਾਜੀ ਬਣਾ ਕੇ ਪੇਸ਼ ਕਰਨਾ ਹੈ। ਇਹ ਕੰਮ ਬੜਾ ਚੇਤਨ ਤਰੀਕੇ ਨਾਲ ਕੀਤਾ ਜਾ ਰਿਹਾ ਹੈ।ਅਜੇ ਕੁਝ ਹੀ ਦਿਨ ਪਹਿਲਾਂ ਇਹ ਜਾਣਕਾਰੀ ਸਾਹਮਣੇ ਆਈ ਕਿ ਪੰਜਾਬ ਵਿਚ ਚੌਥੀ ਜਮਾਤ ਦੇ ਬੱਚਿਆਂ ਦੀ ਇਕ ਕਿਤਾਬ ਵਿਚ ਭਗਤ ਸਿੰਘ ਬਾਰੇ ਲਿਖੇ ਲੇਖ ਵਿਚ ਇਹ ਝੂਠੀ ਜਾਣਕਾਰੀ ਦਰਜ ਹੈ: "ਭਗਤ ਸਿੰਘ ਜੇਲ੍ਹ ਦੀ ਬੈਰਕ ਵਿਚ ਬੈਠਾ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਹੈ" ... ... ਜੇਲ੍ਹ ਵਿਚ ਭਗਤ ਸਿੰਘ ਦੀ ਮਾਂ ਉਸ ਨੂੰ ਮਿਲਣ ਆਉਂਦੀ ਹੈ ਤੇ ਜਦੋਂ ਉਹ ਜਾਂਦੀ ਹੈ ਤਾਂ "ਭਗਤ ਸਿੰਘ ਜਪੁਜੀ ਸਾਹਿਬ ਫੜਦਾ ਹੈ ਤੇ ਪਾਠ ਕਰਨ ਲਈ ਬੈਠ ਜਾਂਦਾ ਹੈ"।

ਇਸ ਕਿਸਮ ਦੀਆਂ ਕੋਸ਼ਿਸ਼ਾਂ ਲਗਾਤਾਰ ਹੋ ਰਹੀਆਂ ਹਨ ਜੋ ਇਸ ਗੱਲ ਵੱਲ ਇਸ਼ਾਰਾ ਹੈ ਕਿ ਇਹ ਲੇਖ ਧਾਰਮਿਕ ਬਿਰਤੀਆਂ ਵਾਲੇ ਲੋਕਾਂ ਨੂੰ ਤੰਗ ਕਰ ਰਿਹਾ ਹੈ। ਭਗਤ ਸਿੰਘ ਦੇ ਦੂਜੇ ਸਿਆਸੀ ਵਿਚਾਰਾਂ ਬਾਰੇ ਇਸ ਕਿਸਮ ਦੀਆਂ ਕੋਸ਼ਿਸ਼ਾਂ ਘੱਟ ਦੇਖਣ ਵਿਚ ਆਉਂਦੀਆਂ ਹਨ।

ਇਸ ਲੇਖ ਵਿਚ ਪੇਸ਼ ਭਗਤ ਸਿੰਘ ਦੇ ਵਿਚਾਰਾਂ ਦੇ ਉਲਟ ਨਿੱਤ ਉਸ ਦੇ ਨਾਂ 'ਤੇ ਧਾਰਮਿਕ ਪੂਜਾ ਪਾਠ ਹੁੰਦੇ ਹਨ, ਉਸ ਦੀ ਰੂਹ ਲਈ ਅਰਦਾਸਾਂ ਹੁੰਦੀਆਂ ਹਨ। ਪੰਜਾਬੀਆਂ/ਭਾਰਤੀਆਂ ਦੇ ਸਭ ਤੋਂ ਰੌਸ਼ਨ ਦਿਮਾਗ ਤੇ ਸਭ ਤੋਂ ਵੱਧ ਸਤਿਕਾਰ ਵਾਲੇ ਸ਼ਹੀਦ ਭਗਤ ਸਿੰਘ ਨਾਲ ਇਸ ਤੋਂ ਵੱਡੀ ਹੋਰ ਬੇਇਨਸਾਫੀ ਕਿਆਸ ਨਹੀਂ ਕੀਤੀ ਜਾ ਸਕਦੀ। ਉਹਦੇ ਨਾਂਅ 'ਤੇ ਅਰਦਾਸਾਂ ਕਰਨ ਵਾਲੇ ਲੋਕਾਂ ਨੂੰ ਅਰਦਾਸ ਬਾਰੇ ਉਹਦੇ ਲਿਖੇ ਸ਼ਬਦ ਪੜ੍ਹਨੇ ਚਾਹੀਦੇ ਹਨ: ਅਰਦਾਸ ਨੂੰ "ਮੈਂ ਮਨੁੱਖ ਦਾ ਸਭ ਤੋਂ ਵਧ ਖੁਦਗਰਜ਼ੀ ਕਰਨ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ"।

ਭਗਤ ਸਿੰਘ ਦੇ ਰੱਬ, ਧਰਮ ਤੇ ਨਾਸਤਿਕਤਾ ਸਬੰਧੀ ਵਿਚਾਰਾਂ ਬਾਰੇ ਅੱਜ ਗੱਲ ਕਰਨ ਦੀ ਕਿਉਂ ਜ਼ਰੂਰਤ ਹੈ?

ਦੁਨੀਆ ਭਰ ਵਿਚ, ਭਾਰਤ ਵਿਚ ਤੇ ਖਾਸ ਕਰ ਪੰਜਾਬੀ ਭਾਈਚਾਰੇ ਵਿਚ, ਜਿਸ ਕਿਸਮ ਦਾ ਧਾਰਮਿਕ ਗਲਬਾ ਇਸ ਸਮੇਂ ਹੈ, ਉਸ ਨਾਲ ਬਹੁਤ ਜ਼ਿਆਦਾ ਸ਼ਕਤੀ, ਪੈਸਾ ਤੇ ਸਮਾਂ ਨਸ਼ਟ ਕੀਤਾ ਜਾ ਰਿਹਾ ਹੈ। ਅਸੀਂ ਦੇਖਦੇ ਸੁਣਦੇ ਹਾਂ ਕਿ ਧਰਮ ਦੇ ਨਾਂ 'ਤੇ ਹਰ ਰੋਜ਼ ਕੋਈ ਨਾ ਕੋਈ ਨਵਾਂ ਮਸਲਾ ਖੜ੍ਹਾ ਕੀਤਾ ਜਾਂਦਾ ਹੈ। ਜਿਸ ਕਿਸਮ ਦੇ ਹਾਸੋ ਹੀਣੇ ਮਸਲੇ ਖੜ੍ਹੇ ਕੀਤੇ ਜਾਂਦੇ ਹਨ ਉਨ੍ਹਾਂ ਨਾਲ ਸਮਾਜ ਦੀ ਕਿਸੇ ਤਰ੍ਹਾਂ ਵੀ ਕੋਈ ਭਲਾਈ ਨਹੀਂ ਹੋ ਸਕਦੀ। ਇਹ ਮਸਲੇ ਹਰ ਸਮੇਂ ਲੋਕਾਂ ਦੀ ਜਾਨ ਮਾਲ ਨੂੰ ਖਤਰੇ ਵਿਚ ਪਾਈ ਰੱਖਦੇ ਹਨ। ਤਕਰੀਬਨ ਹਰ ਕੋਈ ਜਾਣਦਾ ਹੈ ਕਿ ਅਜੋਕੇ ਪੰਜਾਬ ਵਿਚ ਰਾਜ ਕਰ ਰਹੇ ਲੋਕ ਸਿਰੇ ਦੇ ਧੋਖੇਬਾਜ਼ ਤੇ ਬਦਮਾਸ਼ ਹਨ। ਫੇਰ ਕੀ ਕਾਰਨ ਹੈ ਕਿ ਉਹ ਲਗਾਤਾਰ ਤਾਕਤ ਵਿਚ ਰਹਿੰਦੇ ਹਨ? ਮੈਨੂੰ ਏਦਾਂ ਲਗਦਾ ਹੈ ਕਿ ਇਕ ਵੱਡਾ ਕਾਰਨ ਧਰਮ ਦੀ ਸਖਤ ਪਕੜ ਹੈ। ਦੋਵੇਂ ਪਾਰਟੀਆਂ ਅਕਾਲੀ ਤੇ ਬੀ ਜੇ ਪੀ ਲੋਕਾਂ ਦੇ ਧਾਰਮਿਕ ਅਹਿਸਾਸਾਂ ਦੀ ਵਰਤੋਂ ਕਰਕੇ ਰਾਜ ਕਰ ਰਹੀਆਂ ਹਨ। ਇਹ ਸਭ ਕੁਝ ਸਾਨੂੰ ਇੱਕੀਵੀ ਸਦੀ ਵਿਚ ਅੱਗੇ ਵਧਣ ਦੀ ਬਜਾਏ ਪਿੱਛੇ ਵਲ ਨੂੰ ਮੋੜ ਰਿਹਾ ਹੈ। ਇਸ ਬਹੁਤ ਹੀ ਖਤਰਨਾਕ ਰੁਝਾਨ ਨੂੰ ਰੋਕਣ ਦੀ ਲੋੜ ਹੈ।

ਇਸ ਔਖੇ ਮਸਲੇ ਦਾ ਹੱਲ ਕਿਸ ਤਰ੍ਹਾਂ ਲੱਭਿਆ ਜਾਵੇ?

ਮੇਰਾ ਸੁਝਾਅ ਹੈ ਕਿ ਅਸੀਂ ਭਗਤ ਸਿੰਘ ਤੋਂ ਹੀ ਇਸ ਬਾਰੇ ਸੇਧ ਲਈਏ। ਆਪਣੀ ਨਾਸਤਿਕਤਾ ਬਾਰੇ ਭਗਤ ਸਿੰਘ ਨੇ ਜੋ ਗੱਲਾਂ ਅਤੇ ਜਿਸ ਅੰਦਾਜ਼ ਵਿਚ ਕੀਤੀਆਂ ਹਨ ਉਨ੍ਹਾਂ ਵਿਚ ਬਹੁਤ ਕੁਝ ਇਹੋ ਜਿਹਾ ਹੈ ਜਿਹੜਾ ਸਾਨੂੰ ਇਸ ਸਮੱਸਿਆ ਨਾਲ ਜੂਝਣ ਲਈ ਸੇਧ ਦੇ ਸਕਦਾ ਹੈ। ਆਪਣੇ ਲੇਖ ਵਿਚ ਸਭ ਤੋਂ ਪਹਿਲਾਂ ਭਗਤ ਸਿੰਘ ਦੂਜਿਆਂ ਵਲੋਂ ਲਾਏ ਇਸ ਦੋਸ਼ ਦੀ ਗੱਲ ਕਰਦਾ ਹੈ ਕਿ ਕੀ ਉਸ ਦਾ ਨਾਸਤਿਕ ਹੋਣਾ ਉਸ ਦੇ ਹੰਕਾਰੀ ਹੋਣ ਦੀ ਨਿਸ਼ਾਨੀ ਹੈ? ਭਗਤ ਸਿੰਘ ਖੁਦ ਸਵਾਲ ਕਰਦਾ ਹੈ ਕਿ 'ਕੀ ਮੈਂ ਬੇਲੋੜੇ ਮਾਣ ਕਰਕੇ ਨਾਸਤਕ ਬਣਿਆਂ ਹਾਂ ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਕਰਨ ਮਗਰੋਂ ਅਤੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਕ ਬਣਿਆਂ ਹਾਂ?' ਇਸ ਸਵਾਲ ਦਾ ਜਵਾਬ ਉਹ ਵਿਗਿਆਨਕ ਨਜ਼ਰੀਏ ਨਾਲ ਦਿੰਦਾ ਹੈ ਕਿ ਹੰਕਾਰੀ ਬੰਦਾ ਨਾਸਤਿਕ ਹੋ ਹੀ ਨਹੀਂ ਸਕਦਾ। ਉਹ ਵਿਸਥਾਰ ਵਿਚ ਚਰਚਾ ਕਰਦਾ ਹੈ:

"ਮੈਂ ਆਪਣੇ ਬਾਬਾ ਜੀ ਦੇ ਅਸਰ ਹੇਠ ਵੱਡਾ ਹੋਇਆ ਸੀ ਤੇ ਉਹ ਪੱਕੇ ਆਰੀਆ ਸਮਾਜੀ ਸਨ। ਕੋਈ ਆਰੀਆ ਸਮਾਜੀ ਹੋਰ ਤਾਂ ਸਭ ਕੁਝ ਹੋ ਸਕਦਾ ਹੈ, ਪਰ ਨਾਸਤਕ ਨਹੀਂ। ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਮੁਕਾ ਕੇ ਲਾਹੌਰ ਦੇ ਡੀ ਏ ਵੀ ਸਕੂਲ ਵਿਚ ਦਾਖਲ ਹੋ ਗਿਆ ਤੇ ਇਹਦੇ ਬੋਰਡਿੰਗ ਹਾਊਸ ਵਿਚ ਪੂਰਾ ਇਕ ਸਾਲ ਰਿਹਾ। ਉਥੇ ਸਵੇਰ ਤੋਂ ਤ੍ਰਿਕਾਲ ਸੰਧਿਆ ਦੀਆਂ ਪ੍ਰਾਰਥਨਾਵਾਂ ਤੋਂ ਛੁੱਟ ਮੈਂ ਘੰਟਿਆਂ ਬੱਧੀ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਸੀ। ਮੈਂ ਉਨ੍ਹਾਂ ਦਿਨਾਂ ਵਿਚ ਪੱਕਾ ਸ਼ਰਧਾਲੂ ਸੀ। ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ। ਪਰ ਉਹ ਨਾਸਤਕ ਨਹੀਂ ਸਨ। ਉਨ੍ਹਾਂ ਦਾ ਰੱਬ ਵਿਚ ਪੱਕਾ ਅਕੀਦਾ ਸੀ, ਮੈਨੂੰ ਉਹ ਹਰ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਹੁੰਦੇ ਸਨ। ਸੋ ਮੇਰੀ ਪਰਵਰਿਸ਼ ਇਸ ਢੰਗ ਨਾਲ ਹੋਈ।"

ਇਸ ਲੇਖ ਵਿਚ ਭਗਤ ਸਿੰਘ ਦੱਸਦਾ ਹੈ ਕਿ ਕਿਸ ਤਰ੍ਹਾਂ ਹੌਲੀ ਹੌਲੀ ਪੜ੍ਹ ਵਿਚਾਰ ਕੇ ਉਹ ਨਾਸਤਿਕ ਬਣਿਆਂ। ਉਹ ਖੁਦ ਨੂੰ ਮੁਖਾਤਬ ਹੁੰਦਾ ਹੈ: ਅਧਿਅਨ ਕਰ ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ। ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ 'ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ।

ਭਗਤ ਸਿੰਘ ਦੱਸਦਾ ਹੈ ਕਿ ਉਹਨੇ ਮਾਰਕਸ, ਲੈਨਿਨ, ਟਰਾਟਸਕੀ, ਬਾਕੂਨਿਨ, ਡਾਰਵਿਨ, ਅਪਟਨ ਸਿੰਕਲੇਅਰ ਤੇ ਹੋਰ ਲੇਖਕਾਂ ਨੂੰ ਪੜ੍ਹਿਆ ਤੇ ਇਸ ਸਿੱਟੇ 'ਤੇ ਪਹੁੰਚਾ। ਉਹਦੇ ਆਪਣੇ ਸ਼ਬਦਾਂ ਵਿਚ: "1926 ਦੇ ਅਖੀਰ ਤੱਕ ਮੇਰਾ ਇਹ ਵਿਸ਼ਵਾਸ ਪੱਕਾ ਹੋ ਚੁੱਕਾ ਸੀ ਕਿ ਬ੍ਰਹਿਮੰਡ ਦੇ ਸਿਰਜਨ, ਪਾਲਨਹਾਰ ਤੇ ਸਰਬ ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇਬੁਨਿਆਦ ਹੈ।",

ਸਾਨੂੰ ਆਪਣੇ ਆਲੇ ਦੁਆਲੇ ਨੂੰ ਜਾਨਣ ਤੇ ਸਮਝਣ ਲਈ ਭਗਤ ਸਿੰਘ ਤੋਂ ਸੇਧ ਲੈਣੀ ਚਾਹੀਦੀ ਹੈ।

ਮੇਰਾ ਸੁਝਾਅ ਹੈ ਕਿ ਹੋਰ ਗੱਲਾਂ ਦੇ ਨਾਲ ਨਾਲ ਵਿਸ਼ਵ ਪੱਧਰ 'ਤੇ ਨਾਸਤਿਕਤਾ ਬਾਰੇ ਚੱਲ ਰਹੇ ਵਿਚਾਰ ਵਟਾਂਦਰੇ ਬਾਰੇ ਸਾਨੂੰ ਧਿਆਨ ਨਾਲ ਪੜ੍ਹਨ ਗੁੜਨ ਦੀ ਲੋੜ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੱਛਮ ਵਿਚ ਨਾਸਤਿਕਤਾ ਬਾਰੇ ਬਹੁਤ ਕੁਝ ਲਿਖਿਆ ਪੜ੍ਹਿਆ ਜਾ ਰਿਹਾ ਹੈ। ਸਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਇਸ ਹੋ ਰਹੀ ਚਰਚਾ ਤੋਂ ਜਾਣੂ ਹੋਈਏ। ਇਹ ਠੀਕ ਹੈ ਕਿ ਇਨਕਲਾਬ ਜਾਂ ਅਸਲੀ ਤਬਦੀਲੀ ਤਾਂ ਸਿਆਸੀ ਸਰਗਰਮੀ ਨਾਲ ਹੀ ਆਵੇਗੀ ਪਰ ਜਿਹੜੀ ਚੀਜ਼ ਉਸ ਰਾਹ ਵਲ ਜਾਣ ਤੋਂ ਰੋਕਦੀ ਹੋਵੇ ਉਸ ਬਾਰੇ ਫਿਕਰ ਕਰਨ ਦੀ ਤੇ ਧਿਆਨ ਦੇਣ ਦੀ ਲੋੜ ਹੈ।

ਸਾਡੀਆਂ ਖੱਬੀਆਂ ਪਾਰਟੀਆਂ ਇਸ ਗੱਲੋਂ ਵੀ ਫੇਲ ਹੋਈਆਂ ਹਨ ਕਿ ਵੋਟਾਂ ਦੀ ਸਿਆਸਤ ਦੇ ਨਜ਼ਰੀਏ ਤੋਂ ਉਨ੍ਹਾਂ ਨੇ ਇਸ ਪਾਸੇ ਵਲ ਧਿਆਨ ਦੇਣ ਤੋਂ ਕੰਨੀ ਕਤਰਾਈ ਹੈ। ਭਗਤ ਸਿੰਘ ਵੀ ਸਿਆਸੀ ਬੰਦਾ ਸੀ ਪਰ ਉਹਨੇ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਕਿ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਸਿਆਸੀ ਸੂਝ ਦੇ ਨਾਲ ਨਾਲ ਲੋਕਾਂ ਦੀ ਬੌਧਿਕ ਪੱਧਰ ਨੂੰ ਵੀ ਉੱਚਾ ਚੁੱਕਣ ਦੀ ਲੋੜ ਹੈ ਤੇ ਧਰਮ ਹਮੇਸ਼ਾਂ ਉਨ੍ਹਾਂ ਨੂੰ ਆਪਣੀ ਬੁੱਧੀ ਦੀ ਵਰਤੋਂ ਕਰਨ ਤੋਂ ਰੋਕਦਾ ਹੈ। ਉਹ ਕਹਿੰਦਾ ਹੈ: ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸ ਨੂੰ ਲਾਜ਼ਮੀ ਤੌਰ ਉਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚੱਲਤ ਵਿਸ਼ਵਾਸ ਦੀ ਇਕੱਲੀ ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ।"

ਸੋ ਮੇਰਾ ਵਿਚਾਰ ਹੈ ਕਿ ਮੌਜੂਦਾ ਸਮੇਂ ਸੰਸਾਰ ਪੱਧਰ 'ਤੇ ਚੱਲ ਰਹੀਆਂ ਇਸ ਕਿਸਮ ਦੀਆਂ ਲਹਿਰਾਂ ਤੇ ਵਿਚਾਰ ਵਟਾਂਦਰੇ ਬਾਰੇ ਸਾਨੂੰ ਜਾਣੂੰ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਭਗਤ ਸਿੰਘ ਵਾਂਗ ਹੀ ਇਕ ਵੱਖਰੇ ਹੌਸਲੇ ਤੇ ਵਿਸ਼ਵਾਸ ਨਾਲ ਲੋਕਾਂ ਨੂੰ ਰੱਬ ਤੇ ਧਰਮ ਦੇ ਨੇੜੇ ਵਿੱਚੋਂ ਕੱਢਣ ਦੀ ਕੋਸ਼ਸ਼ ਕਰ ਸਕੀਏ।

ਹਰ ਇਨਸਾਨ ਨੂੰ ਜਾਤੀ ਪੱਧਰ 'ਤੇ ਆਪਣੀ ਮਰਜ਼ੀ ਦੇ ਰੱਬ ਜਾਂ ਧਾਰਮਿਕ ਵਿਚਾਰਾਂ ਨੂੰ ਮੰਨਣ ਦੀ ਪੂਰਨ ਤੌਰ 'ਤੇ ਆਜ਼ਾਦੀ ਹੋਣੀ ਚਾਹੀਦੀ ਹੈ। ਕਿਸੇ ਵੀ ਦੂਜੇ ਬੰਦੇ ਜਾਂ ਕਿਸੇ ਸਿਆਸੀ, ਸਰਕਾਰੀ ਜਾਂ ਗੈਰ ਸਰਕਾਰੀ ਤਾਕਤ ਨੂੰ ਲੋਕਾਂ ਦੇ ਇਸ ਜਾਤੀ ਵਿਚਾਰ ਵਿਚ ਦਖਲ ਅੰਦਾਜ਼ੀ ਕਰਨ ਦਾ ਹੱਕ ਨਹੀਂ ਹੋਣਾ ਚਾਹੀਦਾ। ਪਰ ਨਾਲ ਹੀ ਜਥੇਬੰਧਕ ਧਰਮਾਂ ਤੋਂ ਇਹ ਹੱਕ ਖੋਹਣਾ ਚਾਹੀਦਾ ਹੈ ਕਿ ਉਹ ਲੋਕਾਂ ਉੱਪਰ ਆਪਣੇ ਵਿਚਾਰ ਠੋਸਣ।

ਅਸੀਂ ਕਨੇਡਾ ਵਿਚ ਰਹਿ ਰਹੇ ਹਾਂ। ਇਹ ਆਮ ਲੋਕਾਂ ਦੇ ਰਹਿਣ ਲਈ ਇਕ ਚੰਗਾ ਮੁਲਕ ਮੰਨਿਆ ਜਾ ਰਿਹਾ ਹੈ ਤੇ ਹੈ ਵੀ। ਮੇਰੇ ਵਿਚਾਰ ਵਿਚ ਇਸ ਦਾ ਮੁੱਖ ਕਾਰਨ ਏਥੇ ਧਰਮ ਤੇ ਸਟੇਟ ਵਿਚ ਦੂਰੀ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਕੋਈ ਆਪਣੇ ਆਪ ਵਾਪਰੀ ਗੱਲ ਨਹੀਂ ਹੈ, ਇਸ ਲਈ ਬਹੁਤ ਸਾਰੇ ਲੋਕਾਂ ਨੇ ਜੱਦੋਜਹਿਦ ਕੀਤੀ ਹੈ। ਕੋਈ ਵੀ ਧਰਮ ਤਾਕਤ ਤੋਂ ਪਾਸੇ ਨਹੀਂ ਹੋਣਾ ਚਾਹੁੰਦਾ ਸਗੋਂ ਹਰ ਧਰਮ ਦੀ ਇਹ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਉਹ ਤਾਕਤ ਦਾ ਹਿੱਸਾ ਹੀ ਨਾ ਹੋਵੇ ਸਗੋਂ ਤਾਕਤ ਹੋਵੇ ਹੀ ਉਹਦੇ ਹੱਥ ਵਿਚ। ਤੇ ਅਸੀਂ ਦੇਖ ਸਕਦੇ ਹਾਂ ਕਿ ਜਿਨ੍ਹਾਂ ਮੁਲਕਾਂ ਵਿਚ ਤਾਕਤ ਧਾਰਮਿਕ ਸ਼ਕਤੀਆਂ ਦੇ ਹੱਥ ਵਿਚ ਹੈ ਉਥੇ ਜੀਵਨ ਕਿਹੋ ਜਿਹਾ ਹੈ।

ਸਾਨੂੰ ਸਾਵਧਾਨ ਰਹਿਣ ਦੀ ਲੋੜ ਹੈ ਕਿ ਕਿਤੇ ਸਾਡਾ ਇਹ ਮੁਲਕ ਕਨੇਡਾ ਵੀ ਮੁੜ ਕੇ ਉਸ ਪਾਸੇ ਵਲ ਨੂੰ ਨਾ ਸਰਕ ਜਾਵੇ। ਕਈ ਕੁਝ ਬੜਾ ਖਤਰਨਾਕ ਵਾਪਰ ਰਿਹਾ ਹੈ ਜਿਸ ਵਿਚ ਸਾਡਾ ਆਪਣਾ ਭਾਈਚਾਰਾ ਵੀ ਸ਼ਾਮਲ ਹੈ। ਕਨੇਡਾ ਵਿਚਲੇ ਸਾਡੇ ਭਾਈਚਾਰੇ ਦੀ ਕੋਈ ਵੀ ਗੈਰ-ਧਾਰਮਿਕ ਸੰਸਥਾ ਏਨੀ ਤਾਕਤ ਵਾਲੀ ਨਹੀਂ ਕਿ ਉਹ ਲੋਕਾਂ ਦੇ ਸਿਆਸੀ ਵਿਚਾਰਾਂ ਨੂੰ ਪ੍ਰਭਾਵਿਤ ਕਰ ਸਕੇ ਜਾਂ ਸੇਧ ਦੇ ਸਕੇ। ਨਤੀਜੇ ਵਜੋਂ ਭਾਈਚਾਰੇ ਦੀ ਸਿਆਸੀ ਤਾਕਤ ਧਾਰਮਿਕ ਸੰਸਥਾਵਾਂ ਦੇ ਹੱਥ ਵਿਚ ਹੈ। ਇਸ ਗੱਲ ਨੂੰ ਏਥੋਂ ਦੇ ਹਰ ਪਾਰਟੀ ਦੇ ਸਿਆਸੀ ਲੋਕ ਵੀ ਸਮਝਦੇ ਤੇ ਜਾਣਦੇ ਹਨ। ਸਾਡੇ ਸਾਰੇ ਧਾਰਮਿਕ ਅਦਾਰੇ ਸਿਆਸੀ ਲੋਕਾਂ ਨੂੰ ਸੱਦਦੇ ਹਨ, ਸਨਮਾਨਿਤ ਕਰਦੇ ਹਨ ਅਤੇ ਲੋਕਾਂ ਨੂੰ ਵੋਟ ਪਾਉਣ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਤਸਾਹਿਤ ਕਰਦੇ ਹਨ। ਇਹ ਇਕ ਸੈਕੂਲਰ ਤੇ ਡੈਮੋਕਰੈਟਿਕ ਮੁਲਕ ਲਈ ਕਿਸੇ ਤਰ੍ਹਾਂ ਵੀ ਵਧੀਆ ਰੁਝਾਨ ਨਹੀਂ ਹੈ। ਜਿਹੜੀ ਵੀ ਸਿਆਸੀ ਪਾਰਟੀ ਸੂਬੇ ਦੀ ਪੱਧਰ 'ਤੇ ਜਾਂ ਕੇਂਦਰ ਵਿਚ ਸਰਕਾਰ ਬਣਾਉਂਦੀ ਹੈ ਉਹ ਧਾਰਮਿਕ ਸੰਸਥਾਵਾਂ ਵਲੋਂ ਮਿਲੇ ਸਹਿਯੋਗ ਬਦਲੇ ਧਾਰਮਿਕ ਅਦਾਰਿਆਂ ਨੂੰ ਗਰਾਂਟਾਂ ਦਿੰਦੇ ਹਨ ਤੇ ਹੋਰ ਵੀ ਲੋੜੀਂਦੀ ਸਹਾਇਤਾ ਦਿੰਦੇ ਹਨ। ਕੋਈ ਵੀ ਸਰਕਾਰ ਸਾਡੇ ਭਾਈਚਾਰੇ ਦੇ ਹੋਰ ਪੱਖਾਂ ਵੱਲ ਉਨਾਂ ਧਿਆਨ ਨਹੀਂ ਦਿੰਦੀ। ਤੀਜੇ ਚੌਥੇ ਥਾਂ ਹੋਣ ਦੇ ਬਾਵਜੂਦ ਸਾਡੀ ਬੋਲੀ ਨੂੰ ਸਰਕਾਰ ਵਲੋਂ ਕਿਸੇ ਕਿਸਮ ਦੀ ਕੋਈ ਇਮਦਾਦ ਨਹੀਂ ਮਿਲ ਰਹੀ। ਸਰਕਾਰੀ ਤੌਰ 'ਤੇ ਸਾਡੀ ਬੋਲੀ ਅਜੇ ਵੀ ਕਨੇਡਾ ਵਿਚ ਬਦੇਸ਼ੀ ਬੋਲੀ ਹੈ। ਸਾਡੇ ਸਾਹਿਤ ਨੂੰ ਨਾ ਤਾਂ ਕਨੇਡੀਅਨ ਸਾਹਿਤ ਮੰਨਿਆ ਜਾ ਰਿਹਾ ਹੈ ਤੇ ਨਾ ਹੀ ਇਸ ਦੇ ਵਾਧੇ ਲਈ ਕਿਸੇ ਵੀ ਪੱਧਰ 'ਤੇ ਕਿਸੇ ਕਿਸਮ ਦੀ ਕੋਈ ਇਮਦਾਦ ਨਹੀਂ ਮਿਲ ਰਹੀ। ਪਰ ਸਾਡਾ ਭਾਈਚਾਰਾ ਧਾਰਮਿਕ ਅਦਾਰਿਆਂ ਦੇ ਵਾਧੇ ਨੂੰ ਲੈ ਕੇ ਹੀ ਹਰ ਵੇਲੇ ਕੱਛਾਂ ਬਜਾਉਂਦਾ ਰਹਿੰਦਾ ਹੈ। ਇਹ ਸਾਡੇ ਲਈ ਫਿਕਰ ਵਾਲੀ ਗੱਲ ਹੋਣੀ ਚਾਹੀਦੀ ਹੈ। ਕਨੇਡਾ ਵਿਚ ਰਹਿੰਦਿਆਂ ਭਗਤ ਸਿੰਘ ਨੂੰ ਯਾਦ ਕਰਨ ਦਾ ਤਾਂ ਹੀ ਕੋਈ ਫਾਇਦਾ ਹੈ ਜੇ ਅਸੀਂ ਉਸ ਦੇ ਵਿਚਾਰਾਂ ਤੋਂ ਸੇਧ ਲੈ ਕੇ ਇਸ ਸਮਾਜ ਨੂੰ ਸਹੀ ਪਾਸੇ ਵਲ ਲੈ ਜਾਣ ਦੀ ਕੋਸ਼ਿਸ਼ ਕਰੀਏ। ਭਗਤ ਸਿੰਘ ਨੇ ਸਿਰਫ ਸ਼ੌਕ ਵਜੋਂ ਨਾਸਤਿਕ ਹੋਣ ਦਾ ਐਲਾਨ ਨਹੀਂ ਸੀ ਕੀਤਾ। ਉਹ ਧਰਮ ਦੇ ਨਾਂ-ਪੱਖੀ ਰੋਲ ਬਾਰੇ ਬਹੁਤ ਚੇਤਨ ਸੀ ਤੇ ਚਾਹੁੰਦਾ ਸੀ ਕਿ ਏਨੀ ਵੱਡੀ ਪੱਧਰ 'ਤੇ ਗੁਆਈ ਜਾ ਰਹੀ ਸ਼ਕਤੀ ਤੇ ਸਮਾਂ ਬਰਬਾਦ ਕਰਨ ਤੋਂ ਸਮਾਜ ਨੂੰ ਰੋਕਿਆ ਜਾਵੇ।

ਕਨੇਡਾ ਦੇ ਸਮਾਜ ਨੂੰ ਧਰਮ ਤੋਂ ਕੀ ਖਤਰਾ ਹੋ ਸਕਦਾ ਹੈ?

ਇਸ ਖਤਰੇ ਦੀ ਇਕ ਉਦਾਹਰਨ ਵਜੋਂ ਅਸੀਂ ਧਾਰਮਿਕ ਅਧਾਰ ਵਾਲੇ ਪ੍ਰਾਈਵੇਟ ਸਕੂਲਾਂ ਦੀ ਗੱਲ ਕਰ ਸਕਦੇ ਹਾਂ। ਜਿਸ ਤਰੀਕੇ ਨਾਲ ਕਨੇਡਾ ਵਿਚ ਪ੍ਰਾਈਵੇਟ ਸਕੂਲ, ਤੇ ਖਾਸ ਕਰ ਧਾਰਮਿਕ ਸਕੂਲ ਇਸ ਵੇਲੇ ਵਧ ਫੁਲ ਰਹੇ ਹਨ ਉਸ ਬਾਰੇ ਵਿਚਾਰ ਕਰਨ ਦੀ ਲੋੜ ਹੈ। ਕਨੇਡਾ ਦੇ ਬਹੁਤ ਸਾਰੇ ਸੂਬਿਆਂ ਵਿਚ ਸੂਝਵਾਨ ਅਧਿਆਪਕਾਂ ਨੇ ਲੰਮੀ ਜੱਦੋ-ਜਹਿਦ ਦੇ ਸਿੱਟੇ ਵਜੋਂ ਸਕੂਲਾਂ ਵਿਚ ਧਾਰਮਿਕ ਅਰਦਾਸਾਂ ਤੇ ਧਾਰਮਿਕ ਪਰਚਾਰ 'ਤੇ ਰੋਕ ਲਗਵਾ ਰੱਖੀ ਹੈ। ਪਰ ਹੁਣ ਪ੍ਰਾਈਵੇਟ ਸਕੂਲਾਂ ਵਿਚ ਧਾਰਮਿਕ ਪਰਚਾਰ ਸਿੱਖਿਆ ਦਾ ਹਿੱਸਾ ਬਣ ਰਹੇ ਹਨ। ਇਹ ਖਤਰਨਾਕ ਰੁਝਾਨ ਹੈ। ਆਉਣ ਵਾਲੇ ਸਮੇਂ ਵਿਚ ਇਹਦੇ ਮਾੜੇ ਸਿੱਟੇ ਨਿਕਲ ਸਕਦੇ ਹਨ।

ਪ੍ਰਾਈਵੇਟ ਸਕੂਲ ਲੋਕਾਂ ਦੇ ਟੈਕਸ ਦੇ ਪੈਸੇ ਨਾਲ ਚੱਲ ਰਹੇ ਹਨ। ਸਰਕਾਰਾਂ ਪਬਲਿਕ ਵਿਦਿਆ ਉੱਪਰ ਖਰਚ ਆਉਂਦਾ ਪੈਸਾ ਘਟਾ ਰਹੀਆਂ ਹਨ। ਜੇ ਇਹ ਰੁਝਾਨ ਇਸੇ ਤਰ੍ਹਾਂ ਰਿਹਾ ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਪਬਲਿਕ ਸਕੂਲਾਂ (ਸਰਕਾਰੀ ਸਕੂਲਾਂ) ਦੀ ਸਥਿਤੀ ਵਿਗੜਦੀ ਜਾਏਗੀ ਤੇ ਫੇਰ ਹਰ ਕਿਸੇ ਨੂੰ ਮਜਬੂਰਨ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਦਾਖਲ ਕਰਵਾਉਣਾ ਪਏਗਾ। ਅਸੀਂ ਪੰਜਾਬ ਵਿਚ ਕਾਫੀ ਦੇਰ ਤੋਂ ਇਹ ਵਾਪਰ ਰਿਹਾ ਦੇਖ ਰਹੇ ਹਾਂ। ਕਨੇਡਾ ਦੇ ਵਿਦਿਅਕ ਢਾਂਚੇ ਦੇ ਭਵਿੱਖ ਬਾਰੇ ਸਾਨੂੰ ਫਿਕਰ ਕਰਨਾ ਚਾਹੀਦਾ ਹੈ। ਅਧਿਆਪਕ, ਜਿਵੇਂ ਬੀ ਸੀ ਟੀਚਰਜ਼ ਫੈਡਰੇਸ਼ਨ, ਅਜੇ ਵੀ ਕੋਸ਼ਿਸ਼ ਕਰਦੇ ਹਨ ਕਿ ਪਬਲਿਕ ਸਕੂਲਾਂ ਦੀ ਹਾਲਤ ਏਨੀ ਨਾ ਵਿਗੜੇ। ਜਿੰਨਾ ਉਹ ਆਪਣੀਆਂ ਤਨਖਾਹਾਂ ਲਈ ਜੱਦੋਜਹਿਦ ਕਰਦੇ ਹਨ ਉਨਾਂ ਹੀ ਬੀ ਸੀ ਵਿਚ ਵਿਦਿਆ ਦੀ ਪੱਧਰ ਨੂੰ ਕਾਇਮ ਰੱਖਣ ਲਈ ਵੀ ਆਵਾਜ਼ ਉਠਾਉਂਦੇ ਹਨ। ਸੰਭਵ ਹੈ ਕਿ ਏਹੀ ਕੁਝ ਓਨਟੈਰੀਓ ਜਾਂ ਹੋਰ ਸੂਬਿਆਂ ਵਿਚ ਵੀ ਹੋ ਰਿਹਾ ਹੋਵੇ। ਸਾਨੂੰ ਉਨ੍ਹਾਂ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਪਤਾ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਸਾਥ ਦੇਣਾ ਚਾਹੀਦਾ ਹੈ।

ਅਜੋਕੇ ਸਮੇਂ ਦੀ ਇਕ ਵੱਡੀ ਲੋੜ ਧਰਮ ਤੇ ਸਿਆਸਤ ਵਿਚ ਵੱਧ ਤੋਂ ਵੱਧ ਦੂਰੀ ਪੈਦਾ ਕਰਨ ਦੀ ਹੈ। ਕਨੇਡਾ ਵਿਚ ਜਿਸ ਤਰੀਕੇ ਨਾਲ ਧਰਮ ਤੇ ਸਿਆਸਤ ਅਤੇ ਵਿਦਿਆ ਵਰਗੇ ਅਦਾਰਿਆਂ ਵਿਚ ਇਹ ਦੂਰੀ ਘਟਾਈ ਜਾ ਰਹੀ ਹੈ, ਇਹ ਗੱਲ ਸਾਡੇ ਲਈ ਚਿੰਤਾ ਵਾਲੀ ਹੋਣੀ ਚਾਹੀਦੀ ਹੈ। ਜਥੇਬੰਦ ਧਰਮਾਂ ਨੂੰ ਟੈਕਸ ਦੀਆਂ ਛੋਟਾਂ ਤੇ ਗਰਾਂਟਾਂ ਰਾਹੀਂ ਮਿਲਦੀ ਸਰਕਾਰੀ ਇਮਦਾਦ ਬੰਦ ਹੋਣੀ ਚਾਹੀਦੀ ਹੈ। ਬੱਚਿਆਂ ਨੂੰ ਦਿੱਤੀ ਜਾ ਰਹੀ ਧਾਰਮਿਕ ਸਿੱਖਿਆ ਨੂੰ ਸਰਕਾਰੀ ਤੇ ਕਾਨੂੰਨੀ ਮਾਨਤਾ ਜਾਂ ਇਮਦਾਦ ਨਹੀਂ ਹੋਣੀ ਚਾਹੀਦੀ। ਇਹ ਰੁਝਾਨ ਆਉਣ ਵਾਲੇ ਸਮੇਂ ਦੌਰਾਨ ਕਨੇਡੀਅਨ ਸਮਾਜ ਨੂੰ ਵੀ ਉਸੇ ਕਿਸਮ ਦੇ ਮਾਹੌਲ ਵਿਚ ਬਦਲ ਸਕਦਾ ਹੈ ਜਿਸ ਕਿਸਮ ਦਾ ਮਾਹੌਲ ਅਸੀਂ ਦੁਨੀਆਂ ਦੇ ਉਨ੍ਹਾਂ ਮੁਲਕਾਂ ਵਿਚ ਦੇਖ ਰਹੇ ਹਾਂ ਜਿੱਥੇ ਧਰਮ ਤੇ ਸਿਆਸਤ ਵਿਚਕਾਰ ਕੋਈ ਦੂਰੀ ਨਹੀਂ ਹੈ।

ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਸ਼ਹੀਦ ਭਗਤ ਸਿੰਘ ਦੀ ਪਹੁੰਚ ਅਤੇ ਵਿਚਾਰਾਂ ਤੋਂ ਸੇਧ ਲੈ ਕੇ ਆਪਣੇ ਆਲੇ ਦੁਆਲੇ ਦੇ ਸਮਾਜ ਨੂੰ ਸਮਝੀਏ ਅਤੇ ਇਸ ਨੂੰ ਇਨਸਾਨ ਦੇ ਰਹਿਣਯੋਗ ਬਣਾਉਣ ਲਈ ਹੋ ਰਹੀਆਂ ਕੋਸ਼ਿਸ਼ਾਂ ਵਿਚ ਭਾਈਵਾਲ ਬਣੀਏ। ਸ਼ਹੀਦ ਭਗਤ ਸਿੰਘ ਲਈ ਇਹ ਸਹੀ ਸ਼ਰਧਾਂਜਲੀ ਹੋਵੇਗੀ।

sadhu.binning@gmail.com
604-437-9014

## ਨਾਸਤਿਕ ਹੋਣ ਬਾਅਦ

ਨਾਸਤਿਕ ਹੋਣ ਬਾਅਦ
ਜੀਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ
ਚਾਲ ਤਾਂ ਭਾਵੇਂ ਪਹਿਲਾਂ ਵੀ ਮਾੜੀ ਨਾ ਹੋਵੇ
ਫੇਰ ਤਾਂ ਹੁਲਾਰਾ ਹੀ ਕੁਝ ਹੋਰ ਹੁੰਦਾ ਹੈ

ਨਾਸਤਿਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ ਭਾਰ ਲਹਿ ਜਾਂਦਾ ਹੈ
ਹਲਕੇ ਸੁਰਖ਼ਰੂ ਹੋਣ ਦਾ
ਮਿੱਠਾ ਜਿਹਾ ਅਹਿਸਾਸ ਬਾਕੀ ਰਹਿ ਜਾਂਦਾ ਹੈ

ਨਾਸਤਿਕ ਹੋਣ ਬਾਅਦ
ਚੱਲੇ ਪਤਾ
ਡਰ ਡਰ ਕੇ ਜੀਣ ਵਿਚ
ਨਹੀਂ ਕੋਈ ਮਜ਼ਾ
ਇਹ ਜੀਵਨ
ਨਾ ਚੰਗੇ ਕਰਮਾਂ ਦਾ ਫਲ਼
ਨਾ ਮਾੜੇ ਕਰਮਾਂ ਦੀ ਸਜ਼ਾ
ਨਾ ਸਵਰਗਾਂ ਦੀ ਆਸ
ਨਾ ਨਰਕਾਂ ਦਾ ਡਰ
ਬਸ ਜੀਓ ਤੇ ਜੀਣ ਦਿਓ
ਨਾ ਕਿਸੇ ਤੋਂ ਡਰੋ ਨਾ ਡਰਾਓ

ਨਾਸਤਿਕ ਹੋਣ ਬਾਅਦ ਲੱਗਦਾ ਹੈ ਪਤਾ
ਇਹ ਸਿਰ ਸੋਚਣ ਲਈ
ਤੇ ਸੋਚ ਕਾਰਨ ਹੀ ਬਣਿਆ ਹੈ
ਇਹ ਨਹੀਂ ਬਣਿਆਂ ਕਿਸੇ ਅੱਗੇ ਝੁਕਾਉਣ ਲਈ
ਟੋਪੀਆਂ, ਪੱਗਾਂ ਅਤੇ ਕਲਗੀਆਂ ਸਜਾਉਣ ਲਈ

ਨਾਸਤਿਕ ਹੋਣ ਬਾਅਦ
ਆਉਂਦਾ ਹੈ ਆਨੰਦ ਖਾਣ ਤੇ ਹੰਢਾਉਣ ਦਾ
ਸਾਰੀਆਂ ਬੇਹੂਦਾ ਬੰਦਸ਼ਾਂ ਤੋਂ ਆਜ਼ਾਦ
ਕੀ ਖਾਣਾ ਤੇ ਕੀ ਨਹੀਂ
ਕਿਹੜੇ ਦਿਨ ਖਾਣਾ ਤੇ ਕਿਹੜੇ ਨਹੀਂ
ਪਿੰਡੇ 'ਤੇ ਕੀ ਪਾਉਣਾ ਹੈ ਕੀ ਨਹੀਂ
ਸਿਰ ਮੂੰਹ 'ਤੇ ਉੱਗੇ ਵਾਲ਼ਾਂ ਨੂੰ
ਹੈ ਰੱਖਣਾ ਕੱਟਣਾ ਜਾਂ
ਇਸ ਤਰ੍ਹਾਂ ਉਸ ਤਰ੍ਹਾਂ ਵਾਹੁਣਾ

ਨਾਸਤਿਕ ਹੋਣ ਬਾਅਦ ਪੈਂਦੀ ਹੈ ਸਮਝ
ਇਨਸਾਨ ਬਣ ਕੇ ਜੀਣ ਦੀ
ਤੇ ਦੂਜਿਆਂ ਨੂੰ ਇਨਸਾਨ ਦੇਖਣ ਦੀ
ਬੜਾ ਅਜੀਬ ਹੁੰਦਾ ਹੈ ਅਨੁਭਵ
ਕੋਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨਹੀਂ
ਕੋਈ ਵੱਡੀ ਤੇ ਛੋਟੀ ਜਾਤ ਨਹੀਂ
ਕੋਈ ਕਾਲ਼ਾ ਗੋਰਾ ਭੂਰਾ ਤੇ ਪੀਲ਼ਾ ਨਹੀਂ
ਸਿਰਫ ਤੇ ਸਿਰਫ ਇਨਸਾਨ
ਤੁਹਾਡੇ ਵਾਂਗ ਹੱਡ ਮਾਸ ਦੇ ਬਣੇ
ਤੁਹਾਡੇ ਵਾਲੀ ਹਵਾ 'ਚ ਸਾਹ ਲੈਂਦੇ
ਤੁਹਾਡੇ ਵਾਂਗ ਹੀ ਹੱਸਦੇ ਖੇਲਦੇ
ਇਹ ਕੋਈ ਛੋਟੀ ਜਿਹੀ ਨਹੀਂ ਗੱਲ
ਇਹ ਜੀਵਨ 'ਚ ਹੌਂਸਲੇ ਨਾਲ ਮਾਰੀ
ਬਹੁਤ ਵੱਡੀ ਛਾਲ ਹੁੰਦੀ ਹੈ
ਇਸ ਛਾਲ ਬਾਅਦ
ਧਰਤੀ 'ਤੇ ਮੁੜ ਲੱਗੇ ਪੈਰ
ਵੱਖਰੀ ਹੀ ਲੈਅ ਵਿਚ
ਵੱਖਰੀ ਹੀ ਖ਼ੁਸ਼ੀ ਵਿਚ ਨੱਚਦੇ ਹਨ

ਨਾਸਤਿਕ ਹੋਣ ਬਾਅਦ
ਮਨੁੱਖੀ ਇਤਿਹਾਸ ਤੋਂ ਹੈਰਾਨ ਰਹਿ ਜਾਂਦੇ ਹੋ
ਜਦ ਮਿਲਦੇ ਹੋ ਸਦੀਆਂ ਪਹਿਲਾਂ ਹੋਏ
ਚਾਰਵਾਕ, ਬੁੱਧ, ਐਪੀਕਿਊਰੀਅਸ
ਸਿਸਰੋ, ਸੈਨੇਕਾ ਜਿਹੇ ਨਾਸਤਿਕ ਬਾਣੀ ਦੇ ਰਚੇਤਿਆਂ ਨੂੰ
ਜਿਨ੍ਹਾਂ ਨੇ ਸਿੰਜਿਆ ਹੈ ਇਸ ਮਹਿਕਦੀ ਸੋਚ ਨੂੰ
ਤੇ ਕਈਆਂ ਇਸ ਵਿਚ ਡੋਲ੍ਹਿਆ ਹੈ ਆਪਣਾ ਖ਼ੂਨ ਵੀ

ਨਾਸਤਿਕ ਹੋਣ ਬਾਅਦ
ਤੁਸੀਂ ਅੰਬਰਾਂ ਵੱਲ ਵੱਖਰੀ ਨੀਝ ਨਾਲ ਦੇਖਦੇ ਹੋ
ਇਹ ਜਾਣ ਕੇ ਕਿ ਅਰਬਾਂ ਖਰਬਾਂ
ਤਾਰਿਆਂ ਸਿਤਾਰਿਆਂ ਮੁਕਾਬਲੇ
ਧਰਤੀ ਦੀ ਹੋਂਦ ਤਾਂ ਰੇਤ ਦੇ ਕਿਣਕੇ ਜਿੰਨੀ ਵੀ ਨਹੀਂ
ਹੌਲੀ ਹੌਲੀ ਗੱਲ ਨੂੰ ਸਮਝ
ਅਸਲੋਂ ਹੀ ਨਵੇਂ ਅਹਿਸਾਸ ਨਾਲ ਭਰ ਜਾਂਦੇ ਹੋ

ਨਾਸਤਿਕ ਹੋਣ ਬਾਅਦ
ਜਦੋਂ ਅਸਲੀਅਤ ਸਾਹਮਣੇ ਆਵੇ
ਧਰਤੀ ਉੱਤਲਾ ਸਮੁੱਚਾ ਜੀਵਨ
ਇਕ ਲੜੀ 'ਚ ਪਰੋਇਆ
ਪਸ਼ੂ ਪੰਛੀ ਰੁੱਖ ਵੇਲ ਬੂਟੇ
ਫੇਰ ਰਤਾ ਲੱਗਣ ਨਾ ਪਰਾਏ

ਨਾਸਤਿਕ ਹੋਣ ਬਾਅਦ ਬਦਲ ਜਾਂਦਾ ਹੈ
ਆਸਾ ਪਾਸਾ ਤੇ ਖ਼ੁਦ ਤੁਹਾਡਾ ਖਾਸਾ ਵੀ
ਵਾਹ ਵਾਹ ਕਰ ਉੱਠਦੇ ਹੋ ਤੁਸੀਂ
ਤੇ ਆਪ ਮੁਹਾਰੇ ਗਾਉਣ ਲਗਦੇ ਹੋ
ਇਸ ਨੂੰ ਕਹਿੰਦੇ ਹਨ ਜ਼ਿੰਦਗੀ, ਆਜ਼ਾਦੀ
ਹਰ ਕਿਸਮ ਦੇ ਵਹਿਮਾਂ ਭਰਮਾਂ ਤੋਂ ਮੁਕਤ

ਪਰ ਇਸ ਗੱਲ ਦੀ ਮਸਝ
ਸਿਰਫ ਸੁਣਿਆਂ ਨਹੀਂ ਪੈਂਦੀ
ਇਸ ਨੂੰ ਤਾਂ ਜਾਣਿਆਂ ਜਾ ਸਕਦਾ ਹੈ
ਖ਼ੁਦ ਹੰਢਾ ਕੇ ਹੀ
ਨਾਸਤਿਕ ਹੋਣ ਬਾਅਦ

- ਸਾਧੂ ਬਿਨਿੰਗ

## ਕੀਹਨੂੰ ਵਧਾਈ ਦੇਵਾਂ ?

ਕੀਹਨੂੰ ਵਧਾਈ ਦੇਵਾਂ
ਇਸ ਆਜ਼ਾਦੀ ਦਿਵਸ ਦੀ...
ਨਸ਼ਿਆਂ ਵਿੱਚ ਡੁੱਬੇ ਪੁੱਤਾਂ ਨੂੰ
ਜਾਂ ਬੰਜਰ ਕੁੱਖਾਂ ਨੂੰ ?
ਸੰਤਾਪ ਹੰਢਾਦੀਆਂ ਨੂੰਹਾਂ ਧੀਆਂ ਨੂੰ
ਗੱਲ - ਗੱਲ ਤੇ ਕਲੇਸ਼
ਕਰਦੇ ਜਿਗਰਿਆਂ ਨੂੰ
ਖ਼ੂਨ 'ਚ ਮਨਫ਼ੀ ਹੋ ਚੁੱਕੇ ਤੱਤਾਂ ਨੂੰ
ਭਟਕੀਆਂ ਹੋਈਆਂ ਮੱਤਾਂ ਨੂੰ ?
ਦਿਨ - ਦਿਹਾੜੇ ਹੁੰਦੇ
ਧੋਖੇ , ਠੱਗੀਆਂ, ਬਲਾਤਕਾਰ ਅਤੇ ਕਤਲਾਂ ਨੂੰ
ਅਣਖ ਬਚਾਂਦਿਆਂ ਮਰਦੇ ਯਤਨਾਂ ਨੂੰ ?
ਡਾਢੇ ਰਾਜਿਆਂ ਨੂੰ
ਦਾਜ ਦੀਆਂ ਲਾਲਚੀ ਸਦੂੰਕੜੀਆਂ
ਮੂਹਰੇ ਲੇਲੜੀਆਂ ਕੱਢਦੀਆਂ ਮੁਟਿਆਰਾਂ ਨੂੰ
ਜਾਂ ਕੰਨਾਂ 'ਚ ਰੂੰ ਦੇ ਕੇ ਸੁੱਤੀਆਂ ਸਰਕਾਰਾਂ ਨੂੰ ?
ਦੇਸ਼ - ਭਗਤੀ ਦੇ ਤਰਾਨਿਆਂ ਤੋਂ
ਸੱਖਣੇ ਬਾਲਾਂ ਨੂੰ
ਗੱਲ - ਗੱਲ ਤੇ ਬਦੂੰਕਾਂ ਤਾਨਣ
ਵਾਲੇ ਵਾਰਿਸਾਂ ਨੂੰ
ਖ਼ੁਦਕਸ਼ੀਆਂ ਕਰ ਰਹੇ ਕਿਸਾਨਾਂ ਨੂੰ
ਵਹੀਖਾਤੇ ਵਿੱਚ ਭਟਕੇ ਸਿਰਨਾਵਿਆਂ ਨੂੰ
ਕਰਜ਼ਿਆਂ ਤੋਂ ਲੁੱਕਦੇ ਪ੍ਰਛਾਂਵਿਆਂ ਨੂੰ ?
ਸ਼ਮਸ਼ਾਨ ਘਾਟ ਵੱਲ ਵੱਧਦੀਆਂ
ਚਿੱਟੀਆਂ ਚੁੰਨੀਆਂ ਨੂੰ
ਥਾਂ - ਥਾਂ ਤੇ ਖੁੱਲ੍ਹੇ ਪਾਖੰਡੀਆਂ
ਦੇ ਡੇਰਿਆਂ ਨੂੰ
ਜਾਂ ਚਾਨਣ ਤੋਂ ਵਿਰਵੇ ਹੋਏ
ਸਮਿਆਂ ਦੇ ਕਾਲੇ ਹਨ੍ਹੇਰਿਆਂ ਨੂੰ ?
ਕੁੜੀਆਂ ਕੁੱਖੇ ਮਾਰ ਕੇ ਲਈਆਂ ਔਲਾਦਾਂ ਨੂੰ
ਜਾਂ ਅੰਦਰੋ - ਅੰਦਰ ਪੈਦਾ ਕੀਤੇ ਫ਼ਸਾਦਾਂ ਨੂੰ ?
ਮਾਫ਼ ਕਰਨਾ ।
ਅੱਜ ਦੀ ਵਧਾਈ ਮੂੰਹੋ ਨਹੀਂ ਸੱਜਣੀ
ਪੱਤ ਮੇਰੇ ਮੁਲਕ ਦੀ
ਚਾਰ ਸ਼ਬਦਾਂ ਨਾਲ ਨਹੀਂ ਕੱਜਣੀ
ਹਾਂ , ਜੇ ਕੋਈ
ਪ੍ਰੇਰਨਾ, ਹਿੰਮਤ, ਅਣਖੀ ਜਗਿਆਸਾ ,
ਉੱਚੇ ਇਰਾਦੇ
ਪੜ੍ਹਦੇ - ਸੁਣਦੇ ਜਾਂ ਦੇਖਦੇ ਹੋਣ
ਤਾਂ ਹੋਰਾਂ ਨੂੰ ਕਾਫ਼ਲੇ ਵਿੱਚ
ਸ਼ਾਮਿਲ ਜ਼ਰੂਰ ਕਰ ਲੈਣ

- ਜੱਗੀ ਬਰਾੜ ਸਮਾਲਸਰ

## ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ

ਵਿਚ ਮੈਦਾਨੇ ਕੁੱਦਣ ਵਾਲੇ, ਮੁੱਠ ਹੱਡੀਆਂ ਦੀ ਬਣਗੇ
ਵੈਰੀ ਅੱਗੇ ਕੀ ਹਿੱਕ ਡਹੁਣਗੇ, ਜਿਹੜੇ ਖ਼ੁਦ ਹੀ ਫਣਗੇ
ਦੇਸ਼ ਕੌਮ 'ਤੇ ਭੀੜ ਪਈ ਤੋਂ, ਕੌਣ ਦੇਊ ਕੁਰਬਾਨੀ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

ਦੇਖ-ਦੇਖ ਕੇ ਆਉਂਦੇ ਚੱਕਰ, ਮਨ ਪਿਆ ਗੋਤੇ ਖਾਂਦਾ
ਕੋਈ ਚਿਲਮਾਂ, ਸੀਸੀ, ਸਿਗਰਟਾਂ ਕੋਈ ਪੈੱਗ ਟਕਰਾਂਦਾ
ਗਲੀਆਂ, ਟੋਭੇ ਰੁਲਦੀ ਫਿਰਦੀ ਚੋਬਰਾਂ ਦੀ ਭਲਵਾਨੀ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

ਹਰ ਪਿੰਡ ਮੋੜ ਤੇ ਖੁੱਲ੍ਹਿਆ ਠੇਕਾ, ਸ਼ਰੇਆਮ ਨਸ਼ੇ ਦੁਕਾਨਾਂ
ਦੇਖ ਦੁਹੱਥੜੇ ਪਿਟਣ ਖੜ੍ਹੀਆਂ, ਮਾਈਆਂ ਤੇ ਰੁਕਾਨਾਂ
ਘਰ 'ਚੋਂ ਆਟਾ, ਦਾਲਾਂ ਮੁੱਕੀਆਂ, ਹੋਗੀ ਜਿੰਦ ਦੁਆਨੀ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

ਮਾਪਿਆਂ ਦੀ ਜਿੰਦ ਖੇਹ ਨੇ ਕਰਦੇ, ਮਾਰਨ ਡਾਕੇ ਚੋਰੀ
ਫਿਰ ਕੋਈ ਜਦ ਰਾਹ ਨਾ ਲਭੇ, ਦਿਖਾਵਣ ਸੀਨਾਜੋਰੀ
ਲੱਤ ਨਸ਼ੇ ਦੀ ਹੋਵੇ ਪੂਰੀ, ਘਿਓ-ਦੁੱਧ ਚੀਜ਼ ਬੇਗਾਨੀ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

ਸੋਨੇ ਜਿਹੀ ਅਨਮੋਲ ਜਵਾਨੀ, ਜੇ ਏਦਾਂ ਹੀ ਰੁੜ੍ਹ ਗਈ
ਜਿਸ ਮੰਜ਼ਿਲ ਲਈ ਆਸ ਅਸਾਡੀ, ਜੇ ਰਸਤੇ ਹੀ ਖੁਰ ਗਈ
ਨਹੀਂ ਸਾਂਝਾ ਭਾਰਤ ਦੇਸ਼ ਅਸਾਡਾ, ਨਾ ਹੀ ਹਿੰਦੋਸਤਾਨੀ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

ਅਣਖਾਂ, ਇੱਜ਼ਤਾਂ ਪੈਰੀਂ ਰੁਲੀਆਂ, ਸ਼ਰਮ ਕਿਸੇ ਨਾ ਆਵੇ
ਸੁੱਧ-ਬੁੱਧ ਨਸ਼ਾ, ਕਬੱਧੂ ਕਰਦਾ, ਪੁੱਠੀ ਨਿਗ੍ਹਾ ਟਿਕਾਵੇ
ਦੋਸਤੀ, ਯਾਰੀ, ਰਿਸ਼ਤੇਦਾਰੀ ਬਣ ਗਈ ਮਹਿਜ਼ ਨਿਸ਼ਾਨੀ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

ਧਰਤ ਮਾਤਾ ਨੂੰ ਟੇਕੋ ਮੱਥਾ, ਮਾਂ ਪੰਜਾਬੀ ਨੂੰ ਸਤਿਕਾਰੋ
ਨਸ਼ਿਆਂ ਦੀ ਜਿਹੜੇ ਕਰਨ ਤਸਕਰੀ, ਦੁਸ਼ਟਾਂ ਨੂੰ ਦੁਰਕਾਰੋ
ਰੁੜ੍ਹ-ਪੁੜ੍ਹ ਕਿਧਰੇ ਵਿਸਰ ਨਾ ਜਾਏ, ਲਾਲਾਂ ਦੀ ਨਿਸ਼ਾਨੀ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

ਪਾਓ ਵੋਟਾਂ, ਛਕਲੋ ਭੰਗਾਂ, ਕੋਈ ਤੋਟ ਨਹੀਂ ਰਹਿਣੀ
ਇਹ ਸਿੱਖਿਆ ਹੈ ਦੇਸ਼ ਮੇਰੇ, ਲੀਡਰਾਂ ਦੇ ਮੂੰਹੋਂ ਕਹਿਣੀ
ਵੱਲ ਥੋਡੇ ਕੋਈ ਝਾਕ ਨ੍ਹੀਂ ਸਕਦਾ, ਵਰਤਣ ਬੜੀ ਸ਼ੈਤਾਨੀ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

'ਸਾਧੂ' ਆਖੇ ਅਵਾਜ਼ ਉਠਾਈਏ, ਨੱਥ ਨਸ਼ਿਆਂ ਨੂੰ ਮਾਰੋ
ਅਮਲ, ਅਸੂਲ ਕਰਵਾਉਣੇ ਪੈਣੇ, ਕਾਗਜ਼ੀ ਡੰਗ ਨਾ ਸਾਰੋ
ਵੇਖੋ ਗੱਭਰੂ ਡਿੱਗਦੇ-ਢਹਿੰਦੇ, ਵਿਚ ਸੜਕਾਂ ਅਤੇ ਖਤਾਨੀਂ
ਦੇਸ਼ ਮੇਰੇ ਦੀ ਰੁੜ੍ਹਦੀ ਜਾਂਦੀ, ਨਸ਼ਿਆਂ ਵਿਚ ਜਵਾਨੀ।

- ਡਾ. ਸਾਧੂ ਰਾਮ ਲੰਗੇਆਣਾ

## ਗਾਥਾ ਪਾਣੀ ਦੀ

ਪੰਜ ਆਬਾਂ ਦੀ ਧਰਤੀ ਉੱਤੇ,
ਚੱਲ ਪਈ ਉਲਟ ਕਹਾਣੀ।
ਪਾਣੀ ਦਿਆ ਸੋਮਿਆਂ ਨੂੰ,
ਲੱਗੀ ਲੁੱਟਣ ਸਾਮਰਾਜੀ ਢਾਣੀ।
ਠੱਗ ਰਹੀਆਂ ਕੰਪਨੀਆਂ,
ਵਿਚ ਬੋਤਲਾਂ ਵਿਕੇਂਦਾ ਪਾਣੀ।
ਧਰਤੀ ਮਾਂ ਧਾਹਾਂ ਮਾਰਦੀ,
ਕੁੱਖੋਂ ਮੁੱਕਦਾ ਜਾ ਰਿਹਾ ਪਾਣੀ।
ਬੰਜਰ ਜ਼ਮੀਨਾਂ ਹੋਣੀਆਂ,
ਪੈਜੂ ਖ਼ਤਰੇ 'ਚ ਜੀਵਨ-ਕਹਾਣੀ।
ਮਿੱਲਾਂ ਵਾਲੇ ਗੰਦ ਘੋਲਦੇ,
ਕੁੱਲ ਦੂਸ਼ਿਤ ਕਰਤੇ ਪਾਣੀ।
ਘਰੋ-ਘਰੀਂ ਘੇਰੇ ਰੋਗ ਨੇ,
ਬਣੇ ਗੱਭਰੂ ਮੌਤ ਦੇ ਹਾਣੀ।
ਹਕੂਮਤਾਂ ਦਲਾਲਾਂ ਹੋ ਗੀਆਂ,
ਕੁੱਤੀ ਬਣਗੀ ਚੋਰ ਦੀ ਰਾਣੀ।
ਜਾਗੋ ਉੱਠੋ ਸੁਤਿਓ ਓਏ,
ਲਿਆਓ ਰਾਜ ਜੋ ਕਿਰਤ ਦਾ ਹਾਣੀ।
ਲੋਟੂਆਂ ਨੂੰ ਹੂੰਝ ਦਿਓ,
ਜੇ ਦੇਸ਼ ਦਾ ਬਚਾਉਣਾ ਪਾਣੀ।
ਲੋਟੂਆਂ ਨੂੰ....।

- ਜਸਪਾਲ ਲਲਤੋਂ

## ਕੁੱਲੀਆਂ ਵਾਲੇ

ਇਕ ਕੁੱਲੀ ਵਿਚ ਮੈਂ ਪੈਦਾ ਹੋਇਆ
ਕਿਸੇ ਨੇ ਮੇਰਾ ਸਭ ਕੁਝ ਖੋਹਿਆ
ਨਰਕ ਹਾਂ ਏਥੇ ਭੋਗਣ ਆਇਆ
ਮੈਂ ਵੀ ਹਾਂ ਭਾਰਤ ਦਾ ਜਾਇਆ।

ਦਿਨ ਚੜ੍ਹਦੇ ਜਦ ਸੁਭਾ ਸਵੇਰੇ
ਸਾਡੇ ਬੱਚੇ ਮਾਰਨ ਪਿੰਡ ਵਿਚ ਗੇੜੇ
ਜੂਠੀ ਚਾਹ ਦੀ ਘੁੱਟ ਮੰਗਣ ਲਈ
ਸਿਰੋਂ ਨੰਗੇ, ਪੈਰੋਂ ਨੰਗੇ, ਹੱਥ ਵਿਚ ਸੋਟੀ
ਭੌਂਕ ਦੇ ਕੁੱਤਿਆਂ 'ਚੋਂ ਲੰਘਣ ਲਈ।

ਜਦ ਮੈਂ ਵੇਖਾਂ ਸੁਭਾ ਸਵੇਰੇ ਪੜ੍ਹਨ ਸਕੂਲੇ ਜਾਣ ਬੱਚੀਆਂ।
ਪੜ੍ਹ ਕੇ ਬਣਨਗੀਆਂ ਭਾਰਤ ਦਾ ਇਹ ਮਾਣ ਬੱਚੀਆਂ
ਪਰ ਉਸੇ ਵਕਤ ਈ ਸਾਡੀਆਂ ਬੱਚੀਆਂ।
ਕੂੜੇ ਦੇ ਢੇਰਾਂ ਤੋਂ ਲੀਰਾਂ ਕਰਨ 'ਕੱਠੀਆਂ
ਕੌਣ ਐ ਜ਼ਿੰਮੇਵਾਰ ਉਨ੍ਹਾਂ ਦੀ ਇਸ ਹਾਲਤ ਦਾ?
ਕੀ ਉਹ ਹਿੱਸਾ ਨਹੀਂ ਹਨ ਇਸ ਭਾਰਤ ਦਾ?

ਸੜ ਜਾਂਦੇ ਅਨਾਜ ਪਿਆ ਸਟੋਰਾਂ ਵਿਚ
ਜਾਂ ਵੰਡਿਆ ਜਾਂਦੈ ਸਰਕਾਰੀ ਚੋਰਾਂ ਵਿਚ
ਪਰ ਕਈ ਵਾਰ ਜਦ ਸਾਡੇ ਬੱਚੇ ਭੁੱਖ ਨਾਲ ਕੁਰਲਾ ਜਾਂਦੇ ਹਨ
ਖਾਣ ਨੂੰ ਜੋ ਕੁਝ ਹੋਰ ਨਾ ਮਿਲੇ ਛੱਪੜ ਦੀ ਕਾਈ ਖਾ ਜਾਂਦੇ ਹਨ।

ਸਾਡੀਆਂ ਕੁੱਲੀਆਂ ਦੇ ਨੇੜੇ ਸ਼ਮਸ਼ਾਨਘਾਟ ਐ
ਹੈਰਾਨ ਨਾ ਹੋਣਾ,ਸਾਡੇ ਲਈ ਇਹ ਵੀ ਸੌਗਾਤ ਹੈ
ਪੋਹ ਮਾਘ ਦੀਆਂ ਰਾਤਾਂ ਨੂੰ ਜਦ ਜੰਮ ਜਾਂਦਾ ਐ ਪਾਣੀ
ਕਈ ਵਾਰ ਅਸੀਂ ਬਲਦਾ ਸਿਵਾ ਵੀ ਸੇਕ ਲੈਂਦੇ ਆਂ ਬਣਾ ਕੇ ਢਾਣੀ।

ਪਿੰਡ ਵਿਚ ਜਦ ਕੋਈ ਵਿਆਹ, ਮੰਗਣਾ ਜਾਂ ਖੁਸ਼ੀ ਮਨਾਉਂਦਾ ਐ
ਘਰੋਂ ਰੱਜ ਕੇ ਆਇਆਂ ਨੂੰ ਫੜ ਫੜ ਬਿਠਾਉਂਦਾ ਐ
ਪਰ ਜਦ ਸਾਡੇ ਭੁੱਖੇ ਬੱਚੇ ਖੜ੍ਹੇ, ਗੇਟ 'ਤੇ ਨਜ਼ਰੀਂ ਪੈਂਦੇ ਐ
ਮੰਗ ਖਾਣੀਆਂ, ਭੁੱਖੀਆਂ ਜਾਤਾਂ, ਪਤਾ ਨਹੀਂ ਫਿਰ ਕੀ ਕੀ ਕਹਿੰਦੇ ਐ

ਕਵੀਆਂ, ਕਿਸੇਕਾਰਾਂ ਦੀ ਜਦ ਮਹਿਫ਼ਲ ਜੁੜਦੀ ਏ
ਓਥੇ ਵੀ ਗੱਲ ਕਿਸੇ ਜ਼ੁਲਫ਼ ਦੀ ਤੁਰਦੀ ਏ
ਕੀ ਕੋਈ ਲਿਖੇਗਾ ਕਦੀ ਕਹਾਣੀ ਬੂਦਾਂ ਖੁਲ੍ਹੀਆਂ ਦੀ?
ਜਾਂ ਕੋਈ ਗੱਲ ਕਰੇਗਾ ਇਨ੍ਹਾਂ ਸਰਾਪੀਆਂ ਕੁੱਲੀਆਂ ਦੀ?
ਹਾਂ 'ਬੱਧਣੀ' ਬਾਂਹ ਫੜੇਗਾ ਇਨ੍ਹਾਂ ਜਿੰਦਾ ਰੁੱਲੀਆਂ ਦੀ।

- ਹਰਨੇਕ ਬੱਧਣੀ

## ਕਲਮਾਂ ਦੇ ਵਾਰਸੋ

ਕਲਮਾਂ ਦੇ ਵਾਰਸੋ! ਕਲਮਾਂ ਦਾ ਮਾਣ ਰਖਿਓ।
ਇਸ ਵੱਡੀ ਜ਼ਿੰਮੇਵਾਰੀ ਨੂੰ ਛੋਟਾ ਨਾ ਜਾਣ ਰੱਖਿਓ।

ਕਲਮਾਂ ਦੀ ਤਾਕਤ ਹੁੰਦੀ ਐ ਵੱਧ ਤਲਵਾਰਾਂ ਤੋਂ।
ਕਰ ਦੇਣਾ ਜੋ ਕਲਮਾਂ ਨੇ ਉਹ ਹੋਣਾ ਨੀ ਹਥਿਆਰਾਂ ਤੋਂ।
ਏਹਨਾਂ ਨੂੰ ਵਰਤਣ ਵੇਲੇ ਪੂਰਾ ਧਿਆਨ ਰੱਖਿਓ
ਕਲਮਾਂ.....

ਏਹਨਾ ਕਲਮਾਂ ਦੇ ਨਾਲ ਲਿਖਿਓ ਦਰਦ ਗਰੀਬਾਂ ਦਾ
ਵਤਨ ਦੇ ਹਰ ਵਾਸੀ ਨੂੰ ਦੱਸਿਓ ਸੁਨੇਹਾ ਸ਼ਹੀਦਾਂ ਦਾ
ਲੋੜ ਪਈ ਤਾਂ ਲੜਨ ਲਈ ਸੀਨਾ ਵੀ ਤਾਣ ਰੱਖਿਓ
ਕਲਮਾ....

ਬਾਬੇ ਨਾਨਕ ਵਾਂਗੂੰ ਜਾਬਰ ਨੂੰ ਜਾਬਰ ਕਹਿ ਦਿਓ।
ਮਨਸੂਰ ਵਾਂਗੂੰ ਲੋਕਾਂ ਦੇ ਪੱਥਰ ਵੀ ਸਹਿ ਲਿਓ
ਸੁਕਰਾਤ ਵਾਂਗ ਹਸਕੇ ਤਲੀ ਤੇ ਜਾਨ ਰੱਖਿਓ
ਕਲਮਾਂ....

ਆਪਣੀ ਬੋਲੀ ਤੇ ਵਿਰਸੇ ਦੇ ਪਹਿਰੇ ਵਾਰ ਬਣਿਓ।
ਇਸ ਮਾਂ ਦੇ ਪੁੱਤ ਵਾਰਸ, ਬੁਲਾ ਤੇ ਕਾਦਰ ਯਾਰ ਬਣਿਓ।
ਮਾਂ ਬੋਲੀ ਦਾ ਰੁਤਬਾ ਉੱਚਾ ਵਿਚ ਅਸਮਾਨ ਰੱਖਿਓ
ਕਲਮਾਂ

ਸੱਚ ਲਿਖਣ ਵਾਲਿਆਂ ਨਾਲ ਹਾਕਮਾਂ ਦਾ ਵੈਰ ਹੁੰਦੈ।
ਹਾਕਮਾਂ ਨੇ ਉਨ੍ਹਾਂ ਤੇ ਕਰਨਾ ਈ ਕਹਿਰ ਹੁੰਦੈ।
ਹਰ ਕਹਿਰ ਨੂੰ ਸਹਿਣ ਲਈ ਪਹਿਲਾਂ ਈ ਤਾਣ ਰੱਖਿਓ
ਕਲਮਾਂ......

ਖੇਤਾਂ ਦੇ ਪੁੱਤਰ ਪਾਸ਼ ਵਾਂਗੂੰ ਨਵੀਆਂ ਲੀਹਾਂ ਪਾ ਜਾਇਓ।
ਸੰਤ ਰਾਮ ਉਦਾਸੀ ਵਾਂਗੂੰ ਕੰਮੀਆਂ ਦੇ ਗੀਤ ਬਣਾ ਜਾਇਓ।
ਉੱਚੇ ਮਹਿਲਾਂ ਵਾਲਿਆਂ ਵਲ ਖਿੱਚ ਕੇ ਕਮਾਨ ਰੱਖਿਓ
ਕਲਮਾਂ ਦੇ ਵਾਰਸੋ!.....

ਕਲਮਾਂ ਨੂੰ ਵੇਚਣ ਵਾਲੇ ਧਰਤੀ 'ਤੇ ਭਾਰ ਹੁੰਦੇ ਐ।
ਫੋਕੀ ਸ਼ੋਹਰਤ ਖਾਤਰ ਉਹ ਵਿਕਣ ਲਈ ਤਿਆਰ ਹੁੰਦੇ ਐ।
ਏਹਨਾਂ ਲੋਕਾਂ ਦੀ 'ਬੱਧਣੀ'! ਹਰ ਥਾਂ ਪਛਾਣ ਰੱਖਿਓ
ਕਲਮਾਂ ਦੇ ਵਾਰਸੋ! ਕਲਮਾਂ ਦਾ ਮਾਣ ਰੱਖਿਓ।
ਇਸ ਵੱਡੀ ਜ਼ਿੰਮੇਵਾਰੀ ਨੂੰ ਛੋਟੀ ਨਾ ਜਾਣ ਰੱਖਿਓ।
ਹਰਨੇਕ ਬੱਧਣੀ

## ਵਿਦੇਸ਼ ਨੂੰ ਖ਼ਤ

ਮੁੱਦਤਾਂ ਤੋਂ ਦੂਰ ਗਏ, ਯਾਰ ਪ੍ਰਦੇਸੀਆ ਵੇ,
ਆ ਕੇ ਵੇਖ ਵਤਨਾਂ ਦਾ ਹਾਲ।
ਕਿਵੇਂ ਸਾਡੇ ਪਿੰਡਾਂ ਦਾ ਏ ਪਿੰਡਾ ਪ੍ਰਚਾਡਿਆ ਵੇ,
ਚੀਤਿਆਂ ਨੇ ਪਾਂਚਿਆਂ ਦੇ ਨਾਲ।

ਕੇਹਰੂ ਰਮਦਾਸੀਆ ਵੇ, ਮਰ ਗਿਆ ਬੁਖਾਰ ਨਾਲ,
ਦਵਾਈ ਲਈ ਤਰਸਦਾ ਰਿਹਾ।
ਲੋਕੋ ਸਾਡੀ ਕੁੱਤਿਆਂ ਤੋਂ ਮਾੜੀ ਹੋ 'ਗੀ ਜੂਨ
ਉਹ ਸਾਰੀ ਰਾਤ ਬਹਿਕਦਾ ਰਿਹਾ।
ਸਿਹਤ ਦੇ ਮੰਤਰੀ ਦਾ ਅੱਜ ਬਿਆਨ,
'ਦੇਸ਼ 'ਚ ਦਵਾਈਆਂ ਦੇ ਭੰਡਾਰ।'

ਤੁਲ ਜਾਏ ਜਿਨਸ ਜਦ, ਕੌਡੀਆਂ ਦੇ ਭਾਅ,
'ਗਾਮਾ' ਬੋਹਲ ਜਿੱਡਾ ਹੌਕਾ ਵੇ ਭਰੇ।
ਜਿਵੇਂ ਕੋਈ ਵਿਧਵਾ ਵੇ, ਕੱਲੇ ਇਕਹਿਰੇ ਪੁੱਤਰ ਨੂੰ,
ਫੌਜ ਵਿਚ ਭਰਤੀ ਕਰੇ।
ਜਾਂ ਫਿਰ ਵਿਦੇਸ਼ ਜਾਂਦਾ, ਬੇਰੁਜ਼ਗਾਰ ਕੋਈ,
ਜਹਾਜ਼ ਵਿਚੋਂ ਤੱਕ ਜਾਏ ਬਾਹਰ....।

ਵੱਡਾ ਸਾਰਾ ਟਰੈਕਟਰ ਵੇ, ਵੱਡੇ ਲਾਣੇ ਵਾਲਿਆਂ ਦਾ,
ਖਾ ਗਿਆ ਏ ਅੱਧੀ ਤਾਂ ਜ਼ਮੀਨ।
ਬਾਕੀ ਰਹਿੰਦੀ ਲੋਕ ਕਹਿੰਦੇ, ਮਾਰਗੇਜ਼ ਵਾਲਿਆਂ ਨੇ,
ਥੋੜ੍ਹੇ ਸਮੇਂ ਤਾਈ ਲੈਣੀ ਛੀਨ।
ਉਨ੍ਹਾਂ ਦੇ ਦਰਵਾਜ਼ੇ ਉੱਤੇ, ਮੋਰਨੀਆਂ ਦੀ ਡਾਰ ਸੀ ਜੋ,
ਉੱਡਗੀ ਤਕਾਵੀਆਂ ਦੇ ਨਾਲ.....।

ਤੂੰ ਕੋਈ ਕੋਲੰਬਸ ਦਾ ਕਿ, ਗਿਆ ਹੋਵੇ ਖੋਜ ਕਰਨ,
ਤੂੰ ਵੀ ਗਿਐਂ ਰੋਟੀ ਦਾ ਹੀ ਮਾਰਿਆ।
ਧਰਤੀ ਹੈ ਗੋਲ ਜਿੰਨੀ, ਰੋਟੀ ਵੀ ਹੈ ਗੋਲ ਇੰਨੀ,
ਤਾਂ ਹੀ ਤੈਨੂੰ ਇਹ ਖਤ ਡਾਰਿਆ।
ਧਰਤੀ ਤੇ ਰੋਟੀ ਅੱਜ ਦੋਵੇਂ ਮੰਗ ਕਰਦੇ ਨੇ,
ਖੂਨੀ ਦੈਂਤਾਂ ਦੀ ਵੀ ਲਈਏ ਸਾਰ।
ਮੁੱਦਤਾਂ ਤੋਂ ਦੂਰ ਗਏ.....।

- ਮਨਿੰਦਰਪਾਲ ਸਿੰਘ ਭਾਤਰ

## ਗ਼ਜ਼ਲ

ਰਾਤ ਦੇ ਚਿਹਰੇ 'ਤੇ ਕਿਸਦੇ ਖ਼ੂਨ ਦੀ ਇਹ ਲੀਕ ਹੈ।
ਜਿਸਦੇ ਵਿਚ ਸ਼ਾਮਲ ਕਿਸੇ ਦੀ ਦਰਦ ਭਿੱਜੀ ਚੀਕ ਹੈ।

ਖ਼ੂਨ ਦੀ ਇਸ ਲੀਕ ਅੰਦਰ ਕਿਸ ਦਾ ਚਿਹਰਾ ਹੈ ਪਛਾਣ?
ਮੈਂ ਮੁਨਾਖਾ ਹੀ ਸਹੀ ਤੇਰੀ ਨਜ਼ਰ ਤਾਂ ਠੀਕ ਹੈ।

ਕਤਲਘਰ ਵਿਚ ਕੌਣ ਆਇਆ ਸੀ ਭਲਾ ਏਡਾ ਬਲੀ,
ਖ਼ੌਫ਼ ਖਾ ਕੇ ਜਿਸ ਤੋਂ ਸੂਲੀ ਕੰਬਦੀ ਹੁਣ ਤੀਕ ਹੈ।

ਰਾਹ ਦੀ ਦੀਵਾਰ ਬਾਰੇ ਸੋਚੀਏ ਤਾਂ ਦੂਰ ਹੈ,
ਵਰਨਾ ਦੋਹਾਂ ਦੇ ਲਈ ਪੈਂਡਾ ਬਹੁਤ ਨਜ਼ਦੀਕ ਹੈ।

ਤੂੰ ਹਕੂਮਤ ਦੀ ਏਂ ਕਠਪੁਤਲੀ ਕੀ ਤੇਰਾ ਅਖ਼ਤਿਆਰ,
ਫੈਸਲਾ ਤੇਰਾ ਕਦੇ ਨਾ ਠੀਕ ਸੀ ਨਾ ਠੀਕ ਹੈ।

ਮੈਂ ਅਜੇ ਜ਼ਿੰਦਾ ਹਾਂ ਮੇਰਾ ਹੌਸਲਾ ਮਰਿਆ ਨਹੀਂ,
ਵੇਖਣਾ ਪਰ ਕਾਤਲਾਂ ਦਾ ਸਿਤਮ ਕਿਥੋਂ ਤੀਕ ਹੈ।

- ਜਗਤਾਰ

## ਪਿਆਜ

ਬਾਜ਼ਾਰ ਵਿਚ ਅੱਜ ਫੇਰ ਪਿਆਜ ਗੜਕੇ
ਕਈ ਘਰਾਂ ਵਿਚ ਨਾ ਲੱਗਣ ਤੜਕੇ
ਵਧੀ ਮਹਿੰਗਾਈ ਖੋਲ ਦਿੱਤੇ ਪਾਸ ਨੇ
ਭਾਅ ਅੱਸੀਆਂ ਦੇ ਕਿਥੋਂ ਮਿਲਦੇ ਪਿਆਜ ਨੇ

ਗੁਜਰਾਤ ਵਿਚੋਂ ਹੁਣ ਜਮਾਂਖੋਰੀ ਨਿਕਲੇ
ਪਿਆਜਾਂ ਦੀ ਕੱਲੀ-ਕੱਲੀ ਬੋਰੀ ਨਿਕਲੇ
ਦਸਦੇ ਨੇ ਮੋਦੀ ਦਿਲ ਵਾਲਾ ਰਾਜ ਨੇ
ਭਾਅ ਅੱਸੀਆਂ ਦੇ ਕਿਲੋ.....

ਖੇਤਾਂ ਵਿਚ ਬੈਠਾ ਕਾਮਾ ਗੁੱਡੇ ਕਿਆਰੀਆਂ
ਭਰ ਲਈਆਂ ਜੇਬਾਂ ਠੱਗਾਂ ਤੇ ਵਪਾਰੀਆਂ।
ਕਿਸਾਨਾਂ ਦੇ ਅਧੂਰੇ ਸਭ ਪਏ ਕਾਜ ਨੇ
ਭਾਅ ਅੱਸੀਆਂ ਦੇ ਕਿਲੋ....

ਸਬਜ਼ੀ ਤੋਂ ਲੈ ਕੇ ਰੇਟ ਵਧੇ ਪ੍ਰਚੂਨਾਂ ਦੇ
ਚੋਰਾਂ ਗਲੋਂ ਰੱਸੇ ਖੋਲ੍ਹ ਦਿੱਤੇ ਨੇ ਕਾਨੂੰਨਾਂ ਦੇ
ਸਰਕਾਰ ਦਾ ਕੀ ਮਾੜਾਕ ਰਤਾ ਸਮਾਜ ਨੇ
ਭਾਅ ਅੱਸੀਆਂ ਦੇ ਕਿਲੋ....



ਸੋਚੇ ਦਲਬੀਰ, ਸੋਚਾਂ ਵਿਚ ਭੌਂ ਗਿਆ।
ਪਿਆਜ ਕਿਵੇਂ ਅੱਠੋਂ ਅੱਸੀਆਂ ਦਾ ਹੋ ਗਿਆ।
ਮਹਿੰਗਾਈ ਆਣ ਲੁੱਟੇ, ਵੀਰ ਸੱਧਰਾਂ ਦੇ ਸਾਜ ਨੇ
ਭਾਅ ਅੱਸੀਆਂ ਦੇ ਕਿਲੋ ਮਿਲਦੇ ਪਿਆਜ ਨੇ

ਦਲਬੀਰ ਸਿੰਘ ਔਲਖ
094171-38836






# ਚੇਤਨਾ ਕਲਚਰਲ ਸੈਂਟਰ ਵਲੋਂ 'ਨੁੱਕੜ ਨਾਟਕਾਂ' ਦੀ ਪਰੰਪਰਾ




(ਹਰਜੀਤ ਬੇਦੀ 647-924-9087 )

ਗਰਮੀਆਂ ਦੀ ਰੁੱਤ ਕੈਨੇਡਾ ਵਾਸੀਆਂ ਲਈ ਸਰਗਰਮੀਆਂ ਦੀ ਰੁੱਤ ਹੁੰਦੀ ਹੈ। ਹਰ ਵੀਕ-ਐਂਡ ਤੇ ਕਬੱਡੀ ਮੈਚ, ਗਾਇਕਾਂ ਦੇ ਅਖਾੜੇ, ਪਿਕਨਿਕਾਂ, ਸੀਨੀਅਰਜ ਦੇ ਮੇਲੇ ਅਤੇ ਹੋਰ ਵੰਨ ਸੁਵੰਨੇ ਪਰੋਗਰਾਮ ਹੁੰਦੇ ਰਹਿੰਦੇ ਹਨ। ਕਨੇਡਾ ਖਾਸ ਕਰਕੇ ਟੋਰਾਂਟੋ ਪੰਜਾਬੀ ਰੰਗਮੰਚ ਗਤੀਵਿਧੀਆਂ ਦਾ ਗੜ੍ਹ ਬਣ ਚੁਕਾ ਹੈ। ਆਏ ਦਿਨ ਕੋਈ ਨਾ ਕੋਈ ਨਾਟਕ ਪੇਸ਼ ਹੁੰਦਾ ਹੀ ਰਹਿੰਦਾ ਹੈ । ਇਹ ਇੱਕ ਸਿਹਤਮੰਦ ਰੁਝਾਨ ਹੈ। ਪਰ ਆਮ ਤੌਰ 'ਤੇ ਦੇਖਣ ਵਿੱਚ ਆਉਂਦਾ ਹੈ ਕਿ ਨਾਟਕਾਂ ਦੇ ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਉਹੀ ਜਾਣੇ ਪਛਾਣੇ ਦਰਸ਼ਕ ਹੁੰਦੇ ਹਨ। ਜਿਨ੍ਹਾਂ ਵਿੱਚ ਵੱਖ ਵੱਖ ਨਾਟਕ ਟੀਮਾਂ ਦੇ ਰੰਗ ਕਰਮੀ, ਸਾਹਿਤ ਸਭਾਵਾਂ ਦੇ ਮੈਂਬਰ, ਸੀਨੀਅਰ ਕਲੱਬਾਂ ਦੇ ਅਹੁਦੇਦਾਰ, ਮੀਡੀਆ ਨਾਲ ਸਬੰਧਤ ਲੋਕ, ਸਪਾਂਸਰਾਂ ਦੇ ਪਰਿਵਾਰ ਜਾਂ ਉਹਨਾਂ ਦੇ ਮਿੱਤਰ ਅਤੇ ਨਾਟਕ ਵਿੱਚ ਭਾਗ ਲੈ ਰਹੇ ਕਲਾਕਾਰਾਂ ਦੇ ਪਰਿਵਾਰਕ ਮੈਂਬਰ ਜਾਂ ਦੋਸਤ ਹੀ ਮੁੱਖ ਤੌਰ 'ਤੇ ਹੁੰਦੇ ਹਨ। ਇਹਨਾਂ ਵਿੱਚ ਸਾਧਾਰਨ ਲੋਕ ਜਿਹਨਾਂ ਨੂੰ ਸਮਾਜਕ ਚੇਤਨਾਂ ਦੀ ਵਧੇਰੇ ਲੋੜ ਹੈ ਬਹੁਤ ਘੱਟ ਹੁੰਦੇ ਹਨ। ਕਿਉਂਕਿ ਨਾਟਕ ਦਰਸ਼ਕਾਂ ਦੇ ਮਨਾਂ ਤੇ ਡੂੰਘਾ ਪ੍ਰਭਾਵ ਪਾਉਂਦੇ ਹਨ ਹੈ ਸੋ ਲੋੜ ਇਸ ਗੱਲ ਦੀ ਹੈ ਕਿ ਜਾਂ ਤਾਂ ਆਮ ਲੋਕਾਂ ਨੂੰ ਨਾਟਕ ਤੱਕ ਲਿਆਂਦਾ ਜਾਵੇ ਜਾਂ ਫਿਰ ਨਾਟਕ ਖੁਦ ਲੋਕਾਂ ਤੱਕ ਪਹੁੰਚੇ ।

ਪੰਜਾਬ ਵਿੱਚ ਨਾਟਕ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਪੰਜਾਬੀ ਰੰਗ ਮੰਚ ਦੇ ਸ਼ਾਹ ਅਸਵਾਰ ਗੁਰਸ਼ਰਨ ਸਿੰਘ ਵਲੋਂ ਬੇਹੱਦ ਯਤਨ ਕੀਤੇ ਗਏ । ਭਾਵੇਂ ਕਨੇਡਾ ਦੇ ਹਾਲਾਤ ਪੰਜਾਬ ਨਾਲੋਂ ਕਾਫੀ ਭਿੰਨ ਹਨ ਪਰ ਫਿਰ ਵੀ ਗੁਰਸ਼ਰਨ ਸਿੰਘ ਤੋਂ ਨਾਟਕਾਂ ਦੀ ਗੁੜ੍ਹਤੀ ਲੈਕੇ ਬਣੇ ਨਾਟਕਕਾਰ ਨਾਹਰ ਔਜਲਾ ਨੇ ਪਿਛਲੇ ਸਾਲ ਤੋਂ ਭਰਪੂਰ ਯਤਨ ਆਰੰਭੇ ਹਨ ਕਿ ਨਾਟਕ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ। ਪਿਛਲੇ ਸਾਲ ਨਾਹਰ ਔਜਲਾ ਦੀ ਸੰਸਥਾ ਚੇਤਨਾ ਕਲਚਰਲ ਸੈਂਟਰ ਵਲੋਂ ਜੀ ਟੀ ਏ ਏਰੀਏ ਵਿੱਚ ਵੱਖ-ਵੱਖ ਥਾਵਾਂ ਤੇ ਨੁੱਕੜ ਨਾਟਕਾਂ ਦੇ ਪੰਦਰਾਂ ਪ੍ਰੋਗਰਾਮ ਕੀਤੇ ਇਹਨਾਂ ਪ੍ਰੋਗਰਾਮਾਂ ਵਿੱਚ ਦਰਸ਼ਕਾਂ ਦੀ ਗਿਣਤੀ ਲਗਪਗ 300 ਤੋਂ 700 ਤੱਕ ਰਹੀ। ਇਹਨਾਂ ਵਿੱਚੋਂ ਬਹੁਤ ਸਾਰੇ ਦਰਸ਼ਕ ਅਜਿਹੇ ਸਨ ਜਿਹਨਾਂ ਨੇ ਪਹਿਲਾਂ ਕਦੇ ਲਾਈਵ ਰੂਪ ਵਿੱਚ ਨਾਟਕ ਨਹੀਂ ਸੀ ਦੇਖਿਆ। ਵੱਖ-ਵੱਖ ਪਾਰਕਾਂ, ਕਮਿਊਨਿਟੀ ਸੈਂਟਰਾਂ ਅਤੇ ਹੋਰ ਥਾਵਾਂ ਤੇ ਖੇਡੇ ਨਾਟਕਾਂ ਵਿੱਚੋਂ ਪਿਛਲੇ ਸਾਲ ਪਰਮੁੱਖ ਨਾਟਕ ਸੁਪਰਵੀਜਾ ਸੀ ਜਿਸ ਵਿੱਚ ਸੁਪਰਵੀਜੇ ਤੇ ਆਏ ਬਜੁਰਗ ਜੋੜੇ ਦੀ ਦਾਸਤਾਨ ਹੈ ਕਿ ਉਹਨਾਂ ਨੂੰ ਕੱਚੇ ਤੌਰ ਤੇ ਆਉਣ ਕਰਕੇ ਕਿੰਨ੍ਹਾਂ ਦੁਸ਼ਵਾਰੀਆਂ ਚੋਂ ਲੰਘਣਾ ਪੈਂਦਾ ਹੈ। ਇਹ ਨਾਟਕ ਕਨੇਡਾ ਦੀ ਬਦਲੀ ਹੋਈ ਇੰਮੀਗਰੇਸ਼ਨ ਨੀਤੀ ਦੀ ਪੋਲ ਵੀ ਖੋਲ੍ਹਦਾ ਹੈ। ਇਸ ਨਾਟਕ ਬਹੁਤਾ ਕਰਕੇ ਭਾਵੇਂ ਜ਼ਿਆਦਾਤਰ ਖੁਲ੍ਹੇ ਮੈਦਾਨਾਂ ਵਿੱਚ ਖੇਡਿਆ ਗਿਆ ਪਰ ਦਰਸ਼ਕਾਂ ਦੀ ਤਾੜੀਆਂ ਤੋਂ ਬਿਨਾਂ ਹੋਰ ਕੋਈ ਆਵਾਜ਼ ਨਹੀਂ ਸੀ ਆਉਂਦੀ । ਇਹਨਾਂ ਨੁਕੜ ਨਾਟਕਾਂ ਵਿੱਚ ਨਾਹਰ ਔਜਲਾ, ਪਰਵੇਸ਼ ਸੇਠੀ, ਸੁਖਦੀਪ, ਕੁਲਦੀਪ ਗਰੇਵਾਲ, ਅਵਤਾਰ ਔਜਲਾ, ਸੰਨੀ ਸ਼ਿਵਰਾਜ ਵਰਗੇ ਕਲਾਕਾਰਾਂ ਨੇ ਭਾਗ ਲਿਆ।

ਨਾਹਰ ਔਜਲਾ ਦਾ ਵਿਚਾਰ ਹੈ ਕਿ ਨਾਟਕ ਕਰਨ ਦਾ ਲਾਭ ਤਾਂ ਹੀ ਹੈ ਜੇ ਉਸ ਨੂੰ ਵੱਧ ਤੋਂ ਵੱਧ ਖਾਸ ਕਰਕੇ ਸਾਧਾਰਨ ਲੋਕਾਂ ਤੱਕ ਪਹੁੰਚਾਇਆ ਜਾਵੇ ਇਸ ਲਈ ਉਸਦੀ ਟੀਮ ਚੇਤਨਾ ਕਲਚਰਲ ਸੈਂਟਰ ਵਲੋਂ ਨੁੱਕੜ ਨਾਟਕਾਂ ਦਾ ਇਹ ਸਿਲਸਲਾ ਇਸ ਸਾਲ ਵੀ ਜਾਰੀ ਹੈ । ਇਸ ਸਾਲ ਮਈ ਮਹੀਨੇ ਤੋਂ ਸੈਂਚਰੀ ਗਾਰਡਨ ਰੀਕਰੀਏਸ਼ਨ ਸੈਂਟਰ ਤੋਂ ਸ਼ੁਰੂਆਤ ਕਰਕੇ ਐਲਡਰੈਡੋ ਪਾਰਕ, ਟਰੀਲਾਈਨ ਪਾਰਕ ਅਤੇ ਕੈਲਡਨ ਵਿੱਚ ਨਾਟਕ ਹੋ ਚੁੱਕੇ ਹਨ ਅਤੇ ਹੋਰ ਬਹੁਤ ਸਾਰੀਆਂ ਥਾਵਾਂ ਤੇ ਹੋਣ ਜਾ ਰਹੇ ਹਨ । ਨਾਹਰ ਔਜਲਾ ਇਸ ਸਾਲ ਇਹਨਾਂ ਪ੍ਰੋਗਰਾਮਾਂ ਲਈ ਨਵੇਂ ਵਿਅੰਗਆਤਮਕ ਨਾਟਕ ਇਹ ਇੱਕ ਸੁਆਲ ਹੈ ਅਤੇ ਕਨੇਡਾ ਦੀ ਧਰਤੀ ਤੇ ਦੇਸੀ ਚੁਗਲੀਆਂ ਲੈ ਕੇ ਆਇਆ ਹੈ । ਨਾਟਕ ਇਹ ਇੱਕ ਸੁਆਲ ਹੈ ਇੰਡੀਆ ਅਤੇ ਕਨੇਡਾ ਦੇ ਲੀਡਰਾਂ ਵਲੋਂ ਕੀਤੇ ਝੂਠੇ ਵਾਹਦਿਆਂ ਤੇ ਵਿਅੰਗ ਕਸਦਾ ਹੋਇਆ ਉਹਨਾਂ ਦੇ ਝੂਠ ਦੀ ਪੋਲ ਖੋਲਦਾ ਹੈ ਕਿ ਉਹ ਲੋਕਾਂ ਨੂੰ ਕਿਸ ਤਰ੍ਹਾਂ ਮੂਰਖ ਬਣਾਉਂਦੇ ਹਨ। ਇਹ ਨਾਟਕ ਪੰਜਾਬ ਦੇ ਕੁੱਝ ਲੀਡਰਾਂ ਵਲੋਂ ਡਰੱਗ ਦੇ ਧੰਦੇ ਵਿੱਚ ਸ਼ਾਮਲ ਹੋਣ, ਹੱਕ ਮੰਗਦੇ ਲੋਕਾਂ ਖਾਸ ਕਰਕੇ ਔਰਤਾਂ ਤੇ ਕੀਤੇ ਜਾਂਦੇ ਜ਼ੁਲਮ ਤੇ ਸਿੱਧਾ ਵਿਅੰਗ ਕਸਦਾ ਹੋਇਆ ਉਹਨਾਂ ਦੀ ਇਸ ਕਰਤੂਤ ਦੀ ਨਿੰਦਾ ਕਰਦਾ ਹੋਇਆ ਉਹਨਾਂ ਦੇ ਕੀਤੇ ਜਾਂਦੇ ਝੂਠੇ ਮਾਣ ਸਨਮਾਨਾ ਪ੍ਰਤੀ ਲੋਕਾਂ ਨੂੰ ਸੁਚੇਤ ਕਰਦਾ ਹੈ। ਇਹ ਨਾਟਕ ਪੰਜਾਬ ਅਤੇ ਭਾਰਤ ਦੀ ਸਿਆਸਤ ਤੇ ਵਿਅੰਗ ਕਸਦਾ ਹੋਇਆ ਸਿਆਸਤਦਾਨਾਂ ਦੇ ਚਿਹਰਿਆਂ ਤੋਂ ਉਹਨਾਂ ਦੇ ਲੋਕ ਵਿਰੋਧੀ ਹੋਣ ਦੀ ਨਕਾਬ ਲਾਹੁੰਦਾ ਹੋਇਆ ਪਾਤਰਾਂ ਰਾਹੀ ਕਨੇਡਾ ਦੀ ਸਿਆਸਤ ਵਿੱਚ ਦਾਖਲ ਹੁੰਦਾ ਹੈ ਤੇ ਆਉਣ ਵਾਲੇ ਸਮੇਂ ਤੋਂ ਅਗਾਓਂ ਸੁਚੇਤ ਕਰਦਾ ਹੋਇਆ ਆਪਣੇ ਸਿਖ਼ਰ ਤੇ ਪਹੁੰਚਦਾ ਹੈ । ਇਹਨਾਂ ਪ੍ਰੋਗਰਾਮਾਂ ਵਿੱਚ ਨਿਰੋਲ ਔਰਤ ਪਾਤਰਾਂ ਵਲੋਂ ਪੇਸ਼ ਕੀਤਾ ਜਾਂਦਾ ਦੂਜਾ ਨਾਟਕ ਕਨੇਡਾ ਦੀ ਧਰਤੀ ਤੇ ਦੇਸੀ ਚੁਗਲੀਆਂ ਹੈ। ਇਸ ਨਾਟਕ ਵਿੱਚ ਔਰਤਾਂ ਦੀਆਂ ਆਪਸੀ ਗੱਲਾਂ ਚੁਗਲੀਆਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਹ ਨਾਟਕ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਦਾ ਹੈ। ਜਿਵੇਂ ਕਿ ਨਾਹਰ ਔਜਲਾ ਦਾ ਮਕਸਦ ਮਨੋਰੰਜਨ ਦੇ ਨਾਲ ਕੋਈ ਸਾਰਥਕ ਸੁਨੇਹਾਂ ਦੇਣਾ ਵੀ ਹੁੰਦਾ ਹੈ। ਇਹ ਨਾਟਕ ਕਨੇਡਾ ਵਰਗੇ ਮਲਟੀਕਲਚਰਲ ਦੇਸ਼ ਵਿੱਚ ਰਹਿੰਦਿਆਂ ਆਪਣੇ ਦਕੀਆਨੂਸੀ ਵਿਚਾਰਾਂ ਨੂੰ ਤਿਆਗ ਕੇ ਸਮੇਂ ਦੇ ਨਾਲ ਚੱਲਣ ਦਾ ਸੁਨੇਹਾ ਦਿੰਦਾ ਹੈ। ਇਹਨਾਂ ਨਾਟਕਾਂ ਵਿੱਚ ਨਾਹਰ ਔਜਲਾ ਤੋਂ ਬਿਨਾਂ ਸੁਖਜੀਤ ,ਅਵਤਾਰ ਔਜਲਾ, ਕੁਲਦੀਪ ਗਰੇਵਾਲ, ਜਸਵੰਤ ਕੰਬੋਜ ਸ਼ਰਨਜੀਤ ਔਜਲਾ, ਪੁਸ਼ਪਿੰਦਰ ਵਾਲੀਆ ਅਤੇ ਧਰਮਪਾਲ ਸ਼ੇਰਗਿੱਲ ਵਰਗੇ ਕਲਾਕਾਰ ਭਾਗ ਲੈ ਰਹੇ ਹਨ ।

ਨਾਹਰ ਔਜਲਾ ਆਪਣੇ ਨੁੱਕੜ ਨਾਟਕਾਂ ਦੇ ਪ੍ਰੋਜੈਕਟ ਤੋਂ ਕਾਫੀ ਉਤਸ਼ਾਹਤ ਹੈ ਕਿਉਂਕਿ ਲੋਕਾਂ ਵਲੋਂ ਬਹੁਤ ਹੁੰਗਾਰਾ ਮਿਲ ਰਿਹਾ ਹੈ। ਨਾਹਰ ਦੇ ਦੱਸਣ ਮੁਤਾਬਕ ਹੋਰ ਬਹੁਤ ਸਾਰੀਆਂ ਥਾਵਾਂ ਤੋਂ ਉਹਨਾਂ ਨੂੰ ਇਹ ਨਾਟਕ ਕਰਨ ਲਈ ਅਪਰੋਚ ਕੀਤੀ ਗਈ ਹੈ ਤੇ ਨਾਹਰ ਵੱਧ ਤੋਂ ਵੱਧ ਥਾਵਾਂ ਤੇ ਇਹ ਨਾਟਕ ਪੇਸ਼ ਕਰਨ ਦੀ ਕੋਸ਼ਿਸ ਕਰ ਰਿਹਾ ਹੈ । ਸ਼ਾਲਾ ਉਹ ਨਾਟਕਾਂ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲਿਜਾ ਕੇ ਆਪਣੇ ਮਕਸਦ ਵਿੱਚ ਸਫਲ ਹੋਵੇ ।

# ਕੰਪਿਊਟਰ ਕੋਰਸ ਦਾ ਪਹਿਲਾ ਬੈਚ ਪੂਰੀ ਸਫਲਤਾ ਨਾਲ ਸੰਪਨ





ਗੋਰ ਰੋਡ ਅਤੇ ਐਬੇਨੇਜ਼ਰ ਦੇ ਇੰਟਰਸੈਕਸਨ ਤੇ ਕਮਿਊਨਿਟੀ ਸੈਂਟਰ ਵਿੱਚ ਸੀਨੀਅਰਾਂ ਲਈ ਦੋ ਮਹੀਨੇ ਤੋਂ ਚੱਲ ਰਿਹਾ ਕੰਪਿਊਟਰ ਕੋਰਸ ਦਾ ਪਹਿਲਾ ਬੈਚ 26 ਅਗਸਤ ਨੂੰ ਕੰਪਲੀਟ ਹੋ ਗਿਆ। ਇਸ ਦੀ ਸਮਾਪਤੀ ਦੇ ਮੌਕੇ ਚਾਹ ਪਾਣੀ ਪੀਣ ਤੋਂ ਬਾਅਦ ਬੈਚ ਦੇ ਸਫਲਤਾ ਪੂਰਨ ਸੰਪਨ ਹੋਣ ਦਾ ਪ੍ਰੋਗਰਾਮ ਸ਼ੁਰੂ ਹੋਇਆ। ਪਰਮਜੀਤ ਬੜਿੰਗ ਨੇ ਵਾਰੀ ਵਾਰੀ ਸਃ ਗੁਰਦੇਵ ਸਿੰਘ ਮਾਨ, ਪ੍ਰੋਃ ਕੁਲਦੀਪ ਸਿੰਘ ਢੀਂਡਸਾ ਅਤੇ ਸਤਵੰਤ ਸਿੰਘ ਬੋਪਰਾਏ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਇਸ ਬੈਚ ਦੀ ਸਮਾਪਤੀ ਤੇ ਕੰਪਿਊਟਰ ਦੀ ਸਿਖਲਾਈ ਵਿੱਚ ਸ਼ਾਮਲ ਵਿਅਕਤੀਆਂ ਨੂੰ ਸਿਖਲਾਈ ਲੈਣ ਤੇ ਵਧਾਈ ਦਿੰਦਿਆਂ ਉਹਨਾ ਨੂੰ ਇਸ ਦੀ ਲਗਾਤਾਰ ਵਰਤੋਂ ਕਰਕੇ ਲਾਭ ਲੈਣ ਦੀ ਸਲਾਹ ਦਿੱਤੀ। ਇਸ ਉਪਰੰਤ ਗੋਰ ਮੀਡੋ ਰੀਕਰੀਏਸ਼ਨ ਸੈਂਟਰ ਦੀ ਸੁਪਰਵਾਈਜ਼ਰ ਮਿਸਜ਼ ਲਿੱਜ ਨੇ ਸੰਖੇਪ ਭਾਸ਼ਨ ਤੋਂ ਬਾਦ ਟਰੇਨਿੰਗ ਵਿੱਚ ਭਾਗ ਲੈਣ ਵਾਲਿਆਂ ਨੂੰ ਸਰਟੀਫਿਕੇਟ ਦਿੱਤੇ ਅਤੇ ਉਹਨਾਂ ਦਾ ਸਾਥ ਸਤਵੰਤ ਬੋਪਾਰਾਏ, ਡਾਃ ਰਵੀ ਗੋਇਲ ਅਤੇ ਹਰਜੀਤ ਕੌਰ ਸੰਧੂ ਨੇ ਦਿੱਤਾ। ਇਸ ਉਪਰੰਤ ਕੰਪਿਊਟਰ ਮਾਹਰ ਬਲਜੀਤ ਬੜਿੰਗ ਤੇ ਉਹਨਾਂ ਦੇ ਸਹਾਇਕਾਂ ਸਾਹਿਲ ਗਿੱਲ ਅਤੇ ਕਰਨਵੀਰ ਬੜਿੰਗ ਦਾ ਪਲੈਕ ਦੇਕੇ ਸਨਮਾਨ ਕੀਤਾ ਗਿਆ। ਇਸ ਕੋਰਸ ਵਿੱਚ ਭਾਗ ਲੈਣ ਵਾਲਿਆਂ ਵਿੱਚੋਂ ਅਜੀਤ ਸਾਜਨ, ਇਕਬਾਲ ਸਿੰਘ, ਜਗਦੀਸ਼ ਗਿੱਲ, ਡਾਃ ਰਵੀ ਗੋਇਲ, ਗੁਰਬਚਨ ਗਿੱਲ, ਅਮਰ ਸਿੰਘ, ਦਵਿੰਦਰ ਤੂਰ, ਹਰਜੀਤ ਕੌਰ ਸੰਧੂ ਅਤੇ ਮਲਕੀਤ ਕੌਰ ਢਿੱਲੋਂ ਨੇ ਆਪਣੇ ਵਿਚਾਰ ਪਰਗਟ ਕਰਦਿਆਂ ਇਸ ਨੂੰ ਉਹਨਾਂ ਲਈ ਕਾਫੀ ਲਾਹੇਬੰਦ ਕਿਹਾ। ਉਹਨਾਂ ਬਲਜੀਤ ਬੜਿੰਗ ਦੀ ਲੋਕ ਸੇਵਾ ਦੇ ਇਸ ਕੰਮ ਲਈ ਸਮਰਪਣ ਭਾਵਨਾ ਅਤੇ ਚੰਗੇ ਵਿਹਾਰ ਦੀ ਸ਼ਲਾਘਾ ਕੀਤੀ। ਪਰਮਜੀਤ ਬੜਿੰਗ ਨੇ ਨਾਲ ਦੀ ਨਾਲ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਦਿੱਤੀ। ਬਲਜੀਤ ਬੜਿੰਗ ਨੇ ਆਪਣੇ ਬੋਲਾਂ ਰਾਹੀਂ ਪਰਗਟ ਕੀਤਾ ਕਿ ਉਸ ਨੂੰ ਇਹ ਟਰੇਨਿੰਗ ਦੇਕੇ ਬੇਹੱਦ ਖੁਸ਼ੀ ਹੋਈ ਹੈ ਉਹ ਚਾਹੁੰਦਾ ਹੈ ਕਿ ਅਜਿਹੇ ਕੰਮਾ ਲਈ ਉਸਦੀ ਸਮਰੱਥਾ ਬਣੀ ਰਹੇ। ਉਸਨੇ ਇਹ ਪੇਸ਼ਕਸ ਕੀਤੀ ਕਿ ਜੇ ਕਿਸੇ ਨੂੰ ਭਵਿੱਖ ਵਿੱਚ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਉਸ ਨਾਲ ਬਿਨਾਂ ਕਿਸੇ ਝਿਜਕ ਸੰਪਰਕ ਕਰ ਸਕਦਾ ਹੈ। ਸਾਹਿਲ ਗਿੱਲ ਅਤੇ ਕਰਨਵੀਰ ਬੜਿੰਗ ਨੇ ਟਰੇਨਿੰਗ ਲੈ ਚੁੱਕੇ ਸੀਨੀਅਰਜ਼ ਨੂੰ ਸਲਾਹ ਦਿੱਤੀ ਕਿ ਉਹ ਇਸ ਟਰੇਨਿੰਗ ਦਾ ਪੂਰਾ ਲਾਭ ਲੈਣ ਲਈ ਲਗਾਤਾਰ ਇਸ ਦੀ ਵਰਤੋਂ ਕਰਦੇ ਰਹਿਣ। ਫੋਟੋਗਰਾਫੀ ਦੀ ਸੇਵਾ ਸਰੋਕਾਰਾਂ ਦੀ ਆਵਾਜ ਦੇ ਦਵਿੰਦਰ ਤੂਰ ਵਲੋਂ ਨਿਭਾਈ ਗਈ । ਇਸ ਸਾਰੇ ਪਰੋਗਰਾਮ ਨੂੰ ਪਰਮਜੀਤ ਬੜਿੰਗ ਨੇ ਬੜੀ ਸੂਝ ਬੂਝ ਨਾਲ ਸਿਰੇ ਚਾੜ੍ਹਿਆ ਇਸ ਵਿੱਚ ਜੋਗਿੰਦਰ ਪੱਡਾ ਤੇ ਅਮਰਜੀਤ ਸਿੰਘ ਨੇ ਉਹਨਾਂ ਦੀ ਸਹਾਇਤਾ ਕੀਤੀ। ਅਗਲਾ ਬੈਚ ਜਿਸਦੀ ਰਜਿਸਟਰੇਸ਼ਨ ਪੂਰੀ ਹੋ ਚੁੱਕੀ ਹੈ 2 ਸਤੰਬਰ ਤੋਂ ਸ਼ੁਰੂ ਹੋ ਰਿਹਾ ਹੈ। ਵਧੇਰੇ ਜਾਣਕਾਰੀ ਲਈ ਪਰਮਜੀਤ ਬੜਿੰਗ ਨਾਲ 647-963-0331 ਤੇ ਸੰਪਰਕ ਕੀਤਾ ਜਾ ਸਕਦਾ ਹੈ ।

ਕੈਨੇਡਾ ਦੀ ਇਲੈਕਸ਼ਨ ਦੌਰਾਨ 'ਸਰੋਕਾਰਾਂ ਦੀ ਆਵਾਜ਼' ਵਲੋਂ ਹਰ ਇਕ ਉਮੀਦਵਾਰ ਨੂੰ ਆਪਣੀ ਯੋਗਤਾ ਅਤੇ ਪਾਰਟੀ ਦੀਆਂ ਸਿਆਸੀ, ਸਮਾਜਿਕ ਆਰਥਿਕ ਪਾਲਿਸ਼ੀਆਂ ਦੀ ਪ੍ਰਮੋਸ਼ਨ ਵਾਸਤੇ ਸੱਦਾ ਦਿੱਤਾ ਜਾਂਦਾ ਹੈ। ਸੋ ਆਪ ਜੀ ਆਪਣੇ ਇਸ਼ਤਿਹਾਰ ਆਪਣੇ ਜੀਵਨ ਜਾਂ ਪਾਰਟੀਆਂ ਦੀ ਸਿਆਸੀ ਗਤੀਵਿਧੀਆਂ ਬਾਰੇ ਚਾਨਣਾ ਪਾਉਣ ਵਾਸਤੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

416-817-7142, 416-902-9372
403-455-4220

For advertisement and donations contact
DEVINDER TOOR 416-902-9372
HARBANS SINGH 416-817-7142
Email: ppapmg@gmail.com
Om Parkash Sharma
647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com

ਸੰਪਾਦਕ ਮੰਡਲ (ਆਨਰੇਰੀ)
ਮਾ. ਭਜਨ ਸਿੰਘ ਕੈਲਗਰੀ, ਅਲਬਰਟਾ ਮਾਨੀਟੋਬਾ
403-455-4220 204-488-6960
ਹਰਬੰਸ ਸਿੰਘ ਗੁਰਬਚਨ ਸਿੰਘ ਬਰਾੜ
416-817-7142 403-470-2628
ਦੇਵਿੰਦਰ ਤੂਰ ਡਾ. ਹਰਦੀਪ ਸਿੰਘ ਗੁਲ਼ਫ
416-902-9372 +1-226 979 5688
ਜਸਪ੍ਰੀਤ ਧਾਲੀਵਾਲ ਬਲਜਿੰਦਰ ਸਿੰਘ
ਸੁਖਦੇਵ ਸਿੰਘ ਸੰਧੂ ਗ੍ਰਾਫਿਕਸ ਡਿਜ਼ਾਇਨਰ
ਮਾਸਟਰ ਬਲਬੀਰ ਸਿੰਘ ਗਿੱਲ +91-92167-29598
ਹਰਨੇਕ ਧਾਲੀਵਾਲ, ਵਿੰਨੀਪੈਗ akashdeep.1064@gmail.com
'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



# KAMAL KHERA

Brampton West

Liberal

TEAM L'ÉQUIPE TRUDEAU 2015

## KAMAL KHERA

BRAMPTON WEST

Kamal Khera is a registered nurse, community volunteer and a politically active young woman committed to being a strong voice for the residents of Brampton West. Kamal obtained her B.Sc. (Hons.) in Psychology and B.Sc. (Hons.) in Nursing from York University and currently works as a registered nurse in an Oncology unit at St. Josephs Health Centre. Drawn to assisting others, Kamal has gained a rich and diverse experience within the field of health through her professional experience with Centre of Addictions and Mental Health (CAMH), Peel Family Shelter, and William Osler Health Centre. As an active member of her community, Kamal has served in several diverse volunteer roles including chairperson of South Asian Canadians Heritage Foundation, mentor at Big Brother Big Sister of Peel, event coordinator with Sick Kids Foundation, and as a host for the television show "Youth Vision".

**Get in touch:**

416.825.1545
kamal@kamalkhera.ca

@kamalkheralib
/Kamal.Khera.Lib

*"Canada is a grand, unfinished project. It is up to us, together with all Canadians, to build the country that we want."*

JUSTIN TRUDEAU
LEADER, LIBERAL PARTY OF CANADA



www.kamalkhera.ca

Liberal

## ਦਰਦ ਨਿਵਾਰਕ ਕਲੀਨਿਕ

ਧੌਣ ਦਾ ਦਰਦ
ਪਿੱਠ ਅਤੇ ਲੱਤਾਂ ਦਾ ਦਰਦ

ਹੋਰ ਬਹੁਤ ਸਾਰੇ ਗੁਪਤ ਰੋਗਾ ਦੇ ਇਲਾਜ

ਜ਼ਿਨ੍ਹਾ ਸਾਰੀਆ ਬਿਮਾਰੀਆ ਦੇ ਇਲਾਜ ਕਰਵਾ ਕੇ ਥੱਕ ਬੈਠੇ ਹੋ ਜਾ ਫਿਰ ਇੰਡੀਆ ਜਾ ਕੇ ਇਲਾਜ ਕਰਵਾਉਣਾ ਚਾਹੁੰਦੇ ਹੋ ਤਾਂ ਇੱਕ ਵਾਰੀ ਸਾਨੂੰ ਜਰੂਰ ਫਰੀ ਸਲਾਹ ਮਸ਼ਵਰੇ ਲਈ ਮਿਲੋ

ਸੁਰਿੰਦਰ ਸਿੰਘ ਸੱਗੀ
416-570-9647

## Commitment to Excellent Services

Punjab Insurance Inc

Your Insurance Advisor

Super Visa Insurance

Disability Insurance | Life Insurance | Critical Illness Insurance |
Mortgage Insurance Segregated Funds | RRSP & TFSA | RESP |



Harbans Singh
416-817-7142

Email : dharbans@hotmail.com www.numberoneinsurance.ca

## SUPERVISA & LIFE INSURANCE

* RESP
* VISITORS INSURANCE
* TRAVEL INSURANCE
* DISABILITY INSURANCE
* RRSP & TFSA



RAVINDERJIT BASRA
416-845-6232
www.ravinderjitbasra.com

## INSURANCE

* Auto * Home
* Commercial
* Business

FIVE STAR

Call us for lowest rates



Harleen Basra
416-817-1600
leena.basra@gmail.com

ਵਿਗਿਆਨਕ ਸੋਚ ਅਪਣਾਓ! ਤਰਕਸ਼ੀਲ ਬਣੋ!

ਕਰਤਾਰ ਸਿੰਘ ਸਰਾਭਾ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ

# 6ਵਾਂ ਅਗਾਂਹ-ਵਧੂ ਸੱਭਿਆਚਾਰਕ ਨਾਟਕ ਸਮਾਗਮ



**26 ਸਤੰਬਰ 2015 ਸ਼ਨੀਵਾਰ 1 ਤੋਂ 4 ਵਜੇ ਤੱਕ
ਔਰਫੀਅਸ ਥੀਏਟਰ ਸੇਟ ਕਾਲਜ
1301-16th Ave NW ਕੈਲਗਰੀ ਵਿਖੇ ਹੋਵੇਗਾ**

**Sat. 26 Sept., 2015 from 1pm-4pm
at Orpheus Theater SAIT College,
1301-16th Ave. NW CALGARY**

ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵੱਲੋਂ ਹਰਕੇਸ਼ ਚੌਧਰੀ ਲੇਖਕ ਅਤੇ ਡਾਇਰੈਕਟਰ ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ ਦੀ ਨਿਰਦੇਸ਼ਨਾ ਹੇਠ 2 ਨਾਟਕ ਖੇਡੇ ਜਾਣਗੇ।

1. ਪਹਿਲਾਂ ਨਾਟਕ 'ਚਾਨਣ ਬਗਾਵਤ ਕਰ ਰਿਹੈ'
2. ਦੂਸਰਾ ਨਾਟਕ 'ਕੈਨੋਆ ਦੇ ਹਾਲਾਤਾਂ 'ਤੇ'
3. ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀਆਂ ਟੀਮਾਂ ਵੱਲੋਂ ਐਕਸ਼ਨ ਗੀਤ ਅਤੇ ਕੋਰਿਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ ਅਤੇ ਯੰਗ ਭੰਗੜਾ ਕਲੱਬ ਕੈਲਗਰੀ ਦੀਆਂ ਟੀਮਾਂ ਵੱਲੋਂ ਭੰਗੜਾ ਪੇਸ਼ ਕੀਤਾ ਜਾਵੇਗਾ।

ਵਿਸ਼ੇਸ਼ ਧੰਨਵਾਦ :- ਹੇਠ ਲਿਖੇ ਅਦਾਰਿਆਂ ਨੇ 2010 ਤੋਂ ਸਾਰੇ ਸਲਾਨਾ ਨਾਟਕ ਸਮਾਗਮਾਂ ਨੂੰ ਸਫਲ ਕਰਨ 'ਚ ਵਿਸ਼ੇਸ਼ ਯੋਗਦਾਨ ਦਿੱਤਾ।

**ਅਦਾਰਾ ਸਿੱਖ ਵਿਰਸਾ**
ਗੁਰਚਰਨ ਸਿੰਘ ਪਰਵਾਰ ਅਤੇ ਗੁਰਦੀਪ ਕੌਰ ਪਰਵਾਰ
403-250-8898

**ਰਿਲਾਇੰਸ ਲੀਗਲ ਗਰੁੱਪ**
ਤਰਨਜੀਤ ਓਜਲਾ
403-285-7070

**ਕੁਆਲਟੀ ਟਰਾਂਸਮਿਸ਼ਨ**
ਪਾਲੀ ਵਿਰਕ
403-228-0000

**AMAR DEVELOPMENT**
Rani Duhra : 403-612-7881
Manjit Duhra : 403-690-2885

ਟਿਕਟ ਸਿਰਫ਼
**10 ਡਾਲਰ**

ਨੋਟ : ਪ੍ਰੋਗਰਾਮ ਦੀ ਤਿਆਰੀ ਲਈ ਡਾਇਰੈਕਟਰ ਅਤੇ ਲੇਖਕ ਹਰਕੇਸ਼ ਚੌਧਰੀ ਪੰਜਾਬ ਤੋਂ ਵਿਸ਼ੇਸ਼ ਰੂਪ 'ਚ ਪਹੁੰਚ ਰਹੇ ਹਨ।

ਅਪੀਲ - ਪ੍ਰੈੱਸ ਮੀਡੀਆ, ਸਭ ਸਭਾ ਸੋਸਾਇਟੀਆਂ/ਜਥੇਬੰਦੀਆਂ ਨੂੰ ਸਹਿਯੋਗ ਅਤੇ ਪਰਿਵਾਰਾਂ ਸਮੇਤ ਪੁੱਜਣ ਦੀ ਜ਼ੋਰਦਾਰ ਅਪੀਲ



**ਸੋਹਣ ਮਾਨ**
ਪ੍ਰਧਾਨ
403-275-0951

**ਮਾ. ਭਜਨ ਸਿੰਘ**
ਸਕੱਤਰ
403-455-4220

**ਜੀਤ ਇੰਦਰਪਾਲ**
ਵਿੱਤ ਸਕੱਤਰ
403-248-5842

**ਗੁਰਬਚਨ ਬਰਾੜ**
403-470-2628

**ਕਮਲਪ੍ਰੀਤ ਪੰਧੇਰ**
ਔਡੀਟਰ
403-479-4220



**ਗੁਰਿੰਦਰਪਾਲ (ਟੋਨੂੰ) ਬਰਾੜ**
403-808-8400

**ਪ੍ਰੋ. ਗੋਪਾਲ ਸਿੰਘ**
ਡਾਇਰੈਕਟਰ
403-970-3588

ਭਰਪੂਰ ਹੁੰਗਾਰੇ ਦੀ ਆਸ ਨਾਲ ਐਗਜ਼ੈਕਟਿਵ ਕਮੇਟੀ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ (ਰਜਿ.) ਕੈਲਗਰੀ ਕੈਨੇਡਾ